ਏਸ਼ਿਆਡ





Sri Satguru Jagjit Singh Ji Elibrary NamdhariElibrary@gmail.com

ਮਾਸਕ **ਵਰਿਆਮ** ਦਸੰਬਰ-ਜਨਵਰੀ ੧੯੮੨-੮੩

ਜਿਲਦ ਨੰ: ੮ ਅੰਕ ਨੰ: ੨-੩

ਸੰਪਾਦਕ । ਜਗਦੀਸ਼ ਸਿੰਘ

ਮੁਲ ਪ੍ਰਤੀ ਕਾਪੀ । ੨.੦੦ ਰਪਿਆ
ਸਾਲਾਨਾ ਚੰਦਾ ਦੇਸ । ੨੦ ਰੁਪਏ
,, ,, ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ
,, ,, ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ । ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :	Office Address
ਮਾਸਕ ਵਰਿਆਮ,	Monthly WARIAM
ਲਾਡੋਵਾਲੀ ਰੋਡ	(Punjabi)
ਜਲੰਧਰ—੧੪੪੦੦੧,	Ladowali Road
ਫੋਨ : ੭੨੫੦੪ ਪੀ, ਪੀ	Jalandhar-144001
	Phone : 72504 PP

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

IATA

GOLDEN HOLIDAYS

To

Thailand, Malayasia, Singapore, Hongkong, Japan, Europe & U.S.A.

TRAVEL WITHOUT WORRY

TRAVEL THE KWICK WAY

We assist in Passports, Visas, Planning your itineraries Reservations, Air Tickets—International & Domestic, Hotels & Car Hire.

for all your Travel & Tour requirements

Contat :

Kwick TRAVELS PVT. LTD.
TRAVEL AGENTS & TOUR OPERATORS
2108, Desh Bandhu Gupta Road,
Karol Bagh, New Delhi-110005.
Phone : 562588, 569206, 579646, 579648
Cable : KWICKAIR.

Sri Satguru Jagjit Singh Ji Elibrary NamdhariElibrary@gmail.com

ਅਖੀਂ ਡਿੱਠਾ ਏਸ਼ੀਆਡ

—ਜਗਦੀਸ਼ ਸਿੰਘ—

੧੯ ਨਵੰਬਰ ਤੋਂ ੪ ਦਸੰਬਰ ਤੱਕ ਸਾਰੇ ਦੇਸ਼ ਵਿਚ ਏਸ਼ੀਆਡ ਦਾ 'ਬੁਖਾਰ'ਚੜ੍ਹਿਆ ਰਿਹਾ ਹੈ। ਦਿਲੀ ਦੇ ੧੭-੧੮ ਮੈਦਾਨਾਂ ਵਿਚ ਮਹਾ ਮੇਲਾ ਲਗਾ ਰਿਹਾ ਹੈ। ੩੩ ਦੇਸ਼ਾਂ ਦੇ ਜਵਾਨ ਮੁੰਡੇ ਕੁੜੀਆਂ ਖੇਡ ਕਰਤਬਾਂ ਵਿਚ ਜੁਝਦੇ ਰਹੇ ਹਨ। ਇਹ ਉਹਨਾਂ ਦੀ ਸਾਲਾਂ ਬੱਧੀ ਸਾਧਨਾ, ਘਾਲਣਾ ਤਪੱਸਿਆ ਅਤੇ ਮਿਹਨਤ ਦੇ ਮੁਲ ਪੁਆਉਣ ਦੇ ਦਿਨ ਸਨ। ਅਤੇ ਜਦੋਂ ਕੋਈ ਖਿਡਾਰੀ ਸਭ ਨੂੰ ਪਿਛਾੜ ਕੇ ਸੋਨੇ ਦਾ ਤਮਗਾ ਜਿਤਦਾ ਸੀ ਤਾਂ ਉਦੋਂ ਜਿਥੇ ਉਸਦੀ ਆਪਣੀ ਘਾਲਣਾ ਥਾਂਇ ਪੈਂਦੀ ਸੀ ਉਥੇ ਉਸਦੇ ਦੇਸ਼ ਦਾ ਝੰਡਾ ਵੀ ਲਹਿਰਾਇਆ ਜਾਂਦਾ ਸੀ। ਦੇਸ਼ ਦਾ ਕੌਮੀ ਤਰਾਣਾ ਵਜਾਇਆ ਜਾਂਦਾ ਸੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਹਾਜ਼ਰ ਦਰਸ਼ਕ ਸਤਿਕਾਰ ਵਿਚ ਖੜੇ ਹੋ ਜਾਂਦੇ ਸਨ। ਇਸ ਤਰਾਂ ਇਕ ਇਕਲਾ ਖਿਡਾਰੀ ਜਾਂ ਖਿਡਾਰਣ ਆਪਣੇ ਅਤੇ ਆਪਣੇ ਦੇਸ਼ ਵਾਸਤੇ ਉਹ ਮਾਣ, ਸਤਿਕਾਰ ਪ੍ਰਾਪਤ ਕਰਨ ਵਿਚ ਸਫਲ ਹੁੰਦਾ ਸੀ ਜੋ ਮੈਦਾਨੇ ਜੰਗ ਵਿਚੋਂ ਵੀ ਪ੍ਰਾਪਤ ਨਹੀਂ ਸੀ ਹੁੰਦਾ।

ਪਹਿਲੀ ਵਾਰ ਭਾਰਤ ਦੇ ਕਰੋੜਾਂ ਦਰਸ਼ਕਾਂ ਨੇ ਦੂਰ ਦੁਰਾਡੇ ਇਲਾਕਿਆ ਵਿਚੋਂ ਵੀ ਟੈਲੀਵੀਜ਼ਨ ਰਾਹੀਂ ਏਸ਼ੀਆ ਦੇ ਇਸ ਬੇਮਿਸਾਲ ਖੇਡ ਮੇਲੇ ਵਿਚ ਸ਼ਮੂਲੀਅਤ ਕੀਤੀ ਹੈ। ਇਸ ਦੇ ਹਰ ਛਿਣ, ਹਰ ਘਟਨਾ ਦਾ ਸੁਆਦ ਮਾਣਿਆ ਹੈ। ਏਸ਼ੀਅਨ ਖੇਡਾਂ ਦੇ ਇਤਿਹਾਸ ਵਿਚ ਦਿੱਲੀ ਵਿਚ ਹੋਣ ਵਾਲੇ ਇਹ ਮੁਕਾਬਲੇ ਇਕ ਮੀਲ ਪਥਰ ਹਨ। ਆਪਣੀ ਮਿਸਾਲ ਆਪ। ਜਿਨਾਂ ਦਰਸ਼ਕਾਂ ਨੇ ਅਗੇ ਵੀ ਏਸ਼ੀਅਨ ਖੇਡਾਂ ਦੇ ਨਜ਼ਾਰੇ ਮਾਣੇ ਹਨ ਉਹਨਾਂ ਦਾ ਕਥਨ ਹੈ ਕਿ ਦਿਲੀ ਵਿਚ ਹੋਈਆਂ ਨੌਵੀਆਂ ਏਸ਼ੀਆਈ ਖੇਡਾਂ ਵਰਗੀਆ ਪਹਿਲਾਂ ਕਦੇ ਨਹੀਂ ਹੋਈਆਂ। ਨਾ ਹੀ ਪਰਬੰਧ ਦੇ ਪਖੋਂ ਨਾ ਹੀ ਖਿਡਾਰੀਆਂ ਦੀ ਸ਼ਮੂਲੀਅਤ ਦੀ ਗਿਣਤੀ ਅਤੇ ਨਾ ਹੀ ਖੇਡਾਂ ਦੀ ਗਿਣਤੀ ਪਖੋਂ ਅਜਿਹਾ ਕਦੇ ਅਗੇ ਹੋਇਆ ਹੈ।

ਅਤੇ ਦਿਲੀ ਵਾਲਿਆਂ ਦੇ ਤਾਂ ਭਾਗ ਹੀ ਜਾਗ ਪਏ। ਦਿਲੀ ਏਡੀ ਸਾਫ ਸੁਥਰੀ, ਲਿਸ਼ਕਦੀ, ਰੰਗੀਨ ਅਤੇ ਹੁਸੀਨ ਅਗੇ ਕਦੇ ਨਹੀਂ ਸੀ ਲਗਦੀ। ਬਸਾਂ ਦਾ ਪਰਬੰਧ ਕਦੇ ਏਡਾ ਸਸਤਾ ਨਹੀਂ ਸੀ ਹੋਇਆ। ਨਵੀਆਂ ਨਕੋਰ ਬਸਾਂ ਹਰ ਮਿੰਟ ਸੇਵਾ ਵਿਚ ਹਾਜ਼ਰ ਸਨ ਸਾਰੇ ਦਿਨ ਦੋ ਰੁਪਿਆਂ ਵਿਚ। ਪਤਾ ਨਹੀਂ ਕਰਮਚਾਰੀਆਂ ਨੂੰ ਕੀ ਘੋਲ ਪਿਆਇਆ ਸੀ ਕਿ ਉਹ ਏਡੇ ਨਿਰਮਾਨ ਏਡੇ ਸਹਿਯੋਗੀ ਅਤੇ ਮਿਠਬੋਲੜੇ ਹੋ ਗਏ ਕਿ ਦਰਸ਼ਕ ਨੂੰ ਉਂਗਲੀ ਲਾ ਕੇ ਸਟੇਡੀਅਮ ਤੱਕ ਪਹੁੰਚਾ ਦਿੰਦੇ ਸਨ। ਹਰ ਗੱਲ ਹਰ ਪਰਬੰਧ ਏਡੀ ਬਾਰੀਕ-ਬੀਨੀ ਨਾਲ ਪੁਣ ਛਾਣ ਕੇ ਸੋਚ ਸਮਝ ਕੇ ਅਤੇ ਰੀਹਰਸਲ ਕਰ ਕੇ ਜੁਗਤਿਆ ਗਿਆ ਸੀ ਕਿ ਮੂਹੋਂ ਕਮਾਲ ਬਈ ਅਤੇ ਵਾਹ ਵਾਹ ਹੀ ਨਿਕਲਦਾ ਸੀ।

ਹਰ ਵਿਅਕਤੀ ਦੇ ਜੀਵਨ ਵਿਚ ਕੁਝ ਯਾਦਾਂ ਕੁਝ

Sri Satguru Jagjit Singh Ji Elibrary NamdhariElibrary@gmail.com

ਘਟਨਾਵਾਂ ਐਸੀਆਂ ਹੁੰਦੀਆਂ ਹਨ ਜੋ ਸਮਿਆਂ ਬਾਅਦ ਹੀ ਵਾਪਰਦੀਆਂ ਹਨ ਅਤੇ ਫੇਰ ਉਹ ਅਭੁਲ ਹੋ ਜਾਂਦੀਆਂ ਹਨ। ਹਨ। ਏਸ਼ੀਅਨ ਖੇਡਾਂ ਦਾ ਆਯੋਜਣ ਵੀ ਇਕ ਅਜਿਹਾ ਹੀ ਕਰਾਮਾਤੀ ਕ੍ਰਿਸ਼ਮਾ ਸੀ। ਇਹ ਅਨੰਦ ਅਤੇ ਹੁਲਾਸ ਦੇ ਉਹਨਾਂ ਦਿਨਾਂ ਵਿਚੋਂ ਸੀ ਜੋ ਯਾਦਗਾਰੀ ਹੁੰਦੇ ਹਨ ਭਾਗਾਂ ਨਾਲ ਹੀ ਨਸੀਬ ਹੁੰਦੇ ਹਨ।

ਪਿਛਲੇ ਅਗਸਤ ਨੂੰ ਠਾਕਰ ਉਦੇ ਸਿੰਘ ਜੀ ਦਿਲੀ ਵਿਚ ਮਿਲੇ ਤਾਂ ਮੈਂ ਕਿਹਾ ਸੀ ਕਿ ਸਾਡੇ ਵਾਸਤੇ ਏਸ਼ੀਆਡ ਵੇਖਣ ਦਾ ਪਰਬੰਧ ਆਪਨੇ ਹੀ ਕਰਨਾ ਹੈ ਤਾਂ ਉਹਨਾ ਉਤਰ ਦਿਤਾ ਸੀ ਜਤਨ ਤਾਂ ਕਰ ਰਹੇ ਹਾਂ। ਪਰ ਫੇਰ ਇਸ ਮਸਲੇ ਤੇ ਉਹਨਾਂ ਨਾਲ ਕੋਈ ਵੀ ਗੱਲ ਨਾ ਹੋਈ। ਏਸ਼ੀਅਨ ਖੇਡਾਂ ਦੀਆਂ ਟਿਕਟਾਂ ਲਈ ਕਿਵੇਂ ਲੋਕੀਂ ਟੁੱਟ ਕੇ ਪਏ ਅਤੇ ਕਿਵੇਂ ਵਿਕੀਆਂ ਇਹ ਸਭ ਨੂੰ ਪਤਾ ਹੈ। ਛੋਟ ਅਖਬਾਰਾਂ ਵਾਲਿਆਂ ਨੂੰ ਉਂਜ ਹੀ ਕੋਈ ਅਜਿਹੀ ਸਹੂਲਤ ਸਰਕਾਰ ਵਲੋਂ ਨਹੀਂ ਸੀ। ਅਤੇ ਜਦੋਂ ਅਕਾਲੀ ਦਲ ਵੀ ਏਸ਼ੀਆਡ ਵਿਚ ਕੁਦ ਪਿਆ ਤਾਂ ਅਕਾਲੀ-ਸਰਕਾਰ ਮੋਰ ਕਾਰਨ ਦਿਲੀ ਜਾਣ ਤੱਕ ਦਾ ਪ੍ਰੋਗਰਾਮ ਮੁੱਕ ਗਿਆ ਤੇ ਟੀ. ਵੀ. ਉੱਤੇ ਹੀ ਇਹਨਾਂ ਖੇਡਾਂ ਦੇ ਦਰਸ਼ਨ ਕਰਨ ਦਾ ਮਨ ਬਣਾ ਲਿਆ ਗਿਆ।

ਇਸ ਮੌਕੇ ਤੇ ਸੱਚੀ ਸਰਕਾਰ ਨੇ ਬਹੁੜੀ ਕੀਤੀ।

ਦਿਲੀ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਚ ੨੧ ਨਵੰਬਰ ਨੂੰ ਇਕ ਅਨੰਦ-ਕਾਰਜ ਸਮਾਗਮ ਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਥੇ ਕੁਝ ਦਿਨ ਰਹਿਣਾ ਸੀ। ਆਪ ਨੇ ਮੈਨੂੰ ਦਿਲੀ ਆਉਣ ਦਾ ਆਦੇਸ਼ ਦੇ ਦਿਤਾ। ਅਤੇ ਇਹ ਬਹਾਨਾ ਸੀ ਮੇਰਾ ਏਸ਼ੀਆਡ ਤੇ ਕੁਝ ਝਾਤ ਪਾਉਣ ਦਾ।

ਉਦਘਾਟਨ

੧੯ ਨਵੰਬਰ ਨੂੰ ਖੇਡਾਂ ਦਾ ਉਦਘਾਟਨੀ ਸਮਾਰੋਹ ਅਸੀਂ ਜਲੰਧਰ ਟੀ. ਵੀ. ਤੇ ਹੀ ਵੇਖਿਆ। ਖਿਆਲ ਸੀ ਕਿ ਇਸ ਦਾ ਸਟੇਡੀਅਮ ਵਿਚ ਜਾ ਕੇ ਵੇਖਣਾ ਅਸੰਭਵ ਹੈ। ਪਰ ਜੇ ਦਿਲੀ ਪੁਜ ਜਾਂਦੇ ਤਾਂ ਇਹ ਵੀ ਦੇਖਿਆ ਜਾਣਾ ਸੀ। ਇਹ ਸਭ ਲੋਕਾਂ ਨੇ ਦੇਖਿਆ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਨੈਸ਼ਨਲ ਸਟੇਡੀਅਮ ਵਿਚ ਸੂਰਜ ਦੀਆਂ ਕਿਰਨਾਂ ਦੁਆਰਾ ਜੋਤੀ ਜਗਾਉਣਾ ਅਤੇ ਫੇਰ ਉਸ ਜੋਤੀ ਮਿਸ਼ਾਲ ਨੂੰ ਵੱਡੇ ਅਤੇ ਨਵੇਂ ਬਣੇ ਸਟੇਡੀਅਮ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਲੈ ਜਾਣ ਲਈ ਐਥਲੀਟਾਂ ਦੇ ਹਵਾਲੇ ਕਰਨਾ ਦਿਖਾਇਆ ਗਿਆ ਸੀ।

ਨਵੀਂ ਦਿਲੀ ਦਾ ਨਵਾਂ ਬਣਿਆ ਵਿਸ਼ਾਲ ਜਵਾਹਰ ਲਾਲ ਸਟੇਡੀਅਮ ਖੱਚਾ ਖੱਚ ਭਰਿਆ ਹੋਇਆ ਸੀ। ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਾਜਿਆਂ ਗਾਜਿਆਂ ਦੀ ਧੂਮ ਧਾਮ ਵਿਚ ਠਾਠ ਬਾਠ ਨਾਲ ਪਹੁੰਚੇ। ਭਾਰਤ ਦਾ ਕੌਮੀ ਤਰਾਨੇ ਜਣ ਗਣ ਮਣ ਦੀ ਧੁਨ ਉਚੀ ਹੋਈ ਸਭ, ਲੋਕ ਖੜੇ ਹੋਏ। ਰਾਸ਼ਟਰਪਟੀ ਜੀ ਵਿਸ਼ੇਸ਼ ਸਥਾਨ ਤੇ ਸ਼ਸ਼ੋਭਿਤ ਹੋ ਗਏ। ਉਹਨਾਂ ਤੋਂ ਥੋੜਹੀ ਦੂਰ ਹੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਬੈਠੇ ਸਨ। ਦਰਸ਼ਕਾਂ ਵਿਚੋਂ ਕੁਝ ਜਾਣੇ ਪਹਿਚਾਣੇ ਚਿਹਰੇ ਦਿਸੇ। ਸੇਠ ਸ਼ੇਰ ਸਿੰਘ, ਸੁਰਿੰਦਰ ਸਿੰਘ, ਠਾਕਰ ਦਲੀਪ ਸਿੰਘ ਜੀ ਆਦਿ।

ਮਾਰਚ ਪਾਸਟ

ਨੌਵੀਆਂ ਏਸ਼ੀਆਈ ਖੇਡਾਂ ਵਿਚ ਭਾਗ ਲੈਣ ਲਈ ਆਈਆਂ ਵੱਖ ਵੱਖ ਮੁਲਕਾਂ ਦੀਆਂ ਟੀਮਾਂ ਦਾ ਮਾਰਚ ਸ਼ੁਰੂ ਹੋਇਆ। ਹਿੰਦੀ ਵਰਨਮਾਲਾ ਅਨੁਸਾਰ ਇਹ ਖਿਡਾਰੀ ਆਉਂਦੇ ਗਏ। ਅਗੇ ਇਕ ਲੜਕੀ ਉਸ ਦੇਸ਼ ਦਾ ਝੰਡਾ ਚੁਕ ਕੇ ਆਉਂਦੀ ਉਸ ਪਿਛੇ ਟੀਮ ਦਾ ਕੋਈ ਖਿਡਾਰੀ ਆਪਣੇ ਦੇਸ਼ ਦਾ ਝੰਡਾ ਚੁਕ ਕੇ ਆਉਂਦਾ ਤੇ ਫੇਰ ਖਿਡਾਰੀ ਅਪਣੇ ਅਪਣੇ ਦੇਸ਼ ਵਲੋਂ ਨਿਸਚਿਤ ਰੰਗ ਬਰੰਗੀ ਵੇਸ ਭੂਸ਼ਾ ਵਿਚ ਆਉਂਦੇ। ਈਰਾਨ ਦੀ ਟੀਮ ਦੇ ਅਗੇ ਲੜਕੀ ਦੀ ਬਜਾਏ ਇਕ ਲੜਕੇ ਨੇ ਨਾਮ-ਤਖਤੀ ਚੁੱਕੀ ਸੀ। ਉਹਨਾਂ ਇਸ ਗੱਲ ਵਾਸਤੇ ਆਪ ਕਿਹਾ ਸੀ ਪਰ ਉਹਨਾਂ ਦੀ ਦੂਸਰੀ ਬੇਨਤੀ ਕਿ ਉਹਨਾਂ ਨੂੰ ਇਰਾਕ ਤੋਂ ਪਹਿਲਾਂ ਮਾਰਚ ਪਾਸਟ ਵਿਚ ਥਾਂ ਦਿਤੀ ਜਾਵੇ ਨਹੀਂ ਸੀ ਮੰਨੀ ਗਈ। ਕਈ ਖਿਡਾਰੀ ਹੱਥ ਹਲਾਉਂਦੇ; ਕਈ ਹੈਟ ਲਾਹ ਕੇ ਹਿਲਾਉਂਦੇ। ਜਦੋਂ ਜਾਪਾਨ ਦੀ ਟੋਲੀ ਆਈ ਤਾਂ ਉਹਨਾਂ ਯਕ ਦੱਮ ਖੜੇ ਹੋ ਕੇ,ਸਜੇ ਮੁੜ, ਝੁਕ ਕੇ ਹੱਥ ਜੋੜ ਕੇ ਰਾਸ਼ਟਰਪਤੀ ਨੂੰ ਪ੍ਰਨਾਮ ਕੀਤੀ ਫਿਰ ਖਬੇ ਮੁੜ ਕੇ ਆਪਣੇ ਰਾਹ ਪਏ। ਇਸ ਗੱਲ ਨੇ ਤਾੜੀਆਂ ਦੀ ਇਕ ਵੱਡੀ ਗੜ ਗੜਾਹਟ ਪੈਦਾ ਕੀਤੀ। ਇਕ ਅਦਭੁਤ ਸਵਰਗੀ ਨਜ਼ਾਰਾ ਸੀ। ਸਭ ਤੋਂ ਅੰਤ ਤੇ ਭਾਰਤ ਦੀ ਟੋਲੀ ਆਈ ਜਿਸ ਦੀ ਅਗਵਾਈ ਪ੍ਰਸਿਧ ਸ਼ੂਟਰ ਮਹਾਰਾਜਾ ਕਰਨੀ ਸਿੰਘ ਆਫ ਬੀਕਾਨੇਰ ਕਰ ਰਹੇ ਸਨ। ਇਸ ਟੀਮ ਨੂੰ ਬਹੁਤ ਸਰਿਕਾਰ ਮਿਲਿਆ। ਇਹ ਸਾਰੇ ਖਿਡਾਰੀ, ਜਿਨ੍ਹਾਂ ਦੀ ਗਿਣਤੀ ਕੋਈ ਪੰਜ ਹਜ਼ਾਰ ਤੋਂ ਉਪਰ ਸੀ,

Sri Satguru Jagjit Singh Ji Elibrary NamdhariElibrary@gmail.com

ਕੇਂਦਰੀ ਮੈਦਾਨ ਵਿਚ ਵੱਖ ਵੱਖ ਟੋਲੀਆਂ ਵਿਚ ਇਕੱਠੇ ਹੋ ਗਏ । ਟੀਮਾਂ ਦਾ ਲਾਈਨ 'ਤੇ ਖਲੋਤੇ ਬੱਚਿਆਂ ਨੇ ਰੁਮਾਲ ਹਲਾ ਹਲਾ ਕੇ ਸੁਵਾਗਤ ਕੀਤਾ ।

ਇਸ ਤੋਂ ਬਾਅਦ ਨੌਵੀਆਂ ਏਸ਼ੀਆਈ ਖੇਡਾਂ ਦਾ ਝੰਡਾ ਮੈਦਾਨ ਵਿਚ ਲਿਆਂਦਾ ਜਾਂਦਾ ਹੈ । ਅਠਵੀਆਂ ਖੇਡਾਂ ੧੯੭੮ ਵਿਚ ਥਾਈਲੈਂਡ ਵਿਚ ਹੋਈਆਂ ਸਨ । ਅਠਵੀਆਂ ਖੇਡਾਂ ਦਾ ਝੰਡਾ ਬੈਂਕਾਕ ਦਾ ਮੇਅਰ ਲੈ ਕੇ ਆਉਂਦਾ ਹੈ । ਉਸ ਦੇ ਨਾਲ ਹੀ ਇਕ ਉਚਾ ਲੰਮਾ ਜਾਣਿਆ ਪਹਿਚਾਣਿਆ ਨਾਮਧਾਰੀ ਸਿੰਘ ਆਉਂਦਾ ਹੈ । ਇਹ ਥਾਈਲੈਂਡ ਦੀ ਨਾਮ-ਧਾਰੀ ਸੰਗਤ ਦਾ ਸਾਬਕਾ ਪ੍ਰਧਾਨ ਜਸਪਾਲ ਸਿੰਘ ਹੈ । ਲੋਕਾਂ ਨੂੰ ਇਹ ਭੁਲੇਖਾ ਪੈਂਦਾ ਹੈ ਕਿ ਜਸਪਾਲ ਸਿੰਘ ਹੀ ਮੇਅਰ ਹੈ । ਇਹ ਝੰਡਾ ਏਸ਼ੀਆਈ ਖੇਡ ਪ੍ਰੀਸੰਘ ਦੇ ਪ੍ਰਧਾਨ ਰਜਾ ਭਾਲਿੰਦਰ ਸਿੰਘ ਨੂੰ ਸੌਂਪਿਆ ਜਾਂਦਾ ਹੈ । ਇਕ ਵਿਸ਼ੇਸ਼ ਮੰਚ ਤੋਂ ਖੇਡਾਂ ਦੀ ਵਿਸ਼ੇਸ਼ ਆਯੋਜਨ ਸੰਮਤੀ ਦੇ ਪ੍ਰਧਾਨ, ਭਾਰਤ ਦੇ ਖੇਡ ਮੰਤਰੀ ਸ: ਬੂਟਾ ਸਿੰਘ ਸੰਖੇਪ ਅੰਗਰੇਜ਼ੀ ਦੇ ਫਿਕਰੇ ਵਿਚ ਏਸ਼ੀਅਨ ਖੇਡ ਪ੍ਰੀਸੰਘ ਦੇ ਪ੍ਰਧਾਨ ਰਾਜਾ ਭਾਲਿੰਦਰ ਸਿੰਘ ਨੂੰ ਪੇਸ਼ ਕਰਦੇ ਹਨ । ਰਾਜਾ ਭਾਲਿੰਦਰ ਸਿੰਘ ਸੰਖੇਪ ਸ਼ਬਦਾਂ ਵਿਚ ਆਏ ਲੋਕਾਂ ਦਾ ਸਵਾਗਤ ਕਰਦੇ ਹਨ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਖੇਡਾਂ ਸ਼ੁਰੂ ਕਰਨ ਦਾ ਐਲਾਨ ਕਰਨ ਲਈ ਬੇਨਤੀ ਕਰਦੇ ਹਨ । ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਕੇਵਲ ਇਕ ਅੰਗਰੇਜ਼ੀ ਦਾ ਫਿਕਰਾ ਬੋਲਦੇ ਹਨ "ਮੈਂ ਦਿਲੀ ਵਿਚ ਹੋਣ ਵਾਲੀਆਂ ਨੌਵੀਆਂ ਏਸ਼ੀਆਈ ਖੇਡਾਂ ਦੇ ਸ਼ੁਰੂ ਹੋਣ ਦਾ ਐਲਾਨ ਕਰਦਾ ਹਾਂ"

ਤਾਲੀਆਂ ਦੀ ਗੜਗੜਾਹਟ ਨਾਲ ਬੈਂਡ ਦੀਆਂ ਮੰਗਲਮਈ ਧੁਨਾਂ ਉਚੀਆਂ ਹੁੰਦੀਆਂ ਹਨ । ਏਸ਼ੀਆਈ ਖੇਡ ਝੰਡਾ ਹੌਲੀ ਹੌਲੀ ਆਪਣੇ ਸਥਾਨ ਤੇ ਉੱਚਾ ਹੁੰਦਾ ਹੈ । ਉਪਰੋਂ ਹੈਲੀਕਾਪਟਰ ਫੁਲਾਂ ਦੀ ਵਰਖਾ ਕਰਦਾ ਹੈ, ਤਿੰਨ ਤੋਪਾਂ ਦੀ ਸਲਾਮੀ ਦੀ ਗੂੰਜ ਉਠਦੀ ਹੈ । ੨੦੦੦ ਕਬੂਤਰ ਅਤੇ ੫੦੦੦ ਰੰਗ ਬਰੰਗੇ ਗੁਬਾਰੇ ਛੱਡੇ ਜਾਂਦੇ ਹਨ । ਗੁਬਾਰੇ ਉਡ ਜਾਂਦੇ ਹਨ ਕਬੂਤਰ ਹੈਰਾਨ ਹੋਏ ਮੁੜ ਆਲੇ ਦੁਆਲੇ ਵਲ ਚਲੇ ਜਾਂਦੇ ਹਨ ।

ਹੁਣ ਭਾਰਤ ਦਾ ਪ੍ਰਸਿਧ ਦੌੜਾਕ ੧੯੬੨ ਦਾ ੪੦੦ ਮੀਟਰ ਦਾ ਰਿਕਾਰਡ ਹੋਲਡਰ, ਉਡਣਾ ਸਿੱਖ, ਮਿਲਖਾ ਸਿੰਘ ਅਤੇ ੧੯੭੦ ਦੀਆਂ ਏਸ਼ੀਅਨ ਖੇਡਾਂ ਦੀ ੪੦੦ ਮੀਟਰ ਦੀ ਜੇਤੂ ਕਮਲਜੀਤ ਸੰਧੂ ਸਵੇਰੇ ਨੈਸ਼ਨਲ ਸਟੇਡੀਅਮ ਵਿਚ ਜਗਾਈ ਗਈ ਮਿਸ਼ਾਲ ਨੂੰ ਪ੍ਰਾਪਤ ਕਰਕੇ ਉਸ ਨੂੰ ਟਰੈਕ ਉਪਰ ਲੈ ਕੇ ਦੌੜਦੇ ਹਨ । ਮਿਲਖਾ ਸਿੰਘ ਦਾ ਭਰਪੂਰ ਸਵਾਗਤ ਹੁੰਦਾ ਹੈ ਉਹ ਅਗੋਂ ਹੱਥ ਹਿਲਾ ਹਿਲਾ ਕੇ ਸਵਾਗਤ ਸਵੀਕਾਰ ਕਰਦਾ ਹੈ । ਮਾਣ ਮਤੇ ਢੰਗ ਨਾਲ ਦੌੜਦੀ ਇਹ ਜੋੜੀ ਮਿਸ਼ਾਲ ਭਾਰਤ ਦੇ ਨਾਮਵਰ ਹਾਕੀ ਖਿਡਾਰੀ ਸ: ਬਲਬੀਰ ਸਿੰਘ ਅਤੇ ਡਿਆਨਾ ਸਈਮਜ਼ ਦੀ ਜੋੜੀ ਨੂੰ ਸੌਂਪ ਦਿੰਦੀ ਹੈ । ਉਹ ਜੋੜੀ ਕੁਝ ਥਾਂ ਦੌੜ ਕੇ ਵਿਸ਼ੇਸ਼ ਪੌੜੀਆਂ ਰਾਹੀਂ ਉਪਰ ਨੂੰ ਚੜਣਾ ਸ਼ੁਰੂ ਹੁੰਦੇ ਹਨ । ਬਲਬੀਰ ਸਿੰਘ ਲੰਮ ਸਲਮਾ ਅਤੇ ਡਿਆਨਾ ਛੋਟੀ ਪਰ ਮਿਸ਼ਾਲ ਸਾਂਝੀ ਫੜੀ ਹੈ । ਇਹ ਉਪਰ ਤੋਂ ਉਪਰ ਚੜ੍ਹਦੇ ਜਾਂਦੇ ਹਨ । ਏਡੇ ਉਪਰ ਕੇ ਦਿਸਣੋਂ ਹੱਟ ਜਾਂਦੇ ਹਨ । ਸਟੇਡੀਅਮ ਦੇ ਧੁਰ ਉਪਰ ਅਤੇ ਮੁਖ ਵੀ. ਆਈ. ਪੀ. ਕਖਸ਼ ਦੇ ਐਨ ਸਾਹਮਣੇ ਇਕ ਵਿਸ਼ਾਲ ਅਗਨ ਕੁੰਡ ਬਣਿਆ ਹੈ । ਉਥੇ ਜਾ ਕੇ ਉਸ ਮਿਸ਼ਾਲ ਨਾਲ ਇਹ ਕੁੰਡ ਨੂੰ ਪ੍ਰਵਜਲਤ ਕਰਦੇ ਹਨ । ਨੌਵੀਆਂ ਏਸ਼ੀਆਈ ਖੇਡਾਂ ਦੀ ਜੋਤੀ ਜਗ ਉਠਦੀ ਹੈ । ਕੁੰਡ ਦੇ ਥਲੇ ਅੰਗਰੇਜ਼ੀ ਅਖਰ ਜੇ. ਐਲ ਲਿਖੇ ਹਨ । ਭਾਵ 'ਜਵਾਹਰ ਲਾਲ', ਇਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਦੇ ਆਪਣੇ ਮੁਢਲੇ ਦਸਖਤਾਂ ਦਾ ਉਤਾਰਾ ਲਗਦੇ ਹਨ । ਇਹ ਸਟੇਡੀਅਮ ਜਵਾਹਰ ਲਾਲ ਨਹਿਰੂ ਦੀ ਯਾਦ ਨੂੰ ਸਮਰਪਤ ਉਹਨਾ ਦੇ ਨਾਮ ਤੇ ਹੀ ਬਣਾਇਆ ਗਿਆ ਹੈ ।

ਸਾਰਾ ਸਟੇਡੀਅਮ ਖੱਚਾ ਖੱਚ ਭਰਿਆ ਹੋਇਆ ਹੈ ਪਰ ਜੋਤੀ ਕੁੰਡ ਦੀਆਂ ਥਲੇ ਦੀਆਂ ਪੌੜੀਆਂ ਕੁਝ ਖਾਲੀ ਹਨ । ਇਥੇ ਬੈਂਡ ਵਾਲੇ ਜਾਂ ਸੰਗੀਤ ਵਾਲੇ ਵਿਸ਼ੇਸ਼ ਵਿਅਕਤੀ ਹੀ ਹਨ । ਇਥੋਂ ਹੀ ਏਸ਼ੀਆਈ ਖੇਡਾਂ ਦੇ ਸਵਾਗਤ ਵਿਚ ਕਲਾਕਾਰਾਂ ਦੁਆਰਾ ਗਾਏ ਗੀਤ ਦੀ ਧੁਨ ਉਚੀ ਹੁੰਦੀ ਹੈ । ਇਹ ਗੀਤ ਪ੍ਰਸਿਧ ਹਿੰਦੀ ਕਵੀ ਨਰਿੰਦਰ ਸ਼ਰਮਾ ਦਾ ਲਿਖਿਆ ਹੈ ਅਤੇ ਸੰਸਾਰ ਪ੍ਰਸਿਧ ਸੰਗੀਤਕਾਰ ਸਿਤਾਰਵਾਦਕ ਪੰਡਿਤ ਰਵੀ ਸ਼ੰਕਰ ਦੁਆਰਾ ਸੰਗੀਤਬੰਦ ਕੀਤਾ ਗਿਆ ਹੈ । ੨੦੦ ਦੇ ਲਗਪਗ ਪੁਰਸ਼-ਇਸਤਰੀ ਕਲਾਕਾਰਾਂ ਦੁਆਰਾ ਗਾਏ ਇਸ ਖੇਡ ਮੰਗਲ ਗੀਤ ਦੇ ਸ਼ਬਦ ਹਨ :

ਅਥ ਸਵਾਗਤਮ, ਸ਼ੁਭ ਸਵਾਗਤਮ
ਆਨੰਦ ਮੰਗਲ ਮੰਗਲਮ
ਨਿਤ ਪ੍ਰੀਯ ਭਾਰਤ ਭਾਰਤਮ
ਨਿਤ ਨਿਰੰਤਰਤਾ ਨਵਤਾ
ਮਾਨਵਤਾ : ਸਮਤਾ ਮਮਤਾ
ਸਾਰਥਿ ਸਾਥ ਮਨੋਰਮਕਾ
ਜੋ ਅਨਿਵਾਰ ਨਹੀਂ ਥਮਤਾ

Sri Satguru Jagjit Singh Ji Elibrary NamdhariElibrary@gmail.com

ਸੰਕਲਪ ਅਵਿਜਿਤ ਅਭਿਮਤਮ
ਆਨੰਦ ਮੰਗਲ ਮੰਗਲਮ
ਨਿਤ ਪ੍ਰੀਯ ਭਾਰਤ ਭਾਰਤਮ
ਕੁਸੁਮਿਤ ਨਈ ਕਾਮਨਾਏਂ
ਸੁਰਾਮਿਤ ਨਈ ਸਾਧਨਾਏਂ
ਮੈਤਰੀਮਤ ਕ੍ਰੀੜਾ ਢੰਗ ਮੇਂ
ਪ੍ਰਭੁਦਿਨ ਬੰਧੂ ਭਾਵਨਾਏਂ
ਸ਼ਾਸ਼ਵਤ ਸੁਵਿਕਸਿਤ ਇਤੀਸੁਭਮਮ

ਇਸ ਪਿਛੋਂ ਇਸਦਾ ਅੰਗਰੇਜ਼ੀ ਅਨੁਵਾਦ ਫਿਲਮ ਐਕਟਰ ਅਮਿਤਾਭ ਬਚਨ ਦੀ ਆਵਾਜ਼ ਵਿਚ ਸੁਣਾਈ ਦਿੰਦਾ ਹੈ ।

We welcome you all to these celebration in this ancient land of ours.

The human spirit soars in sport
Eternally to excel,
With pride the charioteer guides
Bringing out in each the best
We welcome you to these celebrations in this awakened land of ours

New desires bloom,
Ther's a fragrancc of new ulffilments
In arenas imprinted with frinedship
Fraternity finds fruition forever growing

We welcome you to these celebrations on this auspicious occasion.

To this ancient awakened land of ours.

ਮੰਗਲਮਈ ਗੀਤ ਦੇ ਨਾਲ ਨਾਲ ਹੀ ਸਜੇ ਹਾਥੀਆਂ ਦੀ ਇਕ ਲੰਮੀ ਲਾਈਨ ਮੈਦਾਨ ਵਿਚ ਦਾਖਲ ਹੁੰਦੀ ਹੈ । ਹਰ ਹਾਥੀ ਦਾ ਮਥਾ ਸੁਨਿਹਰੀ ਝਾਲਰ ਨਾਲ ਸ਼ਿੰਗਾਰਿਆ ਹੈ ਉਪਰ ਇਕ ਰਪਹਿਰੀ ਛਤਰੀ ਲੈ ਕੇ ਮਹਾਵਤ ਬੈਠਾ ਹੈ। ਬੜੀ ਮਸਤ ਚਾਲ ਵਿਚ ਹਾਥੀ ਮਿਸ਼ਾਲ ਵਾਲੇ ਪਾਸੇ ਖਿਡਾਰੀਆਂ ਤੋਂ ਪਿਛਲੇ ਪਾਸੇ ਲਾਈਨ ਬਣਾ ਕੇ ਖੜੇ ਹੋ ਜਾਂਦੇ ਹਨ। ਇਸੇ ਸਮੇਂ ਹੀ ਪਿਛਲੀਆਂ ੯ਵੀਆਂ ਏਸ਼ੀਆਈ ਖੇਡਾਂ (ਬੈਂਕਾਕ ੧੯੭੮) ਦੀ ੮੦੦ ਮੀਟਰ ਦੌੜ ਦੀ ਜੇਤੂ ਪ੍ਰਸਿਧ ਭਾਰਤੀ ਦੌੜਾਕ ਕੁਮਾਰੀ ਗੀਤਾ ਜੁਤਸ਼ੀ ਇਕ ਫੁਲਾਂ ਸਜੇ ਮੰਚ ਤੇ ਖੜੀ ਹੁੰਦੀ ਹੈ। ਇਕ ਅਧਿਕਾਰੀ ਦੇ ਹੱਥ ਵਿਚ ਫੜੇ ਭਾਰਤੀ ਤਿਰੰਗੇ ਝੰਡੇ ਦੀ ਇਕ ਕੰਨੀ ਆਪਣੇ ਹੱਥ ਵਿਚ ਫੜ ਕੇ ਉਹ ਸਾਰੇ ਖਿਡਾਰੀਆਂ ਵਲੋਂ ਸਹੁੰ ਚੁਕਦੀ ਹੈ ਕਿ ਉਹ ਖੇਡ ਨੂੰ ਖੇਡ ਦੀ ਭਾਵਨਾ ਨਾਲ ਖੇਡਣਗੇ। ਉਸਦੇ ਪਿਛਲੇ ਪਾਸੇ ਥੋੜਾ ਦੂਰ ਸਾਰੇ ਭਾਗ ਲੈਣ ਵਾਲੇ ਦੇਸ਼ਾਂ ਦੇ ਝੰਡੇ ਬਰਦਾਰ ਖੜੇ ਹਨ।

ਇਸ ਪਿਛੋਂ ਮੈਦਾਨ ਚੋਂ ਸਾਰੇ ਖਿਡਾਰੀ ਵਾਪਸ ਜਾ ਕੇ ਅਪਣੀਆਂ ਸੀਟਾਂ ਤੇ ਜਾ ਬੈਠਦੇ ਹਨ ਅਤੇ ਹੁਣ ਭਾਰਤ ਦੀ ਅਨੇਕਤਾ ਵਿਚ ਏਕਤਾ ਦਰਸਾਉਂਦਾ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਇਲਾਕਿਆਂ ਦੇ ਲੋਕ ਨਾਚਾਂ ਤੇ ਆਧਾਰਿਤ ਇਕ ਬਹੁਤ ਹੀ ਅਦਭੁਤ ਰੰਗਾ ਰੰਗ ਪ੍ਰੋਗਰਾਮ ਸ਼ੁਰੂ ਹੁੰਦਾ ਹੈ।

ਗੁਜਰਾਤ ਦਾ ਡੰਡੀਆਂ ਰਾਸ : ਡੰਡੇ ਫੜਕੇ ਨ੍ਰਿਤਕ ਤੇ ਨ੍ਰਿਤਕੀਆਂ ਨਚਦੀਆਂ ਭਗਵਾਨ ਕ੍ਰਿਸ਼ਨ ਦੀ ਰਾਸ ਲੀਲਾ ਨੂੰ ਰੂਪਮਾਨ ਕਰਦੇ ਹਨ।

ਇਸ ਬਾਅਦ ਉੜੀਸਾ ਦੇ ਨ੍ਰਿਤਕ ਘੂਮੜਾ ਨਾਚ ਕਰਦੇ ਹਨ। ਘੂਮੜਾ ਮਿਟੀ ਦਾ ਢੋਲ ਜੋ ਸੱਪ ਦੇ ਚਮੜੇ ਨਾਲ ਢਕਿਆ ਹੁੰਦਾ ਹੈ ਉਹ ਵਜਾਉਂਦੇ ਹਨ। ਨਾਚ ਦੀ ਪ੍ਰਿਸ਼ਠ ਭੂਮੀ ਲੰਕਾ ਪਤੀ ਰਾਵਨ ਨਾਲ ਜੋੜੀ ਜਾਂਦੀ ਹੈ।

ਇਸ ਪਿਛੋਂ ਰਾਜਸਥਾਨ ਦੇ ਲੋਕ ਪ੍ਰਿਅ ਨਾਚ ਡਾਂਡੀਆਂ ਗਾਇਰ ਅਤੇ ਘੂਮਰ ਨਾਚ ਦੇ ਨ੍ਰਿਤਕ ਆਉਂਦੇ ਹਨ। ਪਹਿਲਾ ਰਾਜਸਥਾਨ ਦੇ ਜੋਧਿਆਂ ਦਾ ਨਾਚ ਹੈ ਅਤੇ ਘੂਮਰ ਰਾਜਸਥਾਨੀ ਔਰਤਾਂ ਪਰੰਪਰਾਗਤ ਲਹਿਰੇਦਾਰ ਘਗਰੇ ਚੋਲੀ ਤੇ ਦੁਪਟੇ ਨਾਲ ਸੁਸਜਿਤ ਨਚਦੀਆਂ ਹਨ।

ਮਹਾਰਾਸ਼ਟਰ ਵਾਲੇ ਲੇਜ਼ੀਅਮ ਦੇ ਡੰਡਿਆਂ ਅਤੇ ਛਣਕਣਿਆਂ ਦੀ ਛਣਕਾਰ ਪੈਦਾ ਕਰਦੇ ਹਨ।

ਉਸ ਤੋਂ ਬਾਅਦ ਬਹੁਤ ਸਾਰੀਆਂ ਲੰਮੀਆਂ ਮਰਦੰਗਾਂ ਗਲਾਂ ਵਿਚ ਪਾਈ ਮਨੀਪੁਰੀਏ ਆਉਂਦੇ ਹਨ। ਮਰਦ ਮਰਦੰਗ ਵਜਾਉਂਦੇ ਤਾਂਡਵ ਨਚਦੇ ਹਨ ਅਤੇ ਔਰਤਾਂ ਰਾਸ ਪਾਉਂਦੀਆਂ ਹਨ। ਮੇਘਾਲਿਆ ਦਾ ਫਸਲ ਉਤਸਵ ਦਾ ਨਾਚ ਹੈ ਜਦ ਕਿ ਗੋਆ ਵਾਲੇ ਪੁਰਤਗਾਲੀ ਪ੍ਰਭਾਵ ਕਰਕੇ ਸ਼ੁਧ ਪਛਮੀ ਤਰਜ਼ਾਂ ਦੇ ਗੀਤ ਅਤੇ ਨਾਚ ਪੇਸ਼ ਕਰਦੇ ਹਨ ; ਮਧ ਪ੍ਰਦੇਸ਼ ਦਾ ਗੌਰ ਨਾਚ : ਇਹ ਬਸਤਰ ਦੇ ਕਬੀਲਿਆਂ ਦੇ ਨਾਚ ਦੀ ਅਕਾਸੀ ਕਰਦਾ ਹੈ।

ਇਸ ਪਿਛੋਂ ਇਕ ਹੋਰ ਪ੍ਰਭਾਵਸ਼ਾਲੀ ਨਾਚ ਦਿੱਲੀ ਦੇ

Sri Satguru Jagjit Singh Ji Elibrary NamdhariElibrary@gmail.com

ਸਕੂਲੀ ਬੱਚਿਆਂ ਵਲੋਂ ਪੇਸ਼ ਕੀਤਾ ਜਾਂਦਾ ਹੈ ਛਤਰੀਆਂ ਅਤੇ ਰੁਮਾਲਾਂ ਦੇ ਪ੍ਰਯੋਗ ਨਾਲ ਇਹ ਨਾਚ ਨਚਿਆ ਜਾਂਦਾ ਹੈ। ਕਦੀ ਛਤਰੀ ਘੁਮਾਉਂਦੇ ਕਦੀ ਬੰਦ ਕਰਦੇ ਉਪਰ ਰੰਗ ਹੋਰ ਅੰਦਰ ਹੋਰ ਇਸ ਤਰਾਂ ਪੰਡਿਤ ਰਵੀ ਸ਼ੰਕਰ ਦੇ ਸੰਗੀਤ ਦੀ ਸੰਗਤ ਨਾਲ ਇਹ ਵਿਸ਼ੇਸ਼ ਨਾਚ ਪ੍ਰਭਾਵ ਪਾਉਂਦਾ ਹੈ।

ਆਂਧਰਾ ਪ੍ਰਦੇਸ਼ ਦਾ ਲੰਬੜੀ ਨਾਚ ਉਥੋਂ ਦੀਆਂ ਖਾਨਾ ਬਦੋਸ਼ ਔਰਤਾਂ ਵਲੋਂ ਰੰਗਾਰੰਗ ਵੇਸ ਭੂਸ਼ਾ ਦੁਆਰਾ ਪੇਸ਼ ਕੀਤਾ ਗਿਆ। ਮਿਜ਼ੋਰਮ ਦੀ ਕੁੜੀਆਂ ਵਲੋਂ ਚਿਗੜ ਨਾਚ ਬਾਂਸਾ ਦੇ ਵਿਚ ਨੱਚ ਨੱਚ ਕੇ ਪੇਸ਼ ਕੀਤਾ ਗਿਆ।

ਉਤਰ ਪ੍ਰਦੇਸ਼ ਦਾ ਹੋਲੀ ਨਾਚ ਬਹੁਤ ਹੀ ਪ੍ਰਭਾਵਸ਼ਾਲੀ ਹੈ। ਅਨੇਕਾ ਕ੍ਰਿਸ਼ਨ ਤੇ ਗੋਪੀਆਂ ਰੰਗ ਬਰੰਗੀਆਂ ਪੋਸ਼ਾਕਾਂ ਪਾ ਕੇ ਹਥਾਂ ਵਿਚ ਗੁਲਾਲ ਤੇ ਰੰਗਾਂ ਦੀ ਫੁਹਾਰ ਪਾਉਂਦੇ ਨਚਦੇ ਹਨ ਬਹੁਤ ਹੀ ਆਕਰਸ਼ਕ ਅਤੇ ਪ੍ਰਭਸ਼ਾਲੀ ਦ੍ਰਿਸ਼ ਪੇਸ਼ ਕਰਦੇ ਹਨ। ਪਛਮੀ ਬੰਗਾਲ ਦਾ ਨਵਾਂ ਅੰਨ ਨਵੀਂ ਫਸਲ ਤੇ ਧਰਤੀ ਮਾਤਾ ਨੂੰ ਪ੍ਰਨਾਮ ਵਾਸਤੇ ਨਚਿਆ ਜਾਂਦਾ ਹੈ। ਹਰਿਆਣੇ ਦੇ ਘੂਮਰ ਨਾਚ ਤੋਂ ਬਾਅਦ ਸੈਂਕੜੇ ਢੋਲੀਆਂ ਦੇ ਡਗਿਆਂ ਦੀ ਗੂੰਜ ਨਾਲ ਪੰਜਾਬ ਦਾ ਭੰਗੜਾ ਨਾਚ ਸ਼ੁਰੂ ਹੁੰਦਾ ਹੈ। ਹਥਾਂ ਵਿਚ ਕਾਟੋ ਫੜੀ ਤੇ ਚਿਮਟੇ ਵਜਾਉਂਦੇ ਕਲਾਕਾਰ ਆਉਂਦੇ ਹਨ। ਸ਼ੁਰੂ ਵਿਚ ਬਲਦਾਂ ਅਤੇ ਕਿਸਾਨਾਂ ਨੂੰ ਰੂਪਮਾਨ ਕਰਦੇ ਦ੍ਰਿਸ਼ ਪੇਸ਼ ਹੁੰਦੇ ਹਨ ਅਤੇ ਫਿਰ ਵਿਸ਼ਾਲ ਮੈਦਾਨ ਵਿਚ ਖਿਲਰ ਕੇ ਭੰਗੜਾ ਪੇਸ਼ ਕਰਦੇ ਹਨ। ਭੰਗੜਾ ਭਾਵੇਂ ਕਲਾਮਈ ਢੰਗ ਨਾਲ ਨਚਿਆ ਜਾ ਰਿਹਾ ਹੈ ਲੋਕਾਂ ਦੇ ਦਿਲ ਨਾਲ ਧੜਕ ਰਹੇ ਹਨ ਪਰ ਪਤਾ ਨਹੀਂ ਅਜ ਕਲ ਭੰਗੜੇ ਵਾਲਿਆਂ ਘੁੰਗਰੂਆਂ ਨੂੰ ਕਿਉਂ ਤਲਾਂਜਲੀ ਦੇ ਦਿਤੀ ਹੈ। ਜੋ ਛਣਕਾਰ ਅਤੇ ਆਨੰਦ ਘੁੰਗਰੂ ਪੈਦਾ ਕਰਦੇ ਸਨ ਉਹ ਕਾਟੋ ਤੇ ਚਿਮਟੇ ਨਹੀਂ ਕਰ ਸਕਦੇ। ਢੋਲ ਤੇ ਘੁੰਗਰੂ ਛਣਕਦੇ ਹੋਣ ਤਾਂ ਬੁਢਿਆਂ ਦਾ ਦਿਲ ਵੀ ਨਚਣ ਨੂੰ ਕਰ ਆਉਂਦਾ ਹੈ। ਭੰਗੜੇ ਨੂੰ ਕਲਾਮਈ ਕਰਦਿਆਂ ਭੰਗੜੇ ਦੀ ਅਸਲ ਕਲਾ ਅਤੇ ਮਸਤੀ ਹੀ ਖਤਮ ਕਰ ਦਿਤੀ ਗਈ ਹੈ। ਗਾਇਕ ਦੀ ਆਵਾਜ਼ ਵਿਚ ਵੀ ਸੁਰ ਦੀ ਘਾਟ ਹੈ।

ਅੰਤ ਉਤੇ ਨੌਵੀਆਂ ਏਸ਼ੀਆਈ ਖੇਡਾਂ ਦਾ ਚਿਨ ਅਪੂ ਮੈਦਾਨ ਵਿਚ ਆਉਂਦਾ ਹੈ। ਇਹ ਫੁਲਾਂ ਨਾਲ ਬਣਾਇਆ ਗਿਆ ਅੱਪੂ ਇਕ ਹਾਥੀ ਦਾ ਬੱਚਾ ਹੈ। ਇਹ ਚਮਕਦੀਆਂ ਅੱਖਾਂ ਵਾਲਾ ਨੱਚਦਾ ਖੇਡਦਾ ਹਾਥੀ ਦੇ ਬੱਚੇ ਦਾ ਚਿਨ੍ਹ ਬਹੁਤ ਲੋਕ ਪ੍ਰਿਆ ਹੋ ਗਿਆ ਹੈ। ਇਹ ਵੱਡੇ ਗੁਬਾਰੇ ਨਾਲ ਉਡਦਾ ਹੋਇਆ ਸਟੇਡੀਅਮ ਦੇ ਉਤੇ ਮੰਡਲਾਉਂਦਾ ਵੀ ਦਿਸਦਾ ਹੈ। ਹਾਥੀ ਨੂੰ ਸਾਰੀ ਦੁਨੀਆ ਤੇ ਸ਼ਕਤੀ ਨਿਸ਼ਚਾ ਅਤੇ ਗਿਆਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਭਾਰਤ ਵਿਚ ਇਹ ਐਸ਼-ਵਰਜ ਅਤੇ ਚੰਗੇ ਭਾਗਾਂ ਦਾ ਪ੍ਰਤੀਕ ਹੈ। ਪ੍ਰਸਨ ਮੁਦਰਾ ਵਾਲਾ ਪਿਆਰਾ ਅਪੂ ਨੌਵੀਆਂ ਏਸੀਆਈ ਖੇਡਾਂ ਨੂੰ ਇਹ ਸਾਰੀਆਂ ਸਿਫਤਾਂ ਪ੍ਰਦਾਨ ਕਰਦਾ ਹੈ। ਏਸ਼ੀਆਈ ਖੇਡਾਂ ਦਾ ਪ੍ਰਤੀਕ ਚਮਕਦਾ ਹੋਇਆ ਸੂਰਜ ਉਸ ਦੇ ਮੱਥੇ ਤੇ ਬਿੰਦੀ ਵਾਂਗ ਲਗਾਇਆ ਹੋਇਆਂ ਹੈ।

ਫੁਲਾਂ ਦੇ ਬਣਾਏ ਹੋਏ ਅਪੂ ਨੂੰ ਅਥਲੀਟ ਅਤੇ ਖਿਲਾੜੀ ਮੈਦਾਨ ਵਿਚ ਖਿਚ ਕੇ ਲਿਆਉਂਦੇ ਹਨ। ਪੰਡਿਤ ਰਵੀ ਸ਼ੰਕਰ ਦੀ ਇਕ ਬਹੁਤ ਪਿਆਰੀ ਸ਼ਾਸਤਰੀ ਸੰਗੀਤ ਦੀ ਬੰਦਿਸ਼ ਤੇ ਫਿਰ ਗਾਇਨ ਹੁੰਦਾ ਹੈ। ਸੰਗੀਤ ਵਜਦਾ ਹੈ ਅਤੇ ਸਾਰੇ ਪ੍ਰਾਂਤਾਂ ਦੇ ਨ੍ਰਿਤਕ ਅਪਣੇ ਆਪਣੇ ਪ੍ਰਾਤ ਦਾ ਨਾਚ ਨਾਲੋ ਨਾਲ ਕਰ ਰਹੇ ਹਨ। ਇਹ ਸੈਂਕੜੇ ਕਲਾਕਾਰਾਂ ਦਾ ਸਾਂਝਾ ਨਾਚ ਹੈ ਪਰ ਸੁਭਾਅ ਅਪਣਾ ਅਪਣਾ ਹੈ।

ਸਮਾਰੋਹ ਚਰਮ ਸੀਮਾ ਤੇ ਪਹੁੰਚ ਚੁੱਕਾ ਹੈ।

ਹੁਣ ਭਾਰਤੀ ਰਾਸ਼ਟਰ ਗੀਤ ਜਨ-ਗਨ-ਮਨ ਵਾਸਤੇ ਸਭ ਖੜੇ ਹੁੰਦੇ ਹਨ ਅਤੇ ਰਾਸ਼ਟਰ ਗੀਤ ਨਾਲ ਉਦਘਾਟਨ ਸਮਾਰੋਹ ਦੀ ਸਮਾਪਤੀ ਹੁੰਦੀ ਹੈ। ਸਾਹਮਣੇ ਇਲੈਕਟ੍ਰੋਨਿਕ ਬੋਰਡ ਤੇ ਕਈ ਸੂਚਨਾਵਾਂ ਚਮਕਦੀਆਂ ਰਹੀਆਂ ਹਨ। ਹੁਣ ਅਪੂ ਦਾ ਨਿਸ਼ਾਨ ਬਣਿਆ ਹੋਇਆ ਹੈ।

ਏਸ਼ੀਆਈ ਖੇਡਾਂ ਦੀ ਸਫਲ ਸ਼ੁਰੂਆਤ ਸਾਰਿਆਂ ਦਿਲਾਂ ਤੇ ਡੂੰਘੀ ਛਾਪ ਛੱਡ ਜਾਂਦੀ ਹੈ ਅਤੇ ਖੇਡ ਸਮਾਗਮਾਂ ਦੀ ਸਫਲਤਾ ਬਾਰੇ ਸਭ ਸ਼ੱਕ ਸੁਭੇ ਮੇਟ ਦਿੰਦੀ ਹੈ।

ਦਿਲੀ ਵਿਚ ਮੈਂ ਸ: ਸ਼ੇਰ ਸਿੰਘ ਨੂੰ ਪੁਛਿਆ ਟੀ. ਵੀ. ਤੇ ਜ਼ਿਆਦਾ ਅਨੰਦ ਆਉਂਦਾ ਕਿ ਤੁਹਾਨੂੰ ਮੈਦਾਨ ਅੰਦਰ ਬੈਠਿਆਂ ਨੂੰ। ਉਹਨਾਂ ਕਿਹਾ ਅਸੀਂ ਬਾਰੀਕ ਗਲਾਂ ਨਹੀਂ ਵੇਖ ਸਕੇ ਭੀੜ ਜ਼ਿਆਦਾ ਸੀ ਪਰ ਆਪ ਬੈਠ ਕੇ ਵੇਖਣ ਦਾ ਅਨੰਦ ਹੀ ਵਖਰਾ ਸੀ। ਰਮੇਸ਼ ਨਗਰ ਗੁਰਦੀਪ ਸਿੰਘ ਨੇ ਨਵਾਂ ਰੰਗੀਨ ਟੀ. ਵੀ. ਲਿਆਂਦਾ ਸੀ ਕਹਿਣ ਲਗਾ ਜੋ ਅਨੰਦ ਇਸ ਤੇ ਆਇਆ ਤੁਸੀਂ ਅੰਦਾਜ਼ਾ ਹੀ ਨਹੀਂ ਕਰ ਸਕਦੇ।

Sri Satguru Jagjit Singh Ji Elibrary NamdhariElibrary@gmail.com

੨੦ ਤਾਰੀਖ ਨੂੰ ਫਲਾਈਂਗ ਮੇਲ ਅੰਬਾਲੇ ਤੋਂ ਅਗੇ ਇਕ ਸਟੇਸ਼ਨ ਤੇ ਰੁਕੀ। ਨਾਮ ਸ਼ਾਇਦ ਮੋਹਰੀ ਸੀ। ਹਰਿਆਣਾ ਦੇ ਮੰਤਰੀ ਨੇ ਇਸ ਵਾਰ ਇਕ ਨਿਰਾਲੇ ਢੰਗ ਨਾਲ ਅਕਾਲੀਆਂ ਦੀ ਮਦਦ ਕੀਤੀ। ਸਾਲਾਂ ਤੋਂ ਅਕਾਲੀ, ਸਿਖਾਂ ਨਾਲ ਵਿਤਕਰੇ ਦਾ ਨਾਅਰਾ ਲਾ ਰਹੇ ਹਨ। ਹੁਣ ਚੋਧਰੀ ਭਜਨ ਲਾਲ ਦੇ ਆਦੇਸ਼ ਤੇ ਜੋ ਗਡੀਆਂ ਬਸਾਂ ਕਾਰਾਂ ਦੀ ਚੈਕਿੰਗ ਹੁੰਦੀ ਸੀ ਉਸ ਨਾਲ ਅਕਾਲੀਆਂ ਦੇ ਨਾਅਰੇ ਦੀ ਪੁਸ਼ਟੀ ਹੁੰਦੀ ਸੀ ਗੱਡੀ ਰੁਕੀ ਤੇ ਪੁਲਿਸ ਵਾਲੇ ਆ ਗਏ ਪੁਛ ਗਿਛ ਲਈ।

ਸਰਦਾਰ ਜੀ ਕਿਥੋਂ ਆਏ ?

ਜਲੰਧਰੋਂ

ਕੀ ਕੰਮ ਕਰਦੇ ਹੋ ?

ਇਕ ਅਖਬਾਰ ਕਢਦਾ ਹਾਂ

ਕਿਹੜੀ ?

ਵਰਿਆਮ ! ਆ ਲਓ ਦਰਸ਼ਨ ਕਰ ਲਵੋ।

ਪੁਲਿਸ ਇੰਸਪੈਕਟਰ ਵਰਿਆਮ ਨੂੰ ਫਰੋਲ ਕੇ ਵਾਪਸ ਕਰਦਿਆਂ ਕਹਿਣ ਲਗਾ ਤਾਂ ਫੇਰ ਤੁਸੀਂ ਸਾਡੀ ਕਹਾਣੀ ਵੀ ਲਿਖੋਗੇ। ਮੈਂ ਕਿਹਾ ਤੁਹਾਡੀਆਂ ਕਹਾਣੀਆਂ ਤਾਂ ਅਗੇ ਹੀ ਬਹੁਤ ਛੱਪ ਚੁਕੀਆਂ ਨੇ। ਕਹਿਣ ਲਗਾ ਜੀ ਮਾਫ ਕਰਿਓ ਇਹ ਹੁਕਮ ਜੋ ਹੋਇਆ। ਇਕ ਵਾਰ ਫੇਰ ਚੈਕਿੰਗ ਹੋਈ ਅਟੈਚੀ ਕੇਸ ਫਰੋਲਿਆ ਗਿਆ ਤੇ ਰਸਮ ਪੂਰੀ ਹੋਈ।

੨੧ ਤਾਰੀਖ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਚ ਅਨੰਦ ਕਾਰਜ ਸਮਾਗਮ ਸੀ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਹਜ਼ੂਰੀ ਵਿਚ ਤੜਕੇ ਤੋਂ ਆਸਾ ਦੀ ਵਾਰ ਲੱਗੀ। ਲੜਕੇ ਲੜਕੀਆਂ ਦੇ ਅਨੰਦ ਕਾਰਜ ਹੋਏ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਬਚਿਆਂ ਨੇ ਰੌਚਕ ਪ੍ਰੋਗਰਾਮ ਪੇਸ਼ ਕੀਤਾ।

ਸ਼ਾਮ ਨੂੰ ਵੀ ਇਥੇ ਹੀ ਦੀਵਾਨ ਸੀ। ਸ. ਤੇਜਾ ਸਿੰਘ ਕੰਵਲ ਹੋਰਾਂ ਦੇ ਭਾਈ ਸਾਹਿਬ ਦੇ ਚੜਾਈ ਕਰ ਜਾਣ ਦਾ ਭੋਗ ਸੀ। ਇਸੇ ਤਰ੍ਹਾਂ ਇਹ ਦਿਨ ਆਪਣੇ ਮਿਤਰ ਸ. ਪ੍ਰੀਤਮ ਸਿੰਘ ਕਵੀ ਜੀ ਨਾਲ ਬੀਤਾਇਆ। ਅਜੇ ਏਸ਼ੀਆਡ ਦਾ ਚੇਤਾ ਨਹੀਂ ਸੀ।

ਏਸ਼ੀਆਡ ਵੇਖਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਪਰ ਦਿਲ ਵਿਚ ਜ਼ਰੂਰ ਸੀ ਕਿ ਜੇ ਕਿਸੇ ਤਰ੍ਹਾਂ ਵੀ ਮੌਕਾ ਮਿਲੇ ਤਾਂ ਇਕ ਅੱਧਾ ਮੈਚ ਜਾਂ ਅਥਲੇਟਿਕਸ ਦੀ ਈਵੈਂਟ ਦੇਖੀ ਜਾਏ। ਨਵਾਂ ਬਣਿਆ ਸਟੇਡੀਅਮ ਹੀ ਦੇਖ ਲਿਆ ਜਾਵੇ। ਬਹੁਤੇ ਲੋਕਾਂ ਦਾ ਵੀ ਇਹ ਹੀ ਚਾਅ ਬਣਿਆ ਹੋਇਆ ਸੀ।

ਏਸ਼ੀਅਨ ਖੇਡਾਂ ਸ਼ੁਰੂ ਹੋਈਆਂ ਨੂੰ ਦੋ ਦਿਨ ਹੋ ਚੁਕੇ ਸਨ ਅਤੇ ਘਰ ਘਰ ਟੈਲੀਵੀਜਨ ਦੁਆਰਾ ਲੋਕ ਵੇਖ ਰਹੇ ਸਨ ਅਤੇ ਦੋ ਦਿਨਾਂ ਵਿਚ ਹੀ ਜਿਹੜੀ ਖੇਡ ਨੇ ਸਭ ਨੂੰ ਮੋਹ ਲਿਆ ਸੀ, ਉਹ ਸੀ ਜਿਮਨਾਸਟਿਕ। ਸਰੀਰ ਨੂੰ ਤੋੜ ਮਰੋੜ ਕੇ ਬਾਜ਼ੀਆਂ ਪਾਉਣ ਦੇ ਕਰਤਬ ਅਗੇ ਜਾਂ ਤਾਂ ਸਰਕਸ ਵਿਚ ਹੀ ਲੋਕ ਵੇਖਦੇ ਸਨ ਜਾਂ ਫਿਰ ਮੰਗਣ ਵਾਲੇ ਬਾਜ਼ੀਗਰਾਂ ਨੂੰ ਲੋਕ ਦੇਖਦੇ ਸਨ ਪਰ ਇਕ ਨਿਯਮ ਬਧ ਖੇਡ ਦੇ ਰੂਪ ਵਿਚ ਪਹਿਲੀ ਵਾਰ ਲੋਕ ਦੇਖ ਰਹੇ ਸਨ। ਦੇਖ ਵੀ ਚੀਨ ਜਾਪਾਨ ਕੋਰੀਆ ਦੇ ਮੁੰਡੇ ਕੁੜੀਆਂ ਨੂੰ ਜਿਹੜੇ ਇਸ ਕੰਮ ਦੇ ਮਾਹਿਰ ਸਨ, ਰਬੜ ਵਰਗੇ ਸਰੀਰ ਬੱਚੇ ਤਾਂ ਬਿਸਤਰਿਆਂ ਤੇ ਹੀ ਬਾਜ਼ੀਆਂ ਪੌਣ ਲਗ ਗਏ ਸਨ।

ਖੇਡਾਂ ਤਾਂ ਦਿਲੀ ਦੇ ਸਤਾਰਾਂ ਸਥਾਨਾਂ ਤੇ ਹੋ ਰਹੀਆਂ ਸਨ ਅਤੇ ੨੧ ਖੇਡਾਂ ਦੇ ਕਈ ਕਈ ਮੁਕਾਬਲਿਆਂ ਵਾਸਤੇ ਜੋਰ ਲੱਗ ਰਿਹਾ ਸੀ। ਇਡੇ ਵੱਡੇ ਪ੍ਰਯੋਜਨ ਨੂੰ ਕੋਈ ਪੂਰੇ ਦਾ ਪੂਰਾ ਕਿਵੇਂ ਵੇਖ ਸਕਦਾ ਸੀ। ਫੇਰ ਦਿਲੀ ਵਿਚ ਬਗੈਰ ਆਪਣੀ ਸਵਾਰੀ ਦੇ, ਬਗੈਰ ਟਿਕਟਾਂ ਦੇ ਕਿਵੇਂ ਸੋਚਿਆ ਜਾ ਸਕਦਾ ਸੀ। ਇਸ ਵਾਸਤੇ ਬਹੁਤਿਆਂ ਨੇ ਟੈਲੀਵੀਜਨ ਤੇ ਹੀ ਖੇਡਾਂ ਦਾ ਅਨੰਦ ਮਾਣਿਆ। ਟੈਲੀਵੀਜਨ ਵੇਖਣ ਵਾਲੇ ਕਹਿੰਦੇ ਹਨ ਕਿ ਜੋ ਅਨੰਦ ਟੀ. ਵੀ ਤੇ ਦੇਖਣ ਦਾ ਆਉਂਦਾ ਹੈ ਉਹ ਸਾਹਮਣੇ ਬੈਠਿਆਂ ਨਹੀਂ ਆਉਂਦਾ। ਪਰ ਸਟੇਡੀਅਮ ਵਿਚ ਵੇਖਣ ਦਾ ਆਪਣਾ ਅਨੁਭਵ ?

ਏਡੀਆਂ ਵਿਸ਼ਾਲ ਪਧਰ ਦੀਆਂ ਸਾਰੀਆਂ ਖੇਡਾਂ ਤਾਂ ਨਹੀਂ ਵੇਖੀਆਂ ਗਈਆਂ ਪਰ ਅਨੁਭਵ ਬਹੁਤ ਵੱਖ ਵੱਖ ਤਰਾਂ ਦੇ ਪ੍ਰਾਪਤ ਹੋ ਸਕੇ ਹਨ। ਆਪਣੀ ਪਹਿਲੀ ਸੋਚ ਅਤੇ ਆਸ ਤੋਂ ਉਲਟ ਕਾਫੀ ਕੁਝ ਵੇਖਿਆ ਪਛਾਣਿਆ ਗਿਆ। ਮੇਰਾ ਜਿਸਦਾ ਦੋ ਤਿੰਨ ਦਿਨ ਵਿਚ ਵਾਪਸ ਆਉਣ ਦਾ ਪ੍ਰੋਗਰਾਮ ਵੀ ਉਹ ਪੂਰੇ ਏਸੀਆਡ ਤਕ ਫੈਲ ਗਿਆ।

ਕ੍ਰਿਪਾ ਸਤਿਗੁਰਾਂ ਦੀ ਇਹਨਾਂ ਦਿਨਾਂ ਵਿਚ ਜਿਥੇ ਵੱਖ ਵੱਖ ਖੇਡਾਂ ਦੇ ਮੁਕਾਬਲੇ ਦੇਖੇ ਉਥੇ ਵੱਖ ਵੱਖ ਥਾਵਾਂ ਦਾ ਅਨੁਭਵ ਵੀ ਹੋਇਆ। ਵੀ. ਆਈ. ਪੀ ਕਖਸ਼, ਵਿਸ਼ੇਸ਼ ਪਰਾਹੁਣਿਆਂ ਅਤੇ ਵੱਖ ਵੱਖ ਤਰਾਂ ਦੀਆਂ ਸਸਤੀਆਂ ਮਹਿੰਗੀਆਂ ਟਿਕਟਾਂ ਵਾਲੇ ਅਸਥਾਨਾਂ ਤੇ ਬੈਠ ਕੇ ਹਰ ਵਰਗ ਦੇ ਲੋਕਾਂ ਨਾਲ ਮਿਲਣ ਬੈਠਣ ਦਾ ਮੌਕਾ ਮਿਲ ਗਿਆ

Sri Satguru Jagjit Singh Ji Elibrary NamdhariElibrary@gmail.com

ਭਾਵੇਂ ਸਾਰੇ ਪਸਾਰੇ ਦੇ ਮੁਕਾਬਲੇ ਇਹ ਬਹੁਤ ਥੋੜ੍ਹੀ ਗੱਲ ਸੀ ਪਰ ਫਿਰ ਵੀ ਦਾਲ ਵਿਚੋਂ ਦਾਣਾ ਤਾਂ ਟੋਹਿਆ ਹੀ ਗਿਆ। ਸਾਰੀਆਂ ਗਲਾਂ ਨੂੰ ਛਾਂਟ ਕੇ ਹੁਣ ਸੰਖੇਪ ਵਿਚ ਗਲ ਕਰਦੇ ਹਾਂ।

ਸਭ ਤੋਂ ਪਹਿਲਾਂ ਜਿਨਾਂ ਸਜਣਾਂ ਨੇ ਮੇਰਾ ਏਸ਼ੀਆਡ ਵੇਖਣ ਦਾ ਪਰਬੰਧ ਕੀਤਾ ਉਹਨਾਂ ਦਾ ਧਨਵਾਦ ਕਰਨਾ ਬਣਦਾ ਹੈ। ਠਾਕਰ ਦਲੀਪ ਸਿੰਘ ਜੀ ਅਤੇ ਠਾਕਰ ਉਦੈ ਸਿੰਘ ਜੀ ਦੀ ਅਗਵਾਈ ਵਿਚ ਨਾਮਧਾਰੀ ਹਾਕੀ ਖਿਡਾਰੀ, ਅਥਲੀਟ ਅਤੇ ਪਹਿਲਵਾਨਾਂ ਦੀ ਇਕ ਵਡੀ ਟੀਮ ਇਹ ਮੇਲਾ ਵੇਖਣ ਗਈ ਸੀ। ਬੜੀ ਦੌੜ ਭਜ ਕਰ ਕੇ ਟਿਕਟਾਂ ਦਾ ਪਰਬੰਧ ਕੀਤਾ ਗਿਆ ਸੀ ਅਤੇ ਕੁਝ ਪਾਸ ਠਾਕਰ ਜੀ ਕੋਲ ਵਿਸ਼ੇਸ਼ ਵੀ ਸਨ। ਠਾਕਰ ਜੀ ਨੇ ਮੈਨੂੰ ਬਹੁਤ ਨਿਵਾਜਿਆ। ਮੇਰੀ ਮਰਜ਼ੀ ਦੀ ਟਿਕਟ ਜਾ ਪਾਸ ਦਾ ਪਰਬੰਧ ਤਾ ਕੀਤਾ ਹੀ ਨਾਲ ਨਾਲ ਕਾਰ ਦੀ ਸਹੂਲਤ ਵੀ ਜਦੋਂ ਪਈ ਦਿਤੀ। ਨਾਮਧਾਰੀ ਟੀਮ ਦੇ ਇੰਚਾਰਜ ਸ. ਗੁਰਮੁਖ ਸਿੰਘ ਰਹਿਬਰ ਆਪਣੀ ਰਵਾਇਤੀ ਮੁਸਕਾਨ ਨਾਲ ਅਤੇ ਧੀਰਜ ਵਾਲੇ ਸੁਭਾਅ ਨਾਲ ਹਰ ਪ੍ਰਕਾਰ ਦੀ ਸਹੂਲਤ ਲਈ ਤਿਆਰ ਸਨ ਅਤੇ ਕਈ ਵਾਰ ਆਪਣੀ ਟੀਮ ਦੇ ਮੁੰਡਿਆਂ ਦਾ ਨੰਬਰ ਕੱਟ ਕੇ ਵੀ ਸਾਨੂੰ ਟਿਕਟਾਂ ਦਿੰਦੇ ਰਹੇ ਸਾਡੇ ਮਿਤਰ ਸ. ਹਰਵਿੰਦਰ ਸਿੰਘ ਹੰਸਪਾਲ ਜੀ ਮੈਂਬਰ ਰਾਜ ਸਭਾ ਨੇ ਬਹੁਤ ਜਤਨ ਕਰਕੇ ਸਮੁੱਚੇ ਪਰਬੰਧ ਲਈ ਲਈ ਸਹੂਲਤਾਂ ਪੈਦਾ ਕੀਤੀਆਂ ਅਤੇ ਸਾਡੇ ਵਾਸਤੇ ਟਿਕਟਾਂ ਪਾਸਾਂ ਦਾ ਪਰਬੰਧ ਕੀਤਾ। ਸ: ਗੁਰਦੀਪ ਸਿੰਘ ਢੋਡਾ ਵਲੋਂ ਵੀ ਕਦੀ ਕਦੀ ਟਿਕਟ ਅਤੇ ਹਰ ਸਮੇਂ ਕਾਰ ਦੀ ਸਹੂਲਤ ਉਪਲਬਧ ਰਹੀ।

ਨੈਸ਼ਨਲ ਸਟੇਡੀਅਮ ਹਾਕੀ ਮੈਚ

ਏਸ਼ੀਆਈ ਖੇਡਾਂ ਵਿਚ ਸਭ ਤੋਂ ਪਹਿਲਾਂ ਅਸੀਂ ਹਾਕੀ ਦਾ ਮੈਚ ਵੇਖਿਆ। ੨੨ ਨਵੰਬਰ ਨੂੰ ਖਚਾਖੱਚ ਭਰੇ ਨੈਸ਼ਨਲ ਸਟੇਡੀਅਮ ਵਿਚ ਪਾਕਿਸਤਾਨ ਅਤੇ ਦਖਣੀ ਕੋਰੀਆ ਦਾ ਮੈਚ ਅਤੇ ਭਾਰਤ-ਮਲਾਇਸ਼ੀਆ ਮੈਚ ਦੇਖਿਆ। ਨੈਸ਼ਨਲਸਟੇਡੀਅਮ ਪਹਿਲੀਆਂ ਏਸ਼ੀਅਨ ਖੇਡਾਂ ੧੯੫੧ ਦਾ ਮੁਖ ਮੁਕਾਬਲਾ ਮੈਦਾਨ ਸੀ ਪਰ ਹੁਣ ਇਹ ਹਾਕੀ ਵਾਸਤ ਰਾਖਵਾਂ ਸੀ। ਇਥੇ ਹੀ ਭਾਰਤ ਦੀ ਪਹਿਲੀ ਮਸਨੂਈ ਗਰਾਊਂਡ 'ਐਸਟਰੋ ਟਰਫ' ਵਛਾਈ ਗਈ ਹੈ। ਇਹ ਨਕਲੀ ਘਾਹ ਵਾਲੀ ਗਰਾਊਂਡ ਬਹੁਤ ਪਧਰੀ ਅਤੇ ਖੂਬਸੂਰਤ ਦਿਸਦੀ ਸੀ। ਲੰਮੇਵਾਰ ਅੱਧ ਵਿਚੋਂ ਉੱਚੀ ਸੀ। ਇਹ ਇਸ ਵਾਸਤੇ ਕਿ ਪਾਣੀ ਰੁੜ ਜਾਵੇ। ਇਸ ਸਾਰੀ ਗਰਾਊਂਡ ਥਲੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਹੁੰਦਾ ਹੈ। ਇਸ ਨੂੰ ਖੇਡ ਦੌਰਾਨ ਪਾਣੀ ਦੀ ਲੋੜ ਵੀ ਹੁੰਦੀ ਹੈ। ਅਤੇ ਜੇ ਮੀਂਹ ਪੈ ਜਾਵੇ ਤਾ ਵੀ ਬਿਲਕੁਲ ਚਿਕੜ ਨਹੀਂ ਹੁੰਦਾ।

ਖੇਡ ਦੇ ਅੱਧ ਸਮੇਂ ਵਿਚ ਦੋਹਾਂ ਪਾਸਿਆਂ ਤੋਂ ਵਡੇ ਵੱਡੇ ਪਾਈਪ ਪਾਣੀ ਦੇ ਅੰਦਰ ਆਉਂਦੇ ਅਤੇ ਭੰਬੀਰੀ ਦਾਰ ਫੁਹਾਰੇ ਛੁਟ ਕੇ ਪਾਣੀ ਮੈਦਾਨ ਤੇ ਤਰੌਂਕਿਆ ਜਾਂਦਾ। ਦਰਸ਼ਕਾਂ ਦਾ ਮਨੋਰੰਜਨ ਹੋ ਜਾਂਦਾ। ਜੇ ਮੈਚ ਵੇਖਣ ਦਾ ਸੁਆਦ ਨਹੀਂ ਆਇਆ ਤਾਂ ਪਾਣੀ ਦੇ ਫੁਹਾਰੇ ਨੂੰ ਵੇਖੋ। ਪਾਕਿਸਤਾਨ ਨੇ ਤਾਂ ਕੋਰੀਆ ਨੂੰ ਆਸਾਨੀ ਨਾਲ ਦਸ ਗੋਲ ਦੇ ਦਿਤੇ। ਆਪਣੀ ਮਰਜ਼ੀ ਨਾਲ ਜਾਂਦੇ ਗੋਲ ਕਰ ਆਉਂਦੇ। ਭਾਰਤ ਮਲੇਸ਼ੀਆ ਨੂੰ ਹਮੇਸ਼ਾ ਜਿਤਿਆ ਹੈ ਪਰ ਏਸ਼ੀਆਈ ਖੇਡਾਂ ਵਿਚ ਜੇ ਕਿਸੇ ਟੀਮ ਕੋਲੋਂ ਭਾਰਤ ਨੂੰ ਖਤਰਾ ਹੁੰਦਾ ਹੈ ਤਾਂ ਉਹ ਮਲੇਸ਼ੀਆ ਦੀ ਹੀ ਟੀਮ ਵੀ ਹੁੰਦੀ ਹੈ। ੧੯੭੫ ਦੇ ਕੁਆਲਾਲੰਪੁਰ ਵਿਚ ਹੋਏ ਸੰਸਾਰ ਕੱਪ ਦੇ ਹਾਕੀ ਸੈਮੀਫਾਈ-ਨਲ ਵਿਚ ਤਾਂ ਮਲਾਏਸ਼ੀਆ ਭਾਰਤ ਨੂੰ ਲਗਭਗ ਹਰਾ ਹੀ ਚਲਿਆ ਸੀ। ਹੁਣ ਦੀਆ ਖੇਡਾਂ ਵਿਚ ਪੂਲ ਬੀ ਮਲਾਏਸ਼ੀਆ ਨਾਲ ਮੈਚ ਹੀ ਕੁਝ ਆਕਰਸ਼ਣ ਰਖਦਾ ਸੀ। ਭਾਰਤ ਨੇ ਇਹ ਮੈਚ ੫-੧ ਦੇ ਫਰਕ ਨਾਲ ਜਿਤਿਆ।

ਭਾਰਤੀ ਖਿਲਾੜੀ ਪੂਰੇ ਤਾਲ ਮੇਲ ਨਾਲ ਕਲਾਮਈ ਹਾਕੀ ਖੇਡ ਰਹੇ ਸਨ ਜੋ ਦੇਖਣ ਨੂੰ ਬਹੁਤ ਵਧੀਆ ਅਤੇ ਅਨੰਦਦਾਇਕ ਲਗਦੀ। ਪਰ ਪਾਕਿਸਤਾਨੀ ਟੀਮ ਦੀ ਇਕ ਵਿਸ਼ੇਸ਼ਤਾ ਸੀ ਕਿ ਉਹ ਗੋਲ ਕਰਨ ਵਿਚ ਬਹੁਤ ਮਾਹਰ ਸੀ। ਮੌਕਾ ਲਗੇ ਉਹ ਏਨੇ ਖਤਰਨਕ ਹੁੰਦੇ ਕਿ ਜਦੋਂ ਜਾਂਦੇ ਗੋਲ ਜਰੂਰ ਕਰ ਆਉਂਦੇ। ਇਕ ਬੋਰਡ ਤੇ ਦੋਹਾਂ ਟੀਮਾਂ ਦੇ ਖਿਡਾਰੀਆਂ ਦੇ ਨਾਮ ਅਤੇ ਕਮੀਜ਼ ਨੰਬਰ ਲਿਖਿਆ ਹੁੰਦਾ। ਦੋ ਇਲੈਕਟ੍ਰਾਨਿਕ ਘੜੀਆਂ ਲਗੀਆਂ ਸਨ ਜਿਨਾਂ ਤੋਂ ਪਤਾ ਲਗਦਾ ਕਿੰਨਾ ਵਕਤ ਖੇਡਦਿਆਂ ਹੋ ਗਿਆ ਹੈ ਅਤੇ ਕਿੰਨਾ ਕੁ ਬਾਕੀ ਹੈ। ਨਾਲ ਹੀ ਲਿਖਿਆ ਹੁੰਦਾ ਕਿ ਕਿਹੜੀ ਟੀਮ ਨੇ ਕਿਨੇ ਗੋਲ ਕੀਤੇ ਹਨ। ਜਦੋਂ ਗੋਲ ਹੁੰਦਾ ਤਾਂ ਝਟ ਪਟ ਸਕੋਰ ਬੋਰਡ ਤੇ ਗੋਲ ਕਰਨ ਵਾਲੇ ਦਾ ਨਾਮ ਅਤੇ ਸਕੋਰ ਜਗਮਗਾ ਉੱਠਦਾ। ਅਸੀਂ ਇਹ ਖੇਡ ਆਪ ਦਰਸ਼ਕਾਂ ਵਿਚ ਬੈਠ ਕੇ ਦੇਖੀ। ਬਾਹਰੋਂ ਕੋਈ ਕਾਗਜ਼ ਪੁਸਤਕ ਅਖਬਾਰ

Sri Satguru Jagjit Singh Ji Elibrary NamdhariElibrary@gmail.com

ਅੰਦਰ ਜਾਣ ਨਹੀਂ ਸੀ ਦਿਤਾ ਜਾਂਦਾ। ਥਲੇ ਸੀਮੈਂਟ ਠੰਡਾ ਲਗਦਾ ਸੀ। ਤੀਲਾਂ ਵਾਲੀ ਡੱਬੀ ਵੀ ਅੰਦਰ ਲੈ ਜਾਣ ਦੀ ਮਨਾਹੀ ਸੀ ਪਰ ਲਾਈਟਰਾਂ ਨਾਲ ਸਿਗਰਟਾਂ ਤੇ ਸਿਗਰਟਾਂ ਲੋਕ ਫੂਕ ਰਹੇ ਸਨ। ਸਿਖਾਂ ਦੀ ਕ੍ਰਿਪਾਨ ਦੀ ਵੀ ਆਗਿਆ ਨਹੀਂ ਸੀ। ਚਠਾ ਇਕ ਸਿਖ ਦਾ ਵਾਰਤਾਲਾਪ ਸੁਣੋ।

'ਹਮੇਂ ਤੋਂ ਕਿਰਪਾਨ ਲਾਣੇ ਕੀ ਇਜਾਜ਼ਤ ਨਹੀਂ। ਆਪ ਕੋ ਸਿਗਰਟ ਕੀ ਇਜਾਜ਼ਤ ਦੇ ਦੀ। ਯਹ ਕਮਾਲ ਹੈ'

"ਸਰਦਾਰ ਜੀ ਕਿਰਪਾਨ ਔਰ ਸਿਗਰਟ ਕਾ ਕਿਆ ਸੰਬੰਧ ਹੈ।"

"ਅਰੇ ਸਬੰਧ ਤੋਂ ਇਤਨਾ ਹੀ ਹੈ ਕਿ ਕਿਰਪਾਨ ਸੇ ਆਪ ਕੋ ਮਨ੍ਹਾ ਕਰਤੇ" ਸਭ ਪਾਸੇ ਹਾਸਾ ਮੱਚ ਗਿਆ।

ਗੇਟ ਦੇ ਬਾਹਰ ਹੀ ਸਕਿਉਰਟੀ ਵਾਲੇ ਦੋ ਤਿੰਨ ਥਾਈਂ ਖੜ੍ਹੇ ਹੁੰਦੇ। ਕਿਤੇ ਮਿਲਟਰੀ ਕਿਤੇ ਬੀ. ਐਸ. ਐਫ. ਅਤੇ ਕਿਤੇ ਦਿਲੀ ਪੁਲੀਸ। ਉਹ ਜੇਬਾਂ ਟੋਹ ਕੇ ਵੇਖਦੇ ਅਗੋਂ ਉਹਨਾਂ ਨੂੰ ਤਰ੍ਹਾਂ ਤਰ੍ਹਾਂ ਦੇ ਮਜ਼ਾਕ ਹੁੰਦੇ। ਵਿਚਾਰੇ ਇਹ ਕਹਿੰਦੇ ਸਰਦਾਰ ਜੀ ਕਿਆ ਕਰੇਂ ਹਮੇਂ ਉਪਰ ਸੇ ਹੁਕਮ ਹੈ।

ਪਰ ਕਮਾਲ ਦੀ ਗੱਲ ਇਹ ਸੀ ਕਿ ਹਰ ਸਟੇਡੀਅਮ ਵਿਚ ਬਾਵਜੂਦ ਏਡੀ ਚੈਕਿੰਗ ਦੇ ਕਈ ਖੇਡ ਪ੍ਰੇਮੀ ਸਿਰ ਤਲੀ ਤੇ ਧਰ ਕੇ ਜਾਂਦੇ ਅਤੇ ਬਗੈਰ ਟਿਕਟ ਤੋਂ ਹੀ ਅੰਦਰ ਜਾ ਕੇ ਮੈਚ ਵੇਖ ਆਉਂਦੇ। ਉਹ ਕਿਵੇਂ ? ਇਹ ਗਲ ... .।

ਮਲਾਏਸ਼ੀਆ ਦਾ ਮੈਚ ਵੇਖਣ ਬਾਅਦ ਹਾਕੀ ਮੈਚਾਂ ਦਾ ਚਾਓ ਨਹੀਂ ਸੀ ਰਿਹਾ। ਹੋਰਨਾਂ ਮੈਚਾਂ ਵਾਸਤੇ ਟਿਕਟਾਂ ਵੀ ਮੌਕੇ ਤੇ ਲੋਕਾਂ ਪਾਸੋਂ ਮਿਲ ਜਾਂਦੀਆਂ ਸਨ। ਇਕ ਦੋ ਮੈਚ ਹੋਰ ਵੀ ਬਾਅਦ ਦੇ ਦਿਨਾਂ ਵਿਚ ਦੇਖੇ ਪਰ ਉਡੀਕ ਤਾਂ ਸਭ ਨੂੰ ਭਾਰਤ ਪਾਕ ਮੈਚ ਦੀ ਸੀ।

੨੪ ਤਾਰੀਖ ਨੂੰ ਅਸੀਂ ਫੇਰ ਇਕ ਹੋਰ ਮੈਚ ਦੇਖਿਆ ਪਾਕਿਸਤਾਨ ਅਤੇ ਜਾਪਾਨ ਦੇ ਵਿਚਕਾਰ। ਪਾਕਿਸਤਾਨ ਨੇ ਜਾਪਾਨ ਨੂੰ ੧੨ ਗੋਲ ਕੀਤੇ ਪਾਕਿਸਤਾਨ ਦੀ ਖੇਡ ਬਹੁਤ ਸਾਫ਼ ਅਤ ਬਾਰੀਕ ਤਾਂ ਹੈ ਹੀ ਸੀ ਮਰ ਜਾਪਾਨ ਵਾਲਿਆਂ ਦਾ ਸਟੇਮਿਨਾ ਅਤੇ ਲੜਣ ਸ਼ਕਤੀ ਸਾਰੇ ਸਮੇਂ ਕਾਇਮ ਰਹੀ ਅਤੇ ਉਹਨਾਂ ਪਾਕਿਸਤਾਨ ਸਿਰ ੧ ਗੋਲ ਕਰ ਕੇ ਪਾਕ ਦਾ ਗੋਲ ਨਾ ਕਰਾਉਣ ਦਾ ਰਿਕਾਰਡ ਤੋੜ ਦਿਤਾ। ਜਾਪਾਨੀ ਜਿਸ ਖੇਡ ਵਲ ਪੈਂਦੇ ਹਨ ਨਾਮਨਾ ਪੈਦਾ ਕਰਦੇ ਹਨ। ਅਜੇ ਉਹ ਹਾਕੀ ਵਲ ਪੂਰੀ ਸ਼ਿਦਤ ਨਾਲ ਨਹੀਂ ਪਏ ਨਹੀਂ ਤਾਂ ਏਸ਼ੀਆ ਦੀ ਹਾਕੀ ਤੇ ਇਕ ਵਧੀਆ ਟੀਮ ਉਭਰ ਸਕਦੀ ਹੈ। ਸਾਡੇ ਜਾਣ ਤੋਂ ਪਹਿਲਾਂ ਹੀ ਸਾਡੇ ਵਾਲੇ ਹਿਸੇ ਕੁਰਸੀਆਂ ਵਾਲੇ ਪਾਸੇ ਤਿੰਨ ਔਰਤਾਂ ਨੇ ਅਕਾਲੀਆਂ ਦੇ ਹੱਕ ਵਿਚ ਨਾਅਰੇ ਲਾਏ ਸਨ। ਅਤੇ ਪੁਲੀਸ ਉਥੋਂ ਉਹਨਾਂ ਨੂੰ ਲੈ ਜਾ ਚੁਕੀ ਸੀ ਪਰ ਇਸ ਗੱਲ ਦਾ ਉਸ ਥੋਹੜੇ ਹਿਸੇ ਨੂੰ ਹੀ ਪਤਾ ਲਗਾ। ਆਮ ਰੌਲਾ ਇਹਨਾਂ ਮੈਚਾਂ ਸਮੇਂ ਏਨਾ ਹੁੰਦਾ ਹੈ ਕਿ ਪਤਾ ਨਹੀਂ ਕਿਨੇ ਜਣੇ ਵਖੋ ਵੱਖ ਤਰ੍ਹਾਂ ਦੇ ਨਾਅਰੇ ਲਾ ਰਹੇ ਹੁੰਦੇ ਹਨ।

ਦੂਸਰਾ ਮੈਚ ਮਲਾਏਸ਼ੀਆ ਅਤੇ ਹਾਂਗਕਾਂਗ ਵਿਚਕਾਰ ਸੀ ਪਰ ਮੇਰੇ ਨਾਲ ਦੇ ਸਾਥੀ ਸ: ਬਲਦੇਵ ਸਿੰਘ ਦੀ ਜਗਿਆਸਾ ਹਿੰਦ ਚੀਨ ਫੁਟਬੌਲ ਮੈਚ ਵੇਖਣ ਦੀ ਸੀ। ਇਸ ਵਾਸਤੇ ਅਸੀਂ ਦੂਸਰਾ ਮੈਚ ਨਾ ਵੇਖ ਸਕੇ।

ਹਾਕੀ ਦੇ ਬਾਕੀ ਮੈਚ ਤਾਂ ਛੱਡ ਦਿੱਤੇ ਪਰ ਸੈਮੀਫਾਈਨਲ ਦੋਵੇਂ ਫੇਰ ਵੇਖੇ। ਇਸ ਦਿਨ ਟਿਕਟਾਂ ਦਾ ਇੰਤਜਾਮ ਨਹੀਂ ਸੀ। ਇਹਨਾਂ ਦੀ ਪ੍ਰਾਪਤੀ ਵਾਸਤੇ ਠਾਕਰ ਦਲੀਪ ਸਿੰਘ ਜੀ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ ਸੀ ਅਤੇ ਸਵੇਰ ਤੋਂ ਹੀ ਮੁੰਡੇ ਟਿਕਟ ਖਿੜਕੀਆਂ ਅਗੇ ਖਲੋਤੇ ਰਹੇ।

ਪਾਕਿਸਤਾਨ ਦਾ ਸੈਮੀਫਾਈਨਲ ਮਲਾਏਸ਼ੀਆ ਨਾਲ ਸੀ ਅਤੇ ਇਹ ਪਾਕਿਸਤਾਨ ਨੇ ੨-੦ ਤੇ ਜਿੱਤ ਲਿਆ ਇਸ ਮੈਚ ਵਿਚ ਉਹਨਾਂ ਨੇ ਆਪਣੇ ਸੈਂਟਰ ਫਾਰਵਡ ਹਸਨ ਸਰਦਾਰ ਨੂੰ ਨਹੀਂ ਸੀ ਖਿਡਾਇਆ। ਭਾਰਤ ਨੇ ਜਾਪਾਨ ਨੂੰ ੭-੦ ਨਾਲ ਆਸਾਨੀ ਨਾਲ ਜਿੱਤ ਲਿਆ। ਅੱਜ ਦੇ ਮੈਚ ਤੋਂ ਲੋਕ ਅਟਕਲਾਂ ਲਾਉਂਦੇ ਸਨ ਕਿ ਭਾਰਤ ਨੇ ਮਲੇਸ਼ੀਆ ਨੂੰ ੫-੧ ਤੇ ਜਿਤਿਆ ਸੀ ਪਰ ਪਾਕਿਸਤਾਨ ਨੇ ੨-੦੦ ਤੇ ਜਿਤਿਆ ਹੈ ਇਸ ਹਿਸਾਬ ਨਾਲ ਭਾਰਤ ਦੀ ਟੀਮ ਵਧੀਆ ਹੋਈ। ਪਰ ਉਹ ਇਹ ਗਲ ਭੁਲਦੇ ਸਨ ਕਿ ਜਾਪਾਨ ਨੂੰ ਪਾਕਿਸਤਾਨ ਨੇ ੧੨ ਗੋਲ ਕੀਤੇ ਉਸਨੂੰ ਭਾਰਤ ਵੀ ਕੇਵਲ ੭ ਗੋਲ ਹੀ ਕਰ ਸਕਿਆ। ਇਹ ਹਿਸਾਬ ਕਿਤਾਬ ਠੀਕ ਨਹੀਂ ਹੁੰਦਾ। ਅਕਸਰ ਟੀਮਾਂ ਅਖੀਰਲੇ ਵੱਡੇ ਮੈਚ ਵਾਸਤੇ ਆਪਣੇ ਚੰਗੇ ਖਿਡਾਰੀ ਰਾਖਵੇਂ ਰਖਦੀਆਂ ਹਨ ਅਤੇ ਕਈ ਵਾਰ ਗਲਤ ਪ੍ਰਭਾਵ ਪਾਉਣ ਵਾਸਤੇ ਆਪਣੀ ਖੇਡ ਨੂੰ ਵੀ ਜਾਣ ਬੁਝ ਕੇ ਧੀਮਾ ਰਖਦੇ ਹਨ। ਅਜ ਕਲ ਇਲੈਕਟ੍ਰਾਨਿਕਸ ਦਾ ਜੁਗ ਹੈ। ਵੀਡੀਓ ਕੈਮਰਿਆਂ ਰਾਹੀਂ ਮੈਚ ਰਿਕਾਰਡ ਹੁੰਦੇ ਹਨ ਅਤੇ ਟੀਮਾਂ ਆਪਣੀ ਅਤੇ ਵਿਰੋਧੀ ਦੀ ਖੇਡ ਕਲਾ ਦਾ ਅਧਿਐਨ ਬਾਰੀਕੀ ਨਾਲ ਕਰਦੀਆਂ ਹਨ। ਇਸ ਮੰਤਵ ਵਾਸਤੇ ਲੰਮੀਆਂ ਸਕੀਮਾਂ ਬਣਦੀਆਂ ਹਨ ਅਤੇ ਆਪਣੇ ਦਾਅ ਪੇਚ

Sri Satguru Jagjit Singh Ji Elibrary NamdhariElibrary@gmail.com



੧੯ ਨਵੰਬਰ ੧੯੮੨ ਨੂੰ ਨਵੀਂ ਦਿਲੀ ਵਿਚ ਨਵੇਂ ਉਸਰੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਨੌਵੀਆਂ ਏਸ਼ੀਆਈ
ਖੇਡਾਂ ਦੇ ਮਹਾ ਮੇਲੇ ਦਾ ਉਦਾਘਟਨ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੇ ਕੀਤਾ।
ਉਹਨਾਂ ਨਾਲ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਬੈਠੇ ਹਨ।

ਖੇਡਾਂ ਦੇ ਉਦਘਾਟਨੀ ਸਮਾਰਹ ਸਮੇਂ ਪੰਜਾਬੀ ਭੰਗੜੇ ਦਾ ਇਕ ਦ੍ਰਿਸ਼



ਈਰਾਨ ਦੇ ਅਲੀ ਕਾਕੀਜੇਹ ਜਾਮ ਨੇ ੭੫ ਕਿਲੋ ਗਰੁਪ ਵਿਚ ੧੫੫ ਕਿਲੋ ਭਾਰ ਚੁੱਕ ਕੇ ਪਿਛਲੇ ਸਭ ਏਸ਼ੀਅਨ ਰਿਕਾਰਡ ਤੋੜ ਦਿਤੇ ।



ਭਾਰਤ ਵਾਸਤੇ ੮੦੦ ਮੀਟਰ ਦੀ ਦੌੜ ਜਿਤ ਕੇ ਸੋਨੇ ਦਾ ਤਮਗਾ ਪ੍ਰਾਪਤ ਕਰਨ ਵਾਲਾ ਐਥਲੀਟ ਚਾਰਲਸ ਬੋਰੋਮੀਓ ਦਰਸ਼ਕਾਂ ਦਾ ਅਭਿਵਾਦਨ ਸਵੀਕਾਰ ਕਰਦਾ ਹੋਇਆ ।

Sri Satguru Jagjit Singh Ji Elibrary NamdhariElibrary@gmail.com

ਮਲੇਛ ਭਾਖਾ ਦੇ ਹਮਲੇ ਵਿਰੁਧ ਸਤਿਗੁਰੂ ਸਾਹਿਬਾਨ ਦਾ ਸੰਘਰਸ਼

—ਅਮਰ ਭਾਰਤੀ

ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਨੇ ਇਕ ਇਤਿਹਾਸਕ ਨਿਰਨਾ ਦਿਤਾ ਕਿ ਬਗਲਾ ਦੇਸ਼ ਦੇ ਸਾਢ ਛੇ ਕਰੋੜ ਬੰਗਾਲੀ ਮੁਸਲਮਾਨ ਕਾਬਲੋਂ ਧਾਈ ਕਰ ਕੇ ਆਏ ਬਾਬਰ ਦੀ ਧਾਪ ਦੀ ਜੰਞ ਵਿਚ ਸ਼ਾਮਲ ਨਹੀਂ ਸਨ।

ਬਚੇ ਖੁਚੇ ਪਾਕਿਸਤਾਨ ਵਿਚ ਰਹਿ ਗਏ ਚਾਰ ਪੰਜ ਕਰੋੜ ਮੁਸਲਮਾਨਾਂ ਬਾਰੇ ਵੀ ਅੱਜ ਇਹੋ ਗਲ ਸਪਸ਼ਟ ਹੋ ਰਹੀ ਹੈ ਅਤੇ ਭਾਰਤ ਵਿਚ ਰਹਿ ਰਹੇ ਛੇ-ਸੱਤ ਕਰੋੜ ਮੁਸਲਮਾਨਾਂ ਬਾਰੇ ਵੀ।

ਜਿਹੜੇ ਮੁਸਲਮਾਨ ਹਮਲਾਵਰ ਦੇ ਰੂਪ ਵਿਚ ਭਾਰਤ ਆਏ ਸਨ। ਭਾਰਤ ਨੇ ਉਨ੍ਹਾਂ ਦੇ ਖਿਲਾਫ ਲੰਮੀ ਤੇ ਅਣਥਕ ਲੜਾਈ ਲੜੀ ਹੈ। ਦੇਸ਼ ਦੇ ਹਰ ਹਿੱਸੇ ਵਿਚ ਹਮਲਾਵਰ ਦੇ ਖਿਲਾਫ ਲੜਾਈ ਚਲਦੀ ਰਹੀ ਹੈ ਅਤੇ ਪੰਜਾਬ ਵਿਚ ਇਸ ਲੜਾਈ ਦੀ ਅਗਵਾਈ ਇਕ ਲੰਮੇਂ ਤਕ ਗੁਰੂ ਨਾਨਕ ਪਰੰਪਰਾ ਦੇ ਸਤਿਗੁਰੂ ਸਾਹਿਬਾਨ ਹੱਥ ਰਹੀ ਹੈ।

ਸੰਸਕ੍ਰਿਤੀ ਦੀ ਰਖਿਆ

ਸਤਿਗੁਰੂ ਦਾ ਕਰਮ ਖੇਤਰ ਆਮ ਤੌਰ ਤੇ ਅਧਿਆਤਮਕ ਹੀ ਮੰਨਿਆ ਜਾਂਦਾ ਹੈ, ਪਰ ਅਧਿਆਤਮਕ ਖੇਤਰ ਦੀ ਆਜ਼ਾਦੀ ਉਨਤੀ ਤੇ ਸੁਰੱਖਿਆ ਦਾ ਨਿਰਭਰ ਸੰਸਕ੍ਰਿਤੀ ਉਪਰ ਅਤੇ ਸੰਸਕ੍ਰਿਤੀ ਦਾ ਬਹੁਤਾ ਸੰਬੰਧ ਬੋਲੀ ਤੇ ਸਾਹਿਤ ਨਾਲ ਹੈ।

ਸੋ ਅਧਿਆਤਮ ਦੀ ਆਜ਼ਾਦੀ ਅਤੇ ਉੱਨਤੀ ਉਸ ਨਾਲ ਸੰਬੰਧਤ ਸਸਕ੍ਰਿਤੀ ਦੀ ਸੁਰੱਖਿਆ ਨਾਲ ਜੁੜੀ ਹੋਣ ਕਰ ਕੇ ਸਤਿਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਨਾਮ ਜਪਣ ਤੱਕ ਹੀ ਸੀਮਤ ਨਾ ਰੱਖ ਕੇ ਬੋਲੀ ਤੇ ਸਾਹਿਤ ਰਾਹੀਂ ਵਿਚਾਰਾ ਦੇ ਟਕਰਾ ਵਿਚ ਲਿਆ ਖਲਿਆਰਿਆ ਸੀ।

ਸਤਿਗੁਰੂ ਨਾਨਕ ਦੀ ਚੋਣ

ਸਤਿਗੁਰੂ ਨਾਨਕ ਦੇਵ ਜੀ ਤੋਂ ਹੀ ਲਈਏ ਤਾਂ ਬੋਲੀ ਅਤੇ ਸਾਹਿਤਕ ਵਿਚਾਰ-ਪਰੰਪਰਾ ਬਾਰੇ ਆਪ ਦੀ ਚੋਣ ਸਾਨੂੰ ਉਸ ਦਿਸ਼ਾ ਬਾਰੇ ਸੰਕੇਤ ਕਰਦੀ ਹੈ ਜਿਸ ਦਿਸ਼ਾ ਵਿਚ ਆਪ ਨੇ ਆਪਣੀ ਸਾਰੀ ਘਾਲਣਾ ਨੂੰ ਲਗਾਇਆ ਸੀ। ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਆਰੰਭ :

''੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥

ਆਦਿ ਸਚ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ''

ਤੋਂ ਹੁੰਦਾ ਹੈ। ਇਸ ਵਿਚ ਆਪ ਨੇ ਵਿਚਾਰ ਪਰੰਪਰਾ ਉਪਨਿਸ਼ਦ ਦੀ ਅਦਵੈਤ ਧਾਰਾ ਵਾਲੀ ਅਪਣਾਈ ਅਤੇ ਬੋਲੀ ਸੰਸਕ੍ਰਿਤ ਰਲੀ ਪੰਜਾਬੀ। ਸਾਹਿਤਕ ਆਖਿਆਨ ਤੇ ਪ੍ਰਤੀਕ ਆਪ ਨੇ ਆਪਣੀ ਸਾਰੀ ਬਾਣੀ ਵਿਚ ਹੀ ਪੌਰਾਣਕ ਰੱਖੇ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੀ ਬਾਣੀ ਵਿਚ ਸਾਨੂੰ ਵਿਚਾਰ ਪਰੰਪਰਾ ਬੋਲੀ ਤੇ ਸਾਹਿਤ ਦਾ ਇਹੋ ਸਿਲਸਿਲਾ ਮਿਲਦਾ ਹੈ। ਸੱਤਾਂ ਗੁਰੂ ਸਾਹਿਬਾਂ ਨੇ ਬਾਣੀ ਦੀ ਰਚਨਾ ਕੀਤੀ ਤੇ ਸਭਨਾਂ ਦੀ ਹੀ ਮੁੱਖ ਬਾਣੀ ਸੰਸਕ੍ਰਿਤ ਪਰੰਪਰਾ ਨਾਲ ਸੰਬੰਧਤ ਬੋਲੀਆਂ ਵਿਚ ਹੀ ਰੱਖੀ ਗਈ। ਉਰਦੂ ਫਾਰਸੀ ਜਾਂ ਅਰਬੀ ਬੋਲੀ ਦੀ ਵਰਤੋਂ ਆਪ ਨੇ ਵਿਸ਼ੇਸ਼ ਸਮਿਆਂ ਤੇ ਅਤੇ ਵਿਸ਼ੇਸ਼ ਸੰਦਰਭ ਵਿਚ ਹੀ ਕੀਤੀ। ਉਹ ਵੀ ਘਟ ਤੋਂ ਘਟ। ਉਰਦੂ ਫਾਰਸੀ ਜਾਂ ਅਰਬੀ

Sri Satguru Jagjit Singh Ji Elibrary NamdhariElibrary@gmail.com

ਨਾਲ ਸੰਬੰਧਤ ਵਿਚਾਰ ਪਰੰਪਰਾ ਦੀ ਚਰਚਾ ਬਾਰੇ ਵੀ ਇਹੋ ਹੀ ਗੱਲ ਰਹੀ।

ਮਲੇਛਾਚਾਰ ਦੇ ਪ੍ਰਤੀਕ

ਇਸ ਦਾ ਕਾਰਣ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਹੀ ਸਪਸ਼ਟ ਹੋਣਾ ਸ਼ੁਰੂ ਹੋ ਜਾਂਦਾ ਹੈ। ਆਪ ਨੇ ਆਪਣੇ ਸਮੇਂ ਦੀ ਚਰਚਾ ਤਿੰਨ ਪ੍ਰਤੀਕ ਰੂਪਾਂ ਵਿਚ ਕੀਤਾ ਹੈ : (੧) "...ਕਲਿਜੁਗ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ..." (੨) ...ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ। ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ...", ਅਤੇ (੩) ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ।" ਵਿਚਾਰ ਤੱਤ, ਆਗੂ ਤੇ ਭਾਖਾ ਤਿੰਨਾਂ ਬਾਰੇ ਹੀ ਆਪ ਦਾ ਨਿਰਣਾ ਨਾਂਹ ਧਰਮੀ ਹੈ—ਹਾਂ, ਧਰਮੀ ਨਹੀਂ।"...ਧੋਤੀ ਟਿਕਾ ਤੇ ਜਪ ਮਾਲੀ ਧਾਨੁ ਮਲੇਛਾਂ ਖਾਈ। ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ"।...ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ"।

ਮਲੇਛ ਸ਼ਬਦ ਦੀ ਜਿੱਥੇ ਅਤੇ ਜਿਸ ਸੰਦਰਭ ਵਿਚ ਵੀ ਵਰਤੋਂ ਹੋਈ ਹੈ, ਉਹ ਉਸ ਦੇ ਪ੍ਰਤੀ ਨਿੰਦਿਆ ਸੂਚਕ ਭਾਵਨਾ ਨੂੰ ਜ਼ਾਹਿਰ ਕਰਨ ਲਈ ਹੀ ਕੀਤੀ ਗਈ ਤੇ ਇਹ ਮੁਖ ਰੂਪ ਵਿਚ ਹਮਲਾਵਰਾਂ ਬਾਰੇ ਸੀ। ਉਸ ਵੇਲੇ ਦੇ ਜਿਹੜੇ ਵੀ ਹਮਲਾਵਰ ਸਨ ਤੇ ਜਿਨ੍ਹਾ ਨੇ ਹਿੰਦੁਸਤਾਨ ਉਤੇ ਆਪਣੀ ਹਕੂਮਤ ਕਾਇਮ ਕੀਤੀ ਸੀ, ਉਨ੍ਹਾਂ ਨੂੰ ਗੁਰੂ ਸਾਹਿਬ ਨੇ ਮਲੇਛ ਕਿਹਾ, ਉਨ੍ਹਾਂ ਦੀ ਬੋਲੀ ਨੂੰ ਮਲੇਛ ਭਾਖਿਆ ਕਿਹਾ, ਅਤੇ ਉਨ੍ਹਾਂ ਦੇ ਧਨ ਨੂੰ 'ਮਲੇਛ ਧਾਨ' ਦਾ ਨਾਮ ਦਿਤਾ। ਉਨ੍ਹਾਂ ਦੇ ਪਹਿਨਣ ਵਾਲੇ ਕਪੜਿਆਂ ਦਾ ਰੰਗ ਨੀਲਾ ਦਸਿਆ ਅਤੇ ਨੀਲੇ ਕਾਲੇ ਰੰਗ ਨੂੰ ਮਲੇਛ ਦਾ ਪਰਯਾਯਵਾਚੀ ਜਾਂ ਪ੍ਰਤੀਕ ਰੂਪ ਵਿਚ ਪੇਸ਼ ਕੀਤਾ।

ਆਪ ਨੇ ਉਸ ਸਮੇਂ ਦੇ ਰੀਤੀ ਰਿਵਾਜਾਂ ਨੂੰ ਉਸ ਅਥਰਵ ਵੇਦ ਨਾਲ ਤੁਲਨਾ ਦਿਤੀ ਜਿਹੜਾ ਤੰਤਰਾਂ ਮੰਤਰਾਂ ਜਾਦੂ ਟੂਣਿਆਂ ਨਾਲ ਭਰਿਆ ਹੋਇਆ ਹੈ ਅਤੇ ਜਿਸ ਦਾ ਤੱਤ ਰੂਪ ਵਿਚ ਵਰਣ ਕਾਲਾ ਪੀਠੇ ਹੋਏ ਸੁਰਮੇ ਵਰਗਾ ਹੈ। ਆਪ ਨੇ ਚੌਹ ਵੇਦਾ ਨੂੰ ਚੌਂਹ ਜੁਗਾਂ ਵਿਚ ਵੰਡਿਆ ਹੈ ਤੇ ਹਰ ਵੇਦ ਦਾ ਵੱਖਰਾ ਵੱਖਰਾ ਵਰਣ ਜਾਂ ਰੰਗ ਦੱਸਿਆ ਹੈ। ਸਤਿਜੁਗ ਦੇ ਵੇਦ ਦਾ ਰੰਗ ਚਿੱਟਾ, ਤ੍ਰੇਤੇ ਦਾ ਪੀਲਾ, ਦਵਾਪਰ ਦਾ ਲਾਲ ਅਤੇ ਕਲਿਜੁਗ ਦਾ ਕਾਲਾ—"ਬੱਗਾ ਰਤਾ ਪੀਅਲਾ ਕਾਲਾ ਬੇਦੀ ਕਰੀ ਪੁਕਾਰ।"

—ਵਾਰ ਮਾਝ ਮਹਲਾ ੧

ਅਤੇ ਭਾਰਤ ਵਿਚ ਹਮਲਾਵਰ ਮਲੇਛਾਂ ਦੇ ਰਾਜ ਪਸਾਰੇ ਦੇ ਅਸਰ ਦੀ ਚਰਚਾ ਕਰਦਿਆਂ ਹੋਇਆਂ, ਸਤਿਗੁਰੂ ਨਾਨਕ ਨੇ ਆਖਿਆ :

> ਆਦਿ ਪੁਰਖੁ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।
> ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
> ਘਰ ਘਰ ਮੀਆਂ ਸਭਨਾਂ ਜੀਆ ਬੋਲੀ ਅਵਰ ਤੁਮਾਰੀ।

(ਬਸੰਤ ਹਿੰਡੋਲ ਮਹਲਾ ੧)

ਇਹ ਸਪਸ਼ਟ ਰੂਪ ਵਿਚ ਸੰਸਕ੍ਰਿਤੀ ਉਤੇ ਹਮਲੇ ਦੀ ਚਰਚਾ ਹੈ। ਜਿਸ ਹਮਲੇ ਨੇ ਮੰਦਰਾਂ ਤੇ ਦੇਵਤਿਆਂ ਉਤੇ ਟੈਕਸ ਲਗਾ ਦਿਤਾ, ਪੂਜਾ ਪਾਠ ਦੇ ਥਾਂ ਬਾਂਗ ਨਮਾਜ਼ ਮੁਸੱਲਾ ਚਾਲੂ ਹੋ ਗਏ, ਅਕਾਲ ਪੁਰਖ ਦਾ ਨਾਮ ਅਲਾਹ ਪੈ ਗਿਆ ਅਤੇ ਉਸ ਸਮੇਂ ਦੇ ਰਿਸ਼ੀ ਦੇ ਬਸਤਰ ਨੀਲੇ ਥਾਪ ਦਿਤੇ ਗਏ। ਬੋਲੀ ਵਖਰੀ ਹੋ ਗਈ। ਘਰ ਘਰ ਮੀਆਂ ਮੀਆਂ ਹੋਣ ਲਗੀ।

ਗੁਰਬਾਣੀ ਵਿਚ ਬ੍ਰਾਹਮਣ ਖਤਰੀਆਂ ਦਾ ਜਿਥੇ ਵੀ ਹਾਕਮ ਮਲੇਛ ਨਾਲ ਜੁੜ ਕੇ ਜ਼ਿਕਰ ਆਉਂਦਾ ਹੈ ਓਥੇ ਹੀ ਉਹ ਨਿੰਦਿਆ ਸੂਚਕ ਹੈ। ਹੋਰ ਤਾਂ ਹੋਰ ਇਕ ਥਾਂ ਤੇ ਗੁਰੂ ਅਰਜਨ ਦੇਵ ਜੀ ਨੇ ਇਕ ਬ੍ਰਾਹਮਣ ਨੂੰ ਵੀ ਉਸ ਦੇ ਭੈੜੇ ਆਚਰਣ ਕਰ ਕੇ ਮਲੇਛ ਆਖ ਕੇ ਨਿੰਦਿਆ ਹੈ। ਜਿਸ ਬ੍ਰਾਹਮਣ ਖਿਡਾਵੇ ਨੇ ਬਾਲ ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ਹਿਰ ਦੇ ਕੇ ਮਾਰਨਾ ਚਾਹਿਆ ਸੀ, ਉਸਦਾ ਜ਼ਿਕਰ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ—"ਮਲੇਛ ਪਾਪੀ ਪਚਿਆ ਭਇਆ ਨਿਰਾਸੁ।"

(ਭੈਰਉ ਮਹਲਾ ੫)

ਮੁਸਲਿਮ ਹਮਲਾਵਰਾਂ ਦੇ ਨਾਲ ਨਾਲ ਭਾਰਤ ਵਿਚ ਅਰਬੀ ਤੇ ਫਾਰਸੀ ਤੇ ਭਾਸ਼ਾਵਾਂ ਆਈਆਂ। ਅਰਬੀ ਫਾਰਸੀ ਦੇ ਸੰਜੋਗ ਨਾਲ ਭਾਰਤ ਵਿਚ ਜਿਹੜੀ ਭਾਸ਼ਾ ਬਣੀ ਸੰਵਰੀ ਉਹ ਉਰਦੂ ਸੀ।

Sri Satguru Jagjit Singh Ji Elibrary NamdhariElibrary@gmail.com

ਅਰਬੀ ਫਾਰਸੀ ਉਨ੍ਹਾਂ ਕੁਝ ਖਾਸ ਦੇਸ਼ਾਂ ਦੀਆਂ ਭਾਸ਼ਾਵਾਂ ਸਨ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਦਾ ਮਜ਼ਹਬ ਇਸਲਾਮ ਸੀ ਤੇ ਜਿਨ੍ਹਾਂ ਦੇਸ਼ਾਂ ਤੋਂ ਭਾਰਤ ਵਿਚ ਆਏ ਹਮਲਾਵਰਾਂ ਨੇ ਭਾਰਤ ਵਿਚ ਪਰਚਲਤ ਧਰਮ ਅਤੇ ਸੰਸਕ੍ਰਿਤੀ ਉਪਰ ਹਮਲਾ ਕਰਕੇ ਏਥੇ ਵੀ ਜ਼ੋਰੀਂ ਇਸਲਾਮ ਦਾ ਪਸਾਰਾ ਕਰਨ ਦੀ ਕੋਸ਼ਿਸ਼ ਕੀਤੀ।

ਗੁਰੂ ਸਾਹਿਬਾਂ ਨੇ ਨਾ ਅਰਬੀ ਨੂੰ ਮੰਨਿਆ ਨਾ ਫਾਰਸੀ ਨੂੰ ਅਤੇ ਨਾ ਹੀ ਇਨ੍ਹਾਂ ਦੇ ਸੰਜੋਗ ਨਾਲ ਬਣੀ ਨਵੀਂ ਭਾਸ਼ਾ ਉਰਦੂ ਨੂੰ ਹੀ। ਅਰਬੀ ਫਾਰਸੀ ਹਮਲਾਵਰ ਭਾਸ਼ਾਵਾਂ ਸਨ ਅਤੇ ਉਰਦੂ ਉਹਨਾਂ ਦੀ ਔਲਾਦ। ਇਹ ਤਿੰਨੇ ਭਾਸ਼ਾਵਾਂ ਬਦੇਸ਼ੀ ਹਮਲਾਵਰਾਂ ਦੇ ਆਚਰਣ, ਧਰਮ ਤੇ ਸੰਸਕ੍ਰਿਤੀ ਦੀਆਂ ਵਾਹਨ ਸਨ ਜੋ ਕਿ ਮੂਲ ਰੂਪ ਵਿਚ ਭਾਰਤ ਦੇ ਵਿਚਾਰ, ਧਰਮ ਤੇ ਸੰਸਕ੍ਰਿਤੀ ਦੇ ਖਲਾਫ ਹਮਲਾਵਰ ਸਨ। ਗੁਰੂ ਸਾਹਿਬਾਂ ਨੇ ਏਸੇ ਕਰ ਕੇ ਇਨ੍ਹਾਂ ਨੂੰ ਮਲੇਛ ਭਾਖਾ ਆਖਿਆ। ਉਹ ਭਾਖਾ ਜਿਹੜੀ ਭਾਰਤ ਦੇ ਲੋਕਾਂ ਦਾ ਧਰਮ ਭ੍ਰਿਸ਼ਟ ਕਰਦੀ ਸੀ, ਆਚਾਰ ਭ੍ਰਿਸ਼ਟ ਕਰਦੀ ਸੀ।

ਉਰਦੂ ਅੱਜ ਵੀ ਆਪਣੇ ਪ੍ਰਤੀਕਾਂ, ਬਿੰਬਾਂ, ਉਪਮਾਵਾਂ ਅਖਰਾਂ ਅਤੇ ਰਵਾਇਤੀ ਹਵਾਲਿਆਂ ਨਾਲ ਪਾਠਕ ਨੂੰ ਅਰਬੀ ਫਾਰਸੀ ਭਾਵਾਂ ਵਾਲੇ ਦੇਸ਼ਾਂ ਦੇ ਵਿਚਾਰਾਂ ਤੇ ਧਰਮ ਪਰੰਪਰਾਵਾਂ ਨਾਲ ਜਾ ਜੋੜਦੀ ਹੈ। ਭਾਰਤ ਤੇ ਪਰਾਚੀਨ ਇਤਿਹਾਸ, ਵਿਚਾਰ, ਧਰਮ ਤੇ ਸੰਸਕ੍ਰਿਤੀ ਨਾਲ ਨਹੀਂ।

ਉਰਦੂ ਦਾ ਸਥਾਨ

ਉਰਦੂ ਅੱਜ ਵੀ ਇਕ ਮਜ਼ਬੀ ਭਾਸ਼ਾ ਹੈ। ਕਿਸੇ ਇਲਾਕੇ ਦੀ ਭਾਸ਼ਾ ਨਹੀਂ। ਨਾ ਹੀ ਭਾਰਤ ਵਿਚ ਅਤੇ ਨਾ ਹੀ ਪਾਕਿਸਤਾਨ ਵਿਚ।

ਉਰਦੂ ਨੂੰ ਸਾਹਿਤ ਦੀ ਅਤੇ ਰਾਜ ਕਾਜ ਦੀ ਬੋਲੀ ਮੰਨਣ ਤੋਂ ਬੰਗਾਲੀ ਮੁਸਲਮਾਨਾਂ ਨੇ ਇਨਕਾਰ ਕਰ ਦਿਤਾ। ਉਰਦੂ ਨੂੰ ਪਾਕਿਸਤਾਨ ਦੇ ਸਿੰਧ ਤੇ ਪੰਜਾਬ ਨੇ ਵੀ ਸਾਹਿਤ ਤੇ ਰਾਜ ਕਾਜ ਦੀ ਬੋਲੀ ਮੰਨਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿਤਾ। ਬੰਗਾਲੀਆਂ ਨੇ ਬੰਗਲਾ ਭਾਸ਼ਾ ਰਾਜ ਭਾਸ਼ਾ ਮਨਵਾ ਲਈ, ਸਿੰਧੀਆਂ ਨੇ ਸਿੰਧੀ ਅਤੇ ਪੰਜਾਬੀਆਂ ਨੇ ਪੰਜਾਬੀ ਨੂੰ ਰਾਜ ਭਾਸ਼ਾ ਮੰਨਵਾਣ ਲਈ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ। ਕਲ੍ਹ ਤੱਕ ਦੇ ਪਾਕਿਸਤਾਨ ਦੇ ਇਹ ਤਿੰਨੇ ਸੂਬੇ ੧੯੪੭ ਵਿਚ ਇਸਲਾਮ ਦੇ ਨਾਮ ਉਤੇ ਭਾਰਤ ਨਾਲੋਂ ਅੱਡ ਹੋਏ ਸਨ ਅਤੇ ਹੋਰ ਸੂਬਿਆਂ ਸਮੇਤ ਸਾਰੇ ਪਾਕਿਸਤਾਨ ਦੀ ਰਾਜ ਭਾਸ਼ਾ ਇਸ ਲਈ ਉਰਦੂ ਰੱਖੀ ਗਈ ਸੀ ਕਿ ਉਹ ਇਸਲਾਮੀ ਭਾਸ਼ਾ ਹੈ। ਭਾਰਤ ਵਿਚ ਰਹਿ ਗਏ ਮੁਸਲਮਾਨਾਂ ਦਾ ਇਕ ਹਿੱਸਾ ਅੱਜ ਵੀ ਉਰਦੂ ਨੂੰ ਰਾਜ ਕਾਜ ਦੀ ਭਾਸ਼ਾ ਮੰਨਵਾਣਾ ਚਾਹੁੰਦਾ ਹੈ ਕਿਉਂਕਿ ਉਰਦੂ ਨੂੰ ਉਹ ਇਸਲਾਮ ਦੀ ਭਾਸ਼ਾ ਸਮਝਦਾ ਹੈ। ਪਰ ਪਾਕਿਸਤਾਨ, ਜਿਹੜਾ ਕਿ ਬਣਿਆ ਹੀ ਇਸਲਾਮ ਦੇ ਆਧਾਰ ਉਤੇ ਸੀ, ਉਸ ਦੇ ਲੋਗ ਛੇਤੀ ਹੀ ਸਮਝ ਗਏ ਹਨ ਕਿ ਉਰਦੂ ਉਨ੍ਹਾਂ ਦੀ ਮਾਤ-ਭਾਸ਼ਾ ਨਹੀਂ। ਉਹ ਉਨ੍ਹਾਂ ਦੀ ਕੁਝ ਵੀ ਨਹੀਂ। ਉਹ ਸੰਸਾਰ ਭਰ ਦੀ ਤਰੱਕੀ ਦੀ ਦੌੜ ਵਿਚੋਂ ਪਛੜ ਗਏ ਸਨ, ਇਸ ਲਈ ਉਨ੍ਹਾਂ ਨੇ ਅਖੌਤੀ ਇਸਲਾਮੀ ਭਾਸ਼ਾ ਨੂੰ ਛੱਡ ਕੇ ਮਾਤ ਭਾਸ਼ਾ ਦੀ ਗਲ੍ਹ ਕਰਨੀ ਮੁਨਾਸਬ ਸਮਝੀ, ਤਾ ਕਿ ਹੋਰ ਨਾ ਪਛੜ ਜਾਣ। ਉਰਦੂ ਉਹਨਾਂ ਲਈ ਅੱਜ ਉਸ ਹਾਕਮ ਤਬਕੇ ਦੀ ਭਾਸ਼ਾ ਦੇ ਰੂਪ ਵਿਚ ਉਘੜ ਕੇ ਸਾਹਮਣੇ ਆ ਰਹੀ ਹੈ, ਜਿਹੜਾ ਹਾਕਮ ਉਨਾਂ ਦਾ ਆਪਣਾ ਨਹੀਂ, ਉਨ੍ਹਾਂ ਦੇ ਵਿਚੋਂ ਨਹੀਂ, ਜਿਹੜਾ ਇਸਲਾਮ ਅਤੇ ਅਖੌਤੀ ਇਸਲਾਮੀ ਭਾਸ਼ਾ ਉਰਦੂ ਦੇ ਸਹਾਰੇ ਉਨ੍ਹਾਂ ਲੋਕਾਂ ਉਤੇ ਉਸੇ ਤਰ੍ਹਾਂ ਜਬਰ ਜ਼ੁਲਮ ਕਰਦਾ ਹੈ, ਜਿਵੇਂ ਕਿਸੇ ਸਮੇਂ ਉਹ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ, ਪਾਪ ਦੀ ਜੰਞ ਲੈ ਕੇ ਕਾਬਲੋਂ ਧਾਅ ਕੇ ਆਇਆ ਸੀ। ਜਿਹੜਾ ਮਲੇਛ ਸੀ, ਜਿਸ ਦੀ ਭਾਖਾ ਮਲੇਛ ਭਾਖਾ ਸੀ।

Sri Satguru Jagjit Singh Ji Elibrary NamdhariElibrary@gmail.com

ਇਸਲਾਮ ਦੇ ਅਦਵੈਤ ਤੱਤ ਨੂੰ ਗੁਰੂ ਸਾਹਿਬਾਂ ਨੇ ਨਿੰਦਿਆ ਨਹੀਂ। ਉਸ ਨਾਲ ਭਾਰਤੀ ਸੰਸਕ੍ਰਿਤੀ ਦੀ ਸਾਂਝ ਪੁਆਉਣ ਦਾ ਜਤਨ ਹੀ ਕੀਤਾ ਹੈ ਪਰ ਇਸਲਾਮ ਦੇ ਨਾਮ ਉੱਤੇ ਮਲੇਛ ਆਚਰਣ ਉਸ ਦੀ ਵਾਹਕ ਭਾਸ਼ਾ ਦਾ ਉਨ੍ਹਾਂ ਨੇ ਸਖਤ ਵਿਰੋਧ ਕੀਤਾ ਸੀ।

ਜਿਸ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੁਸਲਿਮ ਹਾਕਮਾਂ ਦੇ ਖਿਲਾਫ ਤਲਵਾਰ ਚੁੱਕੀ, ਉਨ੍ਹਾਂ, ਨੇ ਉਸ ਇਸਲਾਮ ਦੇ ਖਿਲਾਫ ਲੜਾਈ ਲੜੀ ਜਿਹੜਾ ਹਮਲਾਵਰ ਸੀ। ਮੁਸਲਮਾਨ ਮਾਤ੍ਰ ਦੇ ਖਿਲਾਫ ਉਨ੍ਹਾਂ ਨੇ ਲੜਾਈ ਨਹੀਂ ਲੜੀ।

ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਅਰੰਭ ਉਰਦੂ ਭਾਸ਼ਾ ਦੀ ਗੁਲਾਮੀ ਦੇ ਖਿਲਾਫ ਬੰਗਲਾ ਭਾਸ਼ਾ ਦੀ ਰੱਖਿਆ ਲਈ ਅੰਦੋਲਨ ਦੇ ਰੂਪ ਵਿਚ ਹੋਇਆ ਸੀ। ਬਾਅਦ ਵਿਚ ਉਸ ਨਾਲ ਆਰਥਿਕ, ਸਮਾਜਿਕ, ਤੇ ਜਾਤੀ-ਗੱਤ ਤੱਤ ਤੇ ਲੁਟ ਖਸੁੱਟ ਦੇ ਤੱਤ ਵੀ ਜੁੜਦੇ ਗਏ, ਪਰ ਲੜਾਈ ਦਾ ਆਰੰਭ ਨਿਰੋਲ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਹੋਇਆ।

ਠੀਕ ਇਹੋ ਗੱਲ—ਪੰਜਾਬ ਵਿਚ ਪੰਜ ਸੌ ਸਾਲ ਪਹਿਲਾਂ ਹੋਈ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਭਾਸ਼ਾ, ਸਾਹਿਤ ਅਤੇ ਸੰਸਕ੍ਰਿਤੀ ਉਪਰ ਮਲੇਛ ਹਮਲੇ ਦਾ ਵਿਰੋਧ ਕੀਤਾ ਅਤੇ ਮੁਕਾਬਲੇ ਵਿਚ ਆਪਣੇ ਦੇਸ਼ ਦੀ ਭਾਸ਼ਾ, ਲਿਪੀ, ਸਾਹਿਤ ਤੇ ਸੰਸਕ੍ਰਿਤੀ ਦੀ ਗਲ ਟੋਰੀ। ਅੱਗੇ ਚਲ ਕੇ ਗੁਰੂ ਨਾਨਕ ਪਰੰਪਰਾ ਦੇ ਗੁਰੂ ਸਾਹਿਬਾਂ ਨੇ ਮਲੇਛ ਹਮਲੇ ਦੇ ਖਿਲਾਫ ਕਲਮ ਦੇ ਨਾਲ ਨਾਲ ਤਲਵਾਰ ਵੀ ਚੁੱਕੀ।

ਸਤਿਗੁਰੂ ਰਾਮ ਸਿੰਘ ਜੀ ਵੱਲੋਂ

ਠੀਕ ਏਸੇ ਪਰੰਪਰਾ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮਲੇਛ ਹਮਲੇ ਅਤੇ ਮਲੇਛ ਭਾਸ਼ਾ ਵਿਰੁਧ ਅੰਦੋਲਨ ਨੂੰ ਵੇਖਿਆ ਜਾ ਸਕਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਜਦੋਂ ਆਏ ਉਦੋਂ ਤਕ ਭਾਰਤ ਵਿਚ ਮੁਸਲਿਮ ਰਾਜ ਦਾ ਚਰਿਤ੍ਰ ਤਾਂ ਭਾਵੇਂ ਬਦਲ ਗਿਆ ਸੀ, ਅੰਗਰੇਜ਼ ਭਾਰਤ ਵਿਚ ਪਹੁਚ ਚੁੱਕਾ ਸੀ ਪਰ ਭਾਰਤ ਦੀ ਸੰਸਕ੍ਰਿਤੀ ਉੱਤੇ ਹਮਲੇ ਦਾ ਸਿਲਸਿਲਾ ਬਾਕਾਇਦਗੀ ਨਾਲ ਚਲ ਹੀ ਰਿਹਾ ਸੀ।

ਉਰਦੂ ਫਾਰਸੀ ਅੰਗਰੇਜ਼ਾਂ ਤੋਂ ਪਹਿਲਾਂ ਰਾਜ ਕਾਜ ਦੀ ਭਾਸ਼ਾ ਸੀ ਤੇ ਅਰਬੀ ਕੁਰਾਨ ਦੀ। ਇਹ ਤਿੰਨੇ ਭਾਸ਼ਾਵਾਂ ਹੀ ਭਾਰਤੀ ਭਾਸ਼ਾਵਾਂ ਨੂੰ ਦਬਾਈ ਰੱਖਣ ਜਾਂ ਖਤਮ ਹੀ ਕਰਣ ਵਿਚ ਜੁਟੀਆਂ ਹੋਈਆਂ ਸਨ।

ਇਨ੍ਹਾਂ ਦੇ ਨਾਲ ਨਾਲ ਹੀ ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਅੰਗਰੇਜ਼ੀ ਭਾਸ਼ਾ ਵੀ ਆ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਉਰਦੂ, ਫਾਰਸੀ ਤੇ ਅਰਬੀ ਦੇ ਨਾਲ ਨਾਲ ਹੀ ਅੰਗਰੇਜ਼ੀ ਸਾਮਰਾਜ ਦੇ ਨਾਲ ਆਈ ਉਸ ਦੇ ਰਾਜ ਕਾਜ ਦੀ ਭਾਸ਼ਾ ਅੰਗਰੇਜ਼ੀ ਦੇ ਖਿਲਾਫ ਵੀ ਅੰਦੋਲਣ ਸ਼ੁਰੂ ਕੀਤਾ ਤੇ ਹਮਲਾਵਰ ਅੰਗਰੇਜ਼ਾਂ ਨੂੰ ਮਲੇਛ ਮੰਨਣ ਦੇ ਨਾਲ ਨਾਲ ਹੀ ਉਨ੍ਹਾਂ ਦੀ ਭਾਸ਼ਾ ਅੰਗਰੇਜ਼ੀ ਨੂੰ ਵੀ ਮਲੇਛ ਭਾਖਾ ਦੇ ਰੂਪ ਵਿਚ ਹੀ ਜਾਣਿਆ।

ਅੰਗਰੇਜ਼ੀ ਭਾਸ਼ਾ ਦਾ ਚਰਿਤਰ

ਹਾਲਾਂ ਕਿ ਅੰਗਰੇਜ਼ੀ ਭਾਸ਼ਾ ਦਾ ਚਰਿਤਰ ਅਰਬੀ ਫਾਰਸੀ ਤੇ ਉਰਦੂ ਵਾਂਗ ਮਜ਼ਹਬੀ ਚਰਿਤਰ ਨਹੀਂ ਸੀ। ਅਰਬੀ ਫਾਰਸੀ ਤੇ ਉਰਦੂ ਸ਼ੁਰੂ ਤੋਂ ਅੰਤ ਤਕ ਭਾਰਤ ਅੰਦਰ ਮੂਲ ਰੂਪ ਵਿਚ ਇਸਲਾਮਕ ਭਾਸ਼ਾਵਾਂ ਰਹੀਆਂ ਜਦੋਂ ਕਿ ਅੰਗਰੇਜ਼ਾਂ ਨੇ ਭਾਰਤ ਵਿਚ ਇਸਾਈਅਤ ਦਾ ਸਾਰਾ ਪਰਚਾਰ ਭਾਰਤ ਦੀਆਂ ਸਥਾਨਕ ਬੋਲੀਆਂ ਰਾਹੀਂ ਕੀਤਾ। ਅੰਗਰੇਜ਼ ਈਸਾਈ ਮਿਸ਼ਨਰੀਆਂ ਨੇ ਭਾਰਤ ਵਿਚ ਈਸਾਈਅਤ ਦੇ ਪਰਚਾਰ ਪਰਸਾਰ ਲਈ ਭਾਰਤ ਦੀਆਂ ਆਪਣੀਆਂ ਸਥਾਨਕ ਭਾਸ਼ਾਵਾਂ ਦਾ ਉੱਧਾਰ ਕੀਤਾ, ਉਨ੍ਹਾਂ ਨੂੰ ਬਣਾਨ ਸੁੰਵਾਰਨ ਵਿਚ ਤਗੜੀ ਮਿਹਨਤ ਕੀਤੀ, ਉਨ੍ਹਾਂ ਲਈ ਛਾਪੇ ਦੇ ਅੱਖਰ ਬਣਾਏ ਤੇ ਉਨ੍ਹਾਂ ਨੂੰ ਠੇਠ ਸਥਾਨਕ ਬੋਲ ਚਾਲ ਦੀ ਸਾਹਿਤਕ ਭਾਸ਼ਾ ਦਾ ਰੂਪ ਦੇਣ ਵਿਚ ਤਗੜਾ ਰੋਲ ਅਦਾ ਕੀਤਾ। ਅੰਗਰੇਜ਼ੀ ਭਾਸ਼ਾ ਨੂੰ ਅੰਗਰੇਜ਼ਾਂ ਨੇ ਆਪਣੇ ਰਾਜ ਕਾਜ ਦੀ ਭਾਸ਼ਾ ਦੇ ਰੂਪ ਵਿਚ ਚਲਾਇਆ।

Sri Satguru Jagjit Singh Ji Elibrary NamdhariElibrary@gmail.com

ਇਸ ਦੇ ਮੁਕਾਬਲੇ ਵਿਚ ਅਰਬੀ ਫਾਰਸੀ ਤੇ ਉਰਦੂ ਹਾਕਮ ਭਾਸ਼ਾਵਾਂ ਦੇ ਨਾਲ ਨਾਲ ਮਜ਼ਹਬੀ ਗਲਬੇ ਅਤੇ ਭਾਰਤੀ ਸੰਸਕ੍ਰਿਤੀ ਉਤੇ ਜਬਰ ਦੀਆਂ ਭਾਸ਼ਾਵਾਂ ਦੇ ਰੂਪ ਵਿਚ ਚਲਦੀਆਂ ਭਾਸ਼ਾਵਾਂ ਦੇ ਰੂਪ ਵਿਚ ਚਲਦੀਆਂ ਰਹੀਆਂ।

ਪੰਜਾਬੀ ਭਾਸ਼ਾ ਦੀ ਸਭ ਤੋਂ ਵੱਡੀ ਦੁਸ਼ਮਣ

ਪੰਜਾਬ ਵਿਚ ਪੰਜਾਬੀ ਬੋਲੀ ਦੀ ਉਨਤੀ ਤੇ ਵਿਕਾਸ ਵਿਚ ਸਭ ਤੋਂ ਵਡੀ ਰੁਕਾਵਟ ਜੇ ਕੋਈ ਬੋਲੀ ਰਹੀ ਹੈ ਤਾਂ ਉਹ ਅਰਬੀ ਫਾਰਸੀ ਦੀ ਸੰਤਾਨ ਉਰਦੂ ਹੀ ਰਹੀ। ਪੰਜਾਬ ਵਿਚ ਇਸਲਾਮੀ ਪਸਾਰੇ ਦੇ ਨਾਲ ਨਾਲ ਹੀ ਉਰਦੂ ਦਾ ਪਸਾਰਾ ਵੀ ਹੋਇਆ ਅਤੇ ਵੇਖਿਆ ਗਿਆ ਹੈ ਕਿ ਪਹਿਲੇ ਦਸਾਂ ਵਿਚੋਂ ਸੱਤਾਂ ਗੁਰੂਆਂ ਨੇ ਉਸ ਇਸਲਾਮੀ ਹਮਲੇ ਦੇ ਟਾਕਰੇ ਲਈ ਗੁਰਮੁਖੀ ਅੱਖਰਾਂ ਵਿਚ ਭਾਰਤੀ ਸੰਸਕ੍ਰਿਤੀ ਤੇ ਵਿਚਾਰ ਪਰੰਪਰਾ ਦੇ ਆਧਾਰ ਉਤੇ ਬਾਣੀ ਦੀ ਰਚਨਾ ਕਰ ਕੇ ਭਾਰਤੀ ਸੰਸਕ੍ਰਿਤੀ ਉਤੇ ਹਮਲੇ ਨੂੰ ਠਲ੍ਹ ਪਾਈ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਤੋਂ ਪਹਿਲਾਂ ਦੇ ਗੁਰੂਆਂ ਦੀ ਉਸੇ ਸੰਸਕ੍ਰਿਤੀ ਪਰੰਪਰਾ ਨੂੰ ਅਗਾਹ ਵਧਾਉਂਦਿਆਂ ਹੋਇਆਂ ਗੁਰਬਾਣੀ ਦੇ ਪਾਠ ਦਾ ਹੋਕਾ ਦਿਤਾ। ਘਰ ਘਰ ਇਹ ਸੁਨੇਹਾ ਦਿਤਾ ਕਿ ਗੁਰਬਾਣੀ ਪੜ੍ਹੇ ਹਰ ਮਾਈ ਭਾਈ, ਬੁੱਢਾ ਬਾਲਾ ਗੁਰਮੁਖੀ ਪੜ੍ਹੇ। ਇਸ ਮਨੋਰਥ ਲਈ ਆਪ ਨੇ ਗੁਰਬਾਣੀ ਦੇ ਗੁਟਕੇ ਤਿਆਰ ਕਰਵਾਏ। ਪੰਜ ਗ੍ਰੰਥੀ ਤੇ ਦਸ ਗ੍ਰੰਥੀ ਦੀ ਰੀਤ ਟੋਰੀ। ਸ੍ਰੀ ਆਦਿ ਗ੍ਰੰਥ ਸਾਹਿਬ ਜੋ ਕਿ ਮਲੇਛ ਪ੍ਰਭਾਵ ਕਾਰਨ ਲੋਕਾਂ ਦੀ ਯਾਦ ਅਤੇ ਨਜ਼ਰ ਤੋਂ ਉਹਲੇ ਹੋ ਗਏ ਸਨ, ਉਨ੍ਹਾਂ ਨੂੰ ਪ੍ਰਕਾਸ਼ ਵਿਚ ਲਿਆਂਦਾ। ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਆਮ ਜਨਤਾ ਤਕ ਸੌਖਿਆਂ ਪੁਚਾਣ ਲਈ ਉਸ ਦੀ ਛਾਪੇ ਦੀ ਜਿਲਦ ਤਿਆਰ ਕਰਵਾਈ। ਆਪ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਨਾਲ ਨਾਲ ਸ੍ਰੀ ਦਸਮ ਗ੍ਰੰਥ ਦੇ ਪਾਠ ਦੀ ਰੀਤ ਵੀ ਤੋਰੀ ਅਤੇ ਉਸ ਗ੍ਰੰਥ ਦੀਆਂ ਕੁਝ ਕੁ ਬਾਣੀਆਂ ਨੂੰ ਰੋਜ਼ਾਨਾ ਪਾਠ ਦਾ ਅੰਗ ਬਣਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਬੋਲੀ ਦੇ ਹੱਕ ਵਿਚ ਅਤੇ ਅਰਬੀ, ਫਾਰਸੀ, ਓਰਦੂ ਤੇ ਅੰਗਰੇਜ਼ੀ ਦੇ ਖਿਲਾਫ਼ ਉਸ ਸਮੇਂ ਅੰਦੋਲਨ ਛੇੜਿਆ ਜਦੋਂ ਮਹਾਰਾਜਾ ਰਣਜੀਤ ਸਿੰਘ ਤਕ ਨੇ ਉਰਦੂ ਫਾਰਸੀ ਨੂੰ ਆਪਣੇ ਖਾਲਸਾ ਰਾਜ ਦੀ ਰਾਜ ਭਾਸ਼ਾ ਦੀ ਮਰਯਾਦਾ ਬਖਸ਼ ਦਿਤੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਸ ਕਿਰਪਾ ਦਾ ਅਸਰ ਇਹ ਹੋਇਆ ਕਿ ਪੰਜਾਬ ਵਿਚ ਮਲੇਛਾਚਾਰ ਪੂਰੇ ਜ਼ੋਰ ਨਾਲ ਵਧਿਆ ਫਲਿਆ। ਅਵਿਵੇਕ ਦੀਆਂ ਫੌਜਾਂ ਭਾਰੂ ਹੋ ਗਈਆਂ ਅਤੇ ਵਿਵੇਕ ਦੀਆਂ ਕਮਜ਼ੋਰ। ਨਤੀਜਾ ਜੋ ਹੋ ਸਕਦਾ ਸੀ ਉਹੋ ਹੀ ਹੋਇਆ। ਖੋਹਮ ਖੋਹੀ ਮਚ ਗਈ ਤੇ ਅੰਤ ਨੂੰ ਖਾਲਸਾ ਰਾਜ ਮਲੇਛ ਖਾਲਸੇ ਦੇ ਹੱਥੀਂ ਹੀ ਖੁੱਸ ਗਿਆ। ਅਰਬੀ, ਫਾਰਸੀ ਤੇ ਉਰਦੂ ਨੂੰ ਭਾਰਤ ਵਿਚ ਵਸਣ ਫੁਲਣ ਦਾ ਇਕ ਹਜ਼ਾਰ ਸਾਲ ਤਕ ਖੁਲ੍ਹਾ ਮੌਕਾ ਮਿਲਿਆ ਪਰ ਅਸਚਰਜ ਹੈ ਕਿ ਇਨ੍ਹਾਂ ਵਿਚੋਂ ਕੋਈ ਭਾਸ਼ਾ ਭਾਰਤ ਦੇ ਲੋਕ ਜੀਵਨ ਵਿਚ ਜੜ੍ਹ ਨਹੀਂ ਸਮਾ ਸਕੀ। ਪੰਜਾਬ ਵਿਚੋਂ ਮੁਸਲਮਾਨਾਂ ਦੇ ਪਾਕਿਸਤਾਨ ਜਾਂਦਿਆਂ ਹੀ ਪੰਜਾਬ ਵਿਚ ਉਰਦੂ ਦਾ ਹਰਾਸ ਸ਼ੁਰੂ ਹੋ ਗਿਆ ਅਤੇ ਅੱਜ ਨਵੀਂ ਪੀੜ੍ਹੀ ਵਿਚ ਉਰਦੂ ਬੇ ਪਛਾਣ ਹੈ। ਕਲ੍ਹ ਤੱਕ ਦੇ ਪਾਕਿਸਤਾਨ ਦੇ ਵੱਡੇ ਹਿੱਸੇ ਪੂਰਬੀ ਬੰਗਾਲ ਵਿਚ ਉਰਦੂ ਦੇ ਖਿਲਾਫ਼ ਓਥੋਂ ਦੇ ਮੁਸਲਮਾਨਾਂ ਨੇ ਹੀ ਬਗਾਵਤ ਕੀਤੀ ਅਤੇ ਅਸਚਰਜ ਇਸ ਗੱਲ ਦਾ ਹੈ ਕਿ ਅੱਜ ਪਾਕਿਸਤਾਨੀ ਪੰਜਾਬ ਦੇ ਮੁਸਲਮਾਨ ਅਤੇ ਸਿੰਧ ਦੇ ਮੁਸਲਮਾਨ ਵੀ ਉਰਦੂ ਤੋਂ ਬਾਗੀ ਹੋ ਰਹੇ ਹਨ ਉਰਦੂ ਦਾ ਨਾ ਭਾਰਤ ਵਿਚ ਕੋਈ ਆਪਣਾ ਘਰ ਹੈ ਅਤੇ ਨਾ ਹੀ ਪਾਕਿਸਤਾਨ ਵਿਚ। ਇਹ ਮਲੇਛ ਹਮਲਾਵਰਾਂ ਨਾਲ ਆਈ, ਅਰਬੀ ਫਾਰਸੀ ਤੋਂ ਜਨਮੀ ਅਤੇ ਮਲੇਛ ਹਮਲਾਵਰਾਂ ਦੀ ਵਿਦਾਈ ਦੇ ਨਾਲ ਨਾਲ ਹੀ ਖਤਮ ਹੋਣੀ ਸ਼ੁਰੂ ਹੋ ਗਈ। ਭਾਰਤ ਵਿਚ ਮੁਸਲਿਮ ਰਾਜ ਅਤੇ ਖਾਲਸਾ ਰਾਜ ਦੇ ਵਾਰਸ ਅੰਗਰੇਜ਼ਾਂ ਨੇ ਉਰਦੂ ਨੂੰ ਵੀ ਭਾਰਤ ਦੇ ਕੁਝ ਇਲਾਕਿਆਂ ਵਿਚ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ਾਂ ਦੇ ਭਾਰਤ ਵਿਚੋਂ ਜਾਂਦਿਆਂ ਹੀ ਉਰਦੂ ਦੇ ਪ੍ਰਤੀ ਆਗ੍ਰਹਿ ਖਤਮ ਹੋ ਗਿਆ। ਹੁਣ ਉਰਦੂ ਨੂੰ ਕਾਇਮ ਰੱਖਣ ਲਈ ਕੇਵਲ ਓਹੋ ਤੱਤ ਕੋਸ਼ਿਸ਼ ਕਰ ਰਿਹਾ ਹੈ ਜਿਹੜਾ ਅੱਜ ਵੀ ਮਜ਼ਹਬੀ ਵਖਰੇਵੇਂ ਨੂੰ ਪਹਿਲ ਦੇਂਦਾ ਤੇ ਜਿਸ ਨੇ ੧੯੪੭ ਵਿਚ ਪਾਕਿਸਤਾਨ ਬਣਵਾਇਆ ਸੀ ਅਤੇ ਜਾਂ ਉਹ ਤੱਤ-ਜਿਸ ਦੀ ਸਿਆਸੀ ਦੁਕਾਨ ਮਜ਼ਹਬੀ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਦੇ ਨਾਮ ਉਤੇ ਚਲਦੀ ਹੈ।

Sri Satguru Jagjit Singh Ji Elibrary NamdhariElibrary@gmail.com

ਪੰਜਾਬ ਵਿਚ ਅੱਜ ਜਿਸ ਪੰਜਾਬੀ ਭਾਸ਼ਾ ਦਾ ਪਸਾਰਾ ਹੋ ਰਿਹਾ ਹੈ, ਜ਼ਿਸ ਨੂੰ ਜੰਮਦਿਆਂ ਹੀ ਮਰਨ ਤੋਂ ਬਚਾਣ ਲਈ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸੰਘਰਸ਼ ਕੀਤਾ ਤੇ ਫੇਰ ਆਪ ਦੀ ਗੱਦੀ ਦੇ ਦੂਸਰੇ ਵਾਰਸਾਂ ਨੇ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਲਈ ਉਸ ਵੇਲੇ ਸੰਘਰਸ਼ ਕੀਤਾ ਜਦੋਂ ਬ੍ਰਾਹਮਣਾਂ ਖਤਰੀਆਂ ਨੇ ਹੀ ਆਪਣਾ ਧਰਮ ਛੱਡ ਕੇ "ਮਲੇਛ ਭਾਖਿਆ ਗਹੀ" ਵਾਲੀ ਗੁਰੂ ਨਾਨਕ ਵਾਲੀ ਉਕਤੀ ਨੂੰ ਸਤਿ ਨਹੀਂ ਸੀ ਸਿਧ ਕਰ ਦਿਤਾ ਸਗੋਂ ਸਿਖ ਰਾਜੇ ਰਣਜੀਤ ਸਿੰਘ ਨੇ ਉਸ ਭਾਸ਼ਾ ਨੂੰ ਰਾਜ ਸਿੰਘਾਸਨ ਉਪਰ ਬਿਠਾ ਕੇ ਗੁਰੂ ਸਾਹਿਬਾਨ ਦੀ ਸੰਸਕ੍ਰਿਤੀ ਸੰਬੰਧੀ ਸਾਰੀ ਧਾਰਨਾ ਉਤੇ ਹੀ ਪਾਣੀ ਫੇਰ ਦਿਤਾ ਹੋਇਆ ਸੀ। ਉਰਦੂ ਫਾਰਸੀ ਵਧਦੀ ਵਧਦੀ ਅਕਾਲ ਤਖਤ ਤੋਂ ਜਾਰੀ ਹੋਣ ਵਾਲੇ ਫੁਰਮਾਨਾਂ ਦੀ ਭਾਸ਼ਾ ਤੱਕ ਪਸਰ ਚੁੱਕੀ ਸੀ ਤੇ ਉਧਰ ਪ੍ਰਤਾਪਸ਼ਾਲੀ ਅੰਗਰੇਜ਼ੀ ਸਾਮਰਾਜ ਦੀ ਬਦੌਲਤ ਅੰਗਰੇਜ਼ੀ ਰਾਜ ਕਾਜ ਵਿਚ ਆਪਣਾ ਪਸਾਰਾ ਕਰ ਰਹੀ ਸੀ।

ਸਤਿਗੁਰੂ ਨਾਨਕ ਨੇ ਪੰਜ ਸੌ ਸਾਲ ਪਹਿਲਾਂ ਸੰਸਕ੍ਰਿਤੀ ਦੀ ਰੱਖਿਆ ਲਈ ਜਿਹੜਾ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਅਰਬੀ, ਫਾਰਸੀ, ਉਰਦੂ ਤੇ ਅੰਗਰੇਜ਼ੀ ਦੇ ਬਾਈਕਾਟ ਦਾ ਹੋਕਾ ਦੇ ਕੇ ਅਗਾਂਹ ਵਧਾਇਆ ਸੀ, ਉਹ ਅੰਦੋਲਣ ਅੱਜ ਸਫਲ ਹੋ ਚੁਕਾ ਹੈ। ਅਰਬੀ-ਫਾਰਸੀ, ਆਪਣੇ ਆਪਣੇ ਆਪਣੇ ਦੇਸ਼ਾਂ ਦੀ ਭਾਸ਼ਾ ਹੀ ਰਹੀ ਹੈ ਅਤੇ ਉਰਦੂ ਦੇ ਖਿਲਾਫ ਉਸ ਦੇ ਅਸਲ ਮੁਢੱਈਆਂ (ਪਾਕਿਸਤਾਨੀ ਮੁਸਲਮਾਨਾਂ) ਨੇ ਹੀ ਬਗਾਵਤ ਖੜੀ ਕਰ ਕੇ ਉਸ ਦੀ ਅਨਾਦਥਕਾ ਪਰਮਾਨਤ ਕਰ ਦਿਤੀ ਹੈ।

ਭਾਰਤੀ ਉਪ ਮਹਾਂਦੀਪ ਦਾ ਚਿਹਰਾ ਬਦਲ ਰਿਹਾ ਹੈ। ਬੰਗਲਾ ਦੇਸ਼ ਦੀ ਆਜ਼ਾਦੀ ਨਾਲ ਉਸ ਸਦੀਆਂ ਲੰਮੇ ਮਲੇਛ ਹਮਲੇ ਦਾ ਮੂੰਹ ਮੁੜ ਗਿਆ ਹੈ ਤੇ ਸੰਤੋਖ ਵਾਲੀ ਗੱਲ ਇਹ ਹੈ ਕਿ ਉਸ ਦਾ ਮੂੰਹ ਮੋੜਣ ਲਈ ਅੰਤਿਮ ਲੜਾਈ ਉਨ੍ਹਾਂ, ਮੁਸਲਮਾਨਾਂ ਨੇ ਕੀਤੀ ਹੈ ਜਿਹੜੇ ਕਿਸੇ ਜ਼ਮਾਨੇ ਵਿਚ ਜ਼ੋਰ ਜਬਰ ਨਾਲ ਮੁਸਲਮਾਨ ਬਣਾਏ ਗਏ ਸਨ ਤੇ ਹਜ਼ਾਰ ਸਾਲ ਤਕ ਹਮਲਾਵਰਾਂ ਦੀ ਸੰਸਕ੍ਰਿਤੀ ਦੇ ਵਾਹਕ ਬਣੇ ਚਲੇ ਆ ਰਹੇ ਸਨ।

ਅੱਜ ਉਹਨਾਂ ਦਾ ਚਰਿਤਰ ਬਦਲ ਰਿਹਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਪਹਿਲੋਂ ਮੁਸਲਮਾਨ ਮੰਨਣ ਦੀ ਥਾਂ ਪਹਿਲਾਂ, ਬੰਗਾਲੀ, ਪੰਜਾਬੀ, ਸਿੰਧੀ, ਬਲੋਚ ਤੇ ਪਖਤੂਨ ਮੰਨਣਾ ਸ਼ੁਰੂ ਕਰ ਦਿਤਾ ਹੈ। ਮਜ਼ਹਬੀ ਭਾਸ਼ਾ ਦੀ ਥਾਂ ਉਨ੍ਹਾਂ ਨੇ ਮਾਤ ਭਾਸ਼ਾ ਨੂੰ ਪਹਿਲ ਦੇਣੀ ਅਰੰਭ ਕਰ ਦਿਤੀ ਜਿਹੜੀ ਕਿ ਸੰਸਕ੍ਰਿਤੀ ਦੇ ਪੱਖ ਤੋਂ ਅੰਤ ਨੂੰ ਉਨ੍ਹਾਂ ਨੂੰ ਭਾਰਤੀ ਸੰਸਕ੍ਰਿਤੀ ਦੇ ਮੂਲ ਸੋਮੇ ਨਾਲ ਜੋੜਣ ਵਿਚ ਸਫਲ ਹੋਵੇਗੀ।

ਅੰਗਰੇਜ਼ੀ ਮਜ਼ਹਬੀ ਭਾਸ਼ਾ ਨਹੀਂ ਸੀ। ਉਹ ਪਹਿਲਾਂ ਅੰਗਰੇਜ਼ੀ ਸਾਮਰਾਜ ਦੇ ਰਾਜ ਪਸਾਰੇ ਦੀ ਭਾਸ਼ਾ ਸੀ ਅਤੇ ਅੱਜ ਵਿਗਿਆਨ ਦੀ ਭਾਸ਼ਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ੀ ਭਾਸ਼ਾ ਦੇ ਪ੍ਰਤੀ ਵਿਰੋਧ-ਭਾਵ ਉਸ ਦਾ ਅੰਗਰੇਜ਼ੀ ਸਾਮਰਾਜ ਦੇ ਪਸਾਰੇ ਦੀ ਵਾਹਕ ਭਾਸ਼ਾ ਕਾਰਨ ਸੀ। ਅੱਜ ਦੁਨੀਆ ਭਰ ਵਿਚੋਂ ਅੰਗਰੇਜ਼ੀ ਸਾਮਰਾਜ ਦਾ ਸੂਰਜ ਡੁੱਬ ਰਿਹਾ ਹੈ ਪਰ ਅੰਗਰੇਜ਼ੀ ਭਾਸ਼ਾ ਦੀ ਵਿਦਾਈ ਦੇ ਲੱਛਣ ਅਜੇ ਸਪਸ਼ਟ ਨਹੀਂ ਹਨ। ਹਾਂ ਏਨਾਂ ਜ਼ਰੂਰ ਹੈ ਕਿ ਹਰ ਦੇਸ਼ ਵਿਚ ਅਤੇ ਭਾਰਤ ਵਿਚ ਵੀ ਸਥਾਨਕ ਭਾਸ਼ਾਵਾਂ ਰਾਜ ਕਾਜ ਦੀਆਂ ਭਾਸ਼ਾਵਾਂ ਬਣਦੀਆਂ ਜਾ ਰਹੀਆਂ ਹਨ। ਅੰਗਰੇਜ਼ੀ ਨੂੰ ਹੌਲੀ ਹੌਲੀ ਰਾਜ ਕਾਜ ਵਿਚੋਂ ਬੇਦਖਲ ਕੀਤਾ ਜਾ ਰਿਹਾ ਹੈ, ਪਰ ਵਿਗਿਆਨ ਦੀ ਇਕ ਵਾਹਕ ਭਾਸ਼ਾ ਦੇ ਰੂਪ ਵਿਚ ਇਸ ਨੂੰ ਹਰ ਥਾਂ ਹੀ ਪਰਵਾਨਗੀ ਮਿਲ ਗਈ ਹੈ।

ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ੀ ਭਾਸ਼ਾ ਦੇ ਪ੍ਰਤੀ ਵਿਰੋਧ ਉਸ ਅਰਥ ਵਿਚ ਸਫਲ ਹੋ ਗਿਆ ਹੈ ਜਿਸ ਅਰਥ ਵਿਚ ਇਹ ਅੰਗਰੇਜ਼ੀ ਸਾਮਰਾਜ ਦੀ ਵਾਹਕ ਭਾਸ਼ਾ ਸੀ ਤੇ ਹੁਣ ਅੰਗਰੇਜ਼ੀ ਸਾਮਰਾਜ ਦੀ ਵਿਦਾਈ ਦੇ ਨਾਲ ਨਾਲ ਹੀ ਅੰਗਰੇਜ਼ੀ ਭਾਸ਼ਾ ਵੀ ਰਾਜ ਵਿਚ ਸਥਾਨਕ ਭਾਸ਼ਾਵਾਂ ਲਈ ਥਾਂ ਖਾਲੀ ਕਰਕੇ ਵਿਦਾ ਹੋ ਰਹੀ ਹੈ। ●

Sri Satguru Jagjit Singh Ji Elibrary NamdhariElibrary@gmail.com

ਨਰਮਦਾ

—ਜਸਵੰਤ ਸਿੰਘ ਵਿਰਦੀ

ਜਦੋਂ ਵੀ ਮੈਂ ਨਰਮਦਾ ਦੀ ਥਿਰਕਦੀ ਹੋਈ ਧਾਰ ਨੂੰ ਵੇਖਦਾ ਹਾਂ ਤਾਂ ਮੈਨੂੰ ਮਾਂਡੂ ਦੇ ਬਾਜ਼ਬਹਾਦਰ ਅਤੇ ਉਸਦੀ ਪਿਆਰੀ ਰੂਪਮਤੀ ਦਾ ਚੇਤਾ ਆ ਜਾਂਦਾ ਹੈ। ਨਰਮਦਾ ! ਨੀਲੇ ਗਹਿਰੇ ਪਾਣੀਆਂ ਨਾਲ ਭਰਪੂਰ ਅਤੇ ਮਚਲਦੀ ਹੋਈ, ਮੁਸਕਣੀ ਦੀਆਂ ਬਿਜਲੀਆਂ ਲਿਸ਼ਕਾਉਂਦੀ ਹੋਈ, ਮਦ-ਮਸਤ ! ਵਾਂਗ ਹੀ।

ਨਰਮਦਾ ਨਦੀ ਦਾ ਹਾਲ ਉਸ ਨਖਰੇਲੀ ਨਾਰ ਵਰਗਾ ਹੈ ਜੋ ਕਿ ਹਰ ਵੇਲੇ ਨਚਦੀ ਟਪਦੀ ਅਤੇ ਥਿਰਕਦੀ ਹੋਈ ਚਲਦੀ ਹੈ, ਮਤਵਾਲੀ ਜਵਾਨੀ ਦੀ ਮਾਦਕਤਾ ਨਾਲ ਭਰਪੂਰ। ਰਸੀਲੀ ਤੇ ਭੜਕੀਲੀ।

ਨਦੀਆਂ ਤੇ ਦਰਿਆਵਾਂ ਨੂੰ ਵੀ ਤਾਂ ਜਵਾਨੀ ਪਰੇਸ਼ਾਨ ਕਰਦੀ ਹੀ ਹੈ ਨਾਂ।

ਕਈ ਇਸਤਰੀਆਂ ਬਹੁਤੀਆਂ ਚੰਚਲ ਹੁੰਦੀਆਂ ਨੇ ਤੇ ਕਈ ਥੋੜੀਆਂ। ਕਈ ਮਰਿਯਾਦਾ ਨੂੰ ਛੱਡ ਜਾਂਦੀਆਂ ਨੇ ਤੇ ਕਈ ਮਰਿਯਾਦਾ ਦੀ ਸੀਮਾਂ ਅੰਦਰ ਹੀ ਚਲਦੀਆਂ ਨੇ।

ਨਰਮਦਾ ਆਮ ਤੌਰ ਤੇ ਮਰਿਯਾਦਾ ਤੋਂ ਬਾਹਰ ਨਹੀਂ ਜਾਂਦੀ। ਤਦੇ ਹੀ ਨਰਮਦਾ ਕੁੰਡ ਕੋਲ ਬਣੇ ਹੋਏ ਉਸਦੇ ਮੰਦਿਰ ਨੂੰ ਨਰਮਦਾ ਮਾਈ ਦਾ ਮੰਦਿਰ ਕਿਹਾ ਜਾਂਦਾ ਹੈ। ਪਰ ਇਸ ਹਕੀਕਤ ਦਾ ਕੀ ਕਰੀਏ ਕਿ ਇਹ ਕਦੀ

ਲੇਖਕ

ਵੀ ਬੁੱਢੀ ਨਹੀਂ ਹੁੰਦੀ। ਉਸ ਦੀ ਅਖਤ ਜਵਾਨੀ ਦੇ ਜੋਸ਼ ਨੂੰ ਹੁਣ ਤਕ ਕੋਈ ਵੀ ਨਹੀਂ ਠੱਲ ਪਾ ਸਕਿਆ। ਸ਼ਾਇਦ ਸਾਡੇ ਲੋਕਾਂ ਕੋਲ ਉਸ ਤਰ੍ਹਾਂ ਦੀ ਮਰਦਾਨਗੀ ਦੀ ਘਾਟ ਸੀ ਜਿਸ ਨਾਲ ਨਰਮਦਾ ਦੇ ਪਾਣੀਆਂ ਨੂੰ ਕਾਬੂ ਕੀਤਾ ਜਾ ਸਕਦਾ ਸੀ।

ਸਦੀਆਂ ਤੋਂ ਇਹ ਜਲਧਾਰਾ ਅਮਰ ਕੰਟਕ ਤੋਂ ਲੈਕੇ ਭੜੋਚ ਤਕ ਅੱਠ ਸੌ ਤੋਂ ਵੀ ਵਧ ਮੀਲਾਂ ਦਾ ਸਫਰ ਝਾਕ ਕੇ ਬੇਕਾਰ ਹੀ ਕੈਂਬੇ ਦੀ ਖਾੜੀ 'ਚ ਜਾ ਡਿਗਦੀ ਹੈ।

Sri Satguru Jagjit Singh Ji Elibrary NamdhariElibrary@gmail.com

ਸੁਤੰਤਰ ਭਾਰਤ ਦੇ ਇੰਜਨੀਅਰਾਂ ਨੇ ਹੁਣ ਕੁਝ ਜਤਨ ਆਰੰਭ ਕੀਤੇ ਨੇ, ਜਿਨ੍ਹਾਂ ਸਦਕਾ ਇਸ ਦੇ ਪਾਣੀਆਂ ਨਾਲ ਧਰਤੀ ਨੂੰ ਹਰਿਆਵਲਾ ਅਤੇ ਘਰਾਂ ਨੂੰ ਰਾਤਾਂ ਵੇਲੇ ਵਧੇਰੇ ਰੋਸ਼ਨ ਕੀਤਾ ਜਾ ਸਕੇਗਾ। ਪਰ ਜੇਕਰ ਉਹ ਆਪਣੀ ਮਰਦਾਨਗੀ ਦਾ ਸਬੂਤ ਦੇ ਸਕੇ।

ਜਦੋਂ ਮੈਂ ਇਹ ਗੱਲ ਕਹਿੰਦਾ ਹਾਂ ਤਾਂ ਨਰਮਦਾ ਮੇਰੇ ਵਲ ਤਕ ਕੇ ਮੁਸਕਰਾਉਂਦੀ ਹੈ। ਉਹਦਾ ਮਤਲਬ ਕੀ ਹੈ ? ਮਹਾਂਭਾਰਤ ਵਿਚ ਨਰਮਦਾ ਨਦੀ ਨੂੰ 'ਰੇਵਾ' ਕਹਿ ਕੇ ਪੁਕਾਰਿਆ ਗਿਆ ਹੈ, ਜਿਸ ਦਾ ਸ਼ਬਦਿਕ ਅਰਥ ਹੈ, 'ਨਚਦੀ ਹੋਈ।'

ਨਰਮਦਾ ਦੇ ਸੂਕਦੇ ਪਾਣੀਆਂ ਨੂੰ ਮਹਿਸੂਸ ਕਰਕੇ ਪ੍ਰਤੀਤ ਹੁੰਦਾ ਹੈ ਕਿ ਸਾਡੇ ਬਜ਼ੁਰਗਾਂ ਨੇ ਇਸ ਦਾ ਨਾ ਰੇਵਾ ਠੀਕ ਹੀ ਰਖਿਆ ਸੀ। ਉਹ ਸਦੀਆਂ ਤਕ ਦਰਿਆਵਾਂ ਦੇ ਕਿਨਾਰਿਆਂ ਤੇ ਵਸਦੇ ਰਹਿੰਦੇ ਸਨ ਅਤੇ ਮਨੁੱਖਾਂ ਦੇ ਸੁਭਾ ਵਾਂਗ ਹੀ ਦਰਿਆਵਾਂ ਨੂੰ ਵੀ ਜਾਣਦੇ ਸਨ। ਪਰ ਹੁਣ ਤਾਂ ਅਸੀਂ ਆਪਣੇ ਸੁਭਾ ਨੂੰ ਵੀ ਨਹੀਂ ਜਾਣਦੇ। ਨਹੀਂ ਜਾਣਦੇ ਕਿ ਦਿਲਾਂ ਵਿਚ ਤੂਫਾਨ ਕਿਵੇਂ ਸੂਕਦੇ ਨੇ, ਅਤੇ ਦੁਖੀ ਦਿਲਾਂ ਦੀ ਬਦਲਵਾਈ ਨਾਲ ਹੰਝੂਆਂ ਦੇ ਦਰਿਆ ਕਿਵੇਂ ਵਗਦੇ ਨੇ। ਲੋਕਾਂ ਦੀ ਭੁਖ ਤੇ ਪੀੜ ਕੀ ਹੈ। ਨਰਮਦਾ ਅਤੇ ਤਾਪਤੀ ਭਾਰਤ ਦੀਆਂ ਦੋ ਅਜਿਹੀਆਂ ਨਦੀਆਂ ਨੇ ਜੋ ਕਿ ਆਪਣੀ ਢਲਵਾਨ ਦੇ ਵਿਰੁਧ ਪੂਰਬ ਵਲੋਂ ਪਛਮ ਨੂੰ ਜਾਂਦੀਆਂ ਨੇ।

ਕਈ ਨਾਰਾਂ ਉਲਟੇ ਰਾਹਵਾਂ ਵਲ ਵੀ ਤਾਂ ਟੁਰਦੀਆਂ ਹੀ ਨੇ। ਨਰਮਦਾ ਦਾ ਵੀ ਕੁਝ ਇਸੇ ਤਰ੍ਹਾਂ ਦਾ ਹੀ ਸੁਭਾ ਪ੍ਰਤੀਤ ਹੁੰਦਾ ਹੈ। ਲੋਕ ਕਹਿੰਦੇ ਨੇ ਕਿ ਉਹ ਆਪਣੇ ਮਹਿਬੂਬ ਸੋਨ ਦਰਿਆ ਨਾਲ ਨਾਰਾਜ਼ ਹੋਕੇ ਵਿਪਰੀਤ ਦਿਸ਼ਾ ਵਲ ਟੁਰ ਪਈ ਸੀ। ਕੀ ਕਿਹਾ ਜਾਵੇ। ਸ਼ਾਇਦ ਉਸ ਦੇ ਇਸ ਤਰ੍ਹਾਂ ਦੇ ਸੁਭਾ ਕਰਕੇ ਹੀ ਹੁਣ ਤਕ ਵੀ ਉਸ ਦੇ ਤੇਜ਼ ਪਾਣੀਆਂ ਨੂੰ ਲੋਕਾਂ ਨੇ ਬੰਨ ਮਾਰਨ ਦਾ ਜਤਨ ਨਹੀਂ ਕੀਤਾ, ਅਤੇ ਨਾ ਹੀ ਕਦੀ ਇਹੋ ਹੀ ਸੋਚਿਆ ਹੈ ਇਸ ਦੀ ਜਵਾਨੀ ਦੇ ਹਰਾਰਤ ਭਰੇ ਜੋਸ਼ ਨੂੰ ਬਿਜਲੀ ਦੇ ਰੂਪ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ।

ਅੱਖੜ ਨਾਰਾਂ ਵਾਂਗ ਅੱਖੜ ਨਦੀਆਂ ਕੋਲੋਂ ਵੀ ਲੋਕ ਡਰਦੇ ਰਹਿੰਦੇ ਨੇ। ਪਰ ਜਿਸ ਤਰ੍ਹਾਂ ਸਾਡੇ ਦੇਸ਼ ਦੇ ਲੋਕ ਨਦੀਆਂ ਤੋਂ ਡਰਦੇ ਨੇ, ਇਸ ਤਰ੍ਹਾਂ ਦੇ ਲੋਕ ਮੈਂ ਦੁਨੀਆਂ ਭਰ ਵਿਚ ਕਿਤੇ ਨਹੀਂ ਤਕੇ।

ਇਥੇ ਨਾ ਤੇ ਕਿਸੇ ਨੇ ਨਾਰੀ ਨੂੰ ਸਮਝਿਆ ਹੈ ਅਤੇ ਨਾ ਹੀ ਨਰਮਦਾ ਨੂੰ। ਸਦੀਆਂ ਤਕ ਅੰਗ ਸੰਗ ਰਹਿਕੇ ਵੀ ਨਹੀਂ। ਨਰਮਦਾ ਤੋਂ ਤਾਂ ਲੋਕ ਤ੍ਰਹਿੰਦੇ ਹੀ ਸਨ ਪਰ ਨਾਰੀ ਨੂੰ ਵੀ ਉਹ 'ਵਿਸ਼ ਭਰੀ' ਕਹਿਕੇ ਦੁਤਕਾਰਦੇ ਰਹੇ। ਸ਼ਾਇਦ ਇਸੇ ਕਰਕੇ ਹੀ ਸਦੀਆਂ ਤਕ ਦੇਸ਼ ਵਿਚ ਮੰਦਹਾਲੀ ਤੇ ਦਲਿਦਰਤਾ ਦਾ ਰਾਜ ਭਾਗ ਕਾਇਮ ਰਿਹਾ ਹੈ।

'ਜਿਨ੍ਹਾਂ ਘਰਾਂ 'ਚ ਨਾਰੀ ਦੀ ਕਦਰ ਨਹੀਂ, ਉਥੇ ਖੁਸ਼ਹਾਲੀ ਨਹੀਂ ਰਹਿ ਸਕਦੀ। ਪਤਾ ਨਹੀਂ ਇਹ ਗੱਲ ਮੈਂ ਕਿਥੇ ਪੜ੍ਹੀ ਸੀ।

'ਪਰ ਜਿਸ ਦੇਸ਼ ਵਿਚ ਨਰਮਦਾ ਵਰਗੀਆਂ ਨਦੀਆਂ ਦੀ ਹੀ ਕਦਰ ਨਾ ਹੋਵੇ।' ਮੈਂ ਕਈ ਵਾਰ ਸੋਚਦਾ ਹਾਂ।

ਫੇਰ ਮੈਨੂੰ ਖਿਆਲ ਆਉਂਦਾ ਹੈ,

'ਕੀ ਸਦੀਆਂ ਤਕ ਅਸੀਂ ਉਨ੍ਹਾਂ ਦੀ ਪੂਜਾ ਹੀ ਕਰਦੇ ਰਹਾਂਗੇ ?'

ਪਰ ਮਨ 'ਚੋਂ ਉਤਰ ਮਿਲਦਾ ਹੈ :

'ਹੋਰ ਕੁਝ ਨਹੀਂ, ਤਾਂ ਪੂਜਾ ਹੀ ਸਹੀ। ਜਿਸ ਦੀ ਅਸੀਂ ਪੂਜਾ ਕਰਾਂਗੇ, ਉਹ ਬਦਲੇ ਵਿਚ, ਵਰਦਾਨ ਦੇ ਤੌਰ ਸਾਡੇ ਲਈ ਕੁਝ ਨਾ ਕੁਝ ਤਾਂ ਕਰੇਗਾ ਹੀ। ਪੂਜਾ ਦਾ ਇਸ ਤੋਂ ਵੱਡਾ ਹੋਰ ਕੀ ਲਾਭ ਹੋ ਸਕਦਾ ਹੈ।'

ਨਰਮਦਾ। ਅਸੀਂ ਤੇਰੇ ਵੀ ਪੁਜਾਰੀ ਹਾਂ।

ਨਰਮਦਾ ਉਤਰੀ ਅਤੇ ਦਖਣੀ ਭਾਰਤ ਦੇ ਵਿਚਕਾਰਲੀ ਸੀਮਾ ਰੇਖਾ ਹੈ। ਪਰ ਉਸਨੇ ਆਪਣਾ ਸਾਰਾ ਹੀ ਬਾਹੂਬਲ ਦਖਣ ਪਛਮੀ ਭਾਰਤ ਨੂੰ ਸੌਂਪ ਦਿਤਾ ਹੈ। ਸ਼ਾਇਦ ਉਸ ਦਾ ਖਿਆਲ ਹੋਵੇ ਕਿ ਉਤਰ ਭਾਰਤ ਕੋਲ ਹੋਰ ਬਥੇਰੇ ਦਰਿਆ ਹਨ। ਪਰ ਉਸ ਦੀ ਇਸ ਭਾਵਨਾ ਨੂੰ ਬਹੁਤ ਘਟ ਲੋਕਾਂ ਨੇ ਸਮਝਿਆ ਤੇ ਹੋਰ ਬਹੁਤ ਸਾਰੇ ਲੋਕਾਂ ਨੇ ਉਸ

Sri Satguru Jagjit Singh Ji Elibrary NamdhariElibrary@gmail.com

ਪ੍ਰਤਿ ਨਿਰਲੈਪਤਾ ਦਾ ਵਤੀਰਾ ਅਪਨਾਈ ਰਖਿਆ, ਜਿਸ ਕਰਕੇ ਨਰਮਦਾ ਹੋਰ ਵੀ ਅਥਰੀ ਤੇ ਮੂੰਹ ਜ਼ੋਰ ਹੁੰਦੀ ਗਈ।

ਧੀਆਂ ਭੈਣਾ ਦੇ ਜੋਸ਼ ਨੂੰ ਜੇਕਰ ਚੜਦੀ ਜਵਾਨੀ ਵੇਲੇ ਹੀ ਚਾਰਦੀਵਾਰੀ ਵਿਚ ਨਾ ਸੰਭਾਲਿਆ ਜਾਵੇ ਤਾਂ ਫੇਰ ਉਹ ਜਵਾਨੀ ਚਾਂਦੀ ਵਾਂਗ ਪਿਘਲ ਕੇ ਬੇਕਾਰ ਹੋ ਜਾਂਦੀ ਹੈ।

ਕਹਿੰਦੇ ਨੇ ਕਿ ਇਹ ਹਰਸ਼ਵਰਧਨ ਦੇ ਰਾਜ ਦੀ ਦਖਣੀ ਸੀਮਾਂ ਅਤੇ ਚਾਲੂਕਿਆਂ ਦੀ ਸਰਦਾਰੀ ਵਾਲੇ ਖੇਤਰ ਦੀ ਉਤਰੀ ਸੀਮਾਂ ਸੀ।

ਮਹਾਭਾਰਤ ਦੇ ਸ਼ਬਦ ਤਾਂ ਇਹ ਵੀ ਕਹਿੰਦੇ ਨੇ ਕਿ ਨਰਮਦਾ ਅਵੰਤੀ ਦੇ ਪੁਰਾਤਨ ਰਾਜ ਦੀ ਦਖਣੀ ਸੀਮਾ ਸੀ।

ਇਹ ਗੱਲ ਸੋਚਦਿਆਂ ਹੋਇਆਂ ਮਨ ਕਿਵੇਂ ਦੁਖ ਨਾਲ ਭਰ ਜਾਂਦਾ ਹੈ ਕਿ ਦੇਸ਼ ਦੇ ਪੁਰਾਣੇ ਰਾਜਿਆਂ ਦੇ ਦਰਿਆਵਾਂ ਨੂੰ ਕੇਵਲ ਸੀਮਾ ਦੇ ਰੂਪ ਵਿਚ ਹੀ ਇਸਤੇਮਾਲ ਕੀਤਾ।

ਕੀ ਇਸ ਦੇ ਪਾਣੀਆਂ ਦੀ ਜ਼ਿੰਦਗੀ ਫਸਲਾਂ ਤੇ ਲੋਕਾਂ ਨੂੰ ਸ਼ਗੁਫਤਗੀ ਨਹੀਂ ਸੀ ਦੇ ਸਕਦੀ ? ਪਰ ਅਸੀਂ ਤਾਂ ਦਰਿਆਵਾਂ ਦੇ ਪਾਣੀ ਨੂੰ ਆਪਣੀ ਨਫਰਤ ਦੇ ਜ਼ਹਿਰ ਨਾਲ ਬਦਰੰਗ ਕਰਦੇ ਰਹੇ ਹਾਂ। ਨਰਮਦਾ ਦਾ ਜਨਮ ਸਮੁੰਦਰ ਤਲ ਤੋਂ ਤਕਰੀਬਨ ਹਜ਼ਾਰ ਮੀਟਰ ਉਤਾਂਹ ਆਸਮਾਨ ਵਲ ਫੈਲੇ ਹੋਏ ਪਿੰਡ ਅਮਰਕੰਟਕ ਵਿਚੋਂ ਹੁੰਦਾ ਹੈ ਅਤੇ ਜਨਮ ਭੋਇੰ ਤੋਂ ਟੁਰਨ ਲਗੀ ਹੀ ਇਹ ਇਕ ਮਨਮੌਜੀ ਨਾਰ ਵਰਗੇ ਸੁਭਾ ਦਾ ਦਿਖਾਵਾ ਕਰਦੀ ਹੈ।

ਅਮਰਕੰਟਕ ! ਕਿਹਾ ਸ਼ਾਇਰਾਨਾ ਨਾਂ ਹੈ।

ਭਾਵੇਂ ਹੁਣ ਅਮਰਕੰਟਕ ਦੇ ਸਥਾਨ ਤੇ ਅੰਬਾਂ ਦੇ ਬਿਰਛ ਨਹੀਂ ਹੁੰਦੇ ਤੇ ਨਾਂ ਹੀ ਉਨ੍ਹਾਂ ਨੂੰ ਬੂਰ ਪੈਂਦਾ ਹੈ ਪਰ ਅਮਰਕੰਟਕ ਆਪਣੇ ਆਪ 'ਚ ਹੀ ਕਵਿਤਾਮਈ ਜੀਵਨ ਦਾ ਪ੍ਰਤੀਕ ਹੈ। ਅਮਰਕੰਟਕ ਦੇ ਲੋਕ ਪਤਾ ਨਹੀਂ ਉਸ ਵੇਲੇ ਖਬ ਹੋਏ ਹੋਣਗੇ ਕਿ ਦੁਖੀ। ਕਿਉਂਕਿ ਧੀਆਂ ਦੇ ਜਨਮ ਵੇਲੇ ਦੁਖੀ ਹੋਣ ਦਾ ਰਿਵਾਜ ਹੀ ਸਾਡੇ ਦੇਸ਼ ਵਿਚ ਪ੍ਰਧਾਨ ਰਿਹਾ ਹੈ। ਸੂਰਮੇਂ ਕਹੇ ਜਾਣ ਵਾਲੇ ਲੋਕ ਤਾਂ ਧੀਆਂ ਜੰਮਦੀਆਂ ਦਾ ਹੀ ਗਲਾ ਘੁੱਟ ਦਿੰਦੇ ਸਨ, ਬੜੀ ਹੀ ਬੁਜ਼ਦਿਲੀ ਨਾਲ। ਤਾਂ ਕਿ ਉਨ੍ਹਾਂ ਨੂੰ ਧੀਆਂ ਦੇ ਬਾਪ ਹੋਣ ਕਰਕੇ ਜ਼ਿੰਦਗੀ ਭਰ ਨਮੋਸ਼ੀ ਨਾਲ ਨਾ ਰਹਿਣਾ ਪਵੇ।

ਪਰ ਧੀਆਂ ਨੂੰ ਮਾਰਨ ਦੀ ਨਮੋਸ਼ੀ।

... ...

ਕਪਿਲਧਾਰਾ ਵਿਚ ਜਦੋਂ ਨਰਮਦਾ ਪੰਝੀ-ਤੀਹ ਮੀਟਰ ਦੀ ਉਚਾਈ ਤੋਂ ਕੁਦਦੀ ਹੈ ਤਾਂ ਉਹ ਦ੍ਰਿਸ਼ ਵੀ ਅੱਲਾਹੀ ਮਹੱਤਵ ਵਾਲਾ ਪ੍ਰਤੀਤ ਹੁੰਦਾ ਹੈ। ਦਿਲ ਕਹਿੰਦਾ ਹੈ : 'ਅਮਰਟੰਟਕ ਤੂੰ ਮਹਾਨ ਏ।'

ਮੰਡਲਾ ਪਰਬਤਾਂ ਦੀ ਉਬੜ ਖਬੜ ਅਤੇ ਉੱਚੀ ਨੀਵੀਂ ਭੋਇੰ ਉਪਰਦੀ ਨਚਦੀ ਟਪਦੀ ਹੋਈ ਨਰਮਦਾ ਇਕ ਵਾਰ ਫੇਰ 'ਧੂਆਂਧਾਰ' ਕੋਲ ਪੁਜਕੇ ਪਹਾੜ ਦੇ ਸਿਖਰ ਤੋਂ ਛਾਲ ਮਾਰਦੀ ਹੈ ਸੰਗਮਰਮਰ ਦੀਆਂ ਪਹਾੜੀਆਂ ਤੇ ਇਹਦੀ ਚਾਲ ਸੁਸਤ ਹੋ ਜਾਂਦੀ ਹੈ। ਉਸ ਵੇਲੇ ਸ਼ਾਇਦ ਉਹ ਸੋਚ ਰਹੀ ਹੁੰਦੀ ਹੈ ਕਿ ਵਿੰਧੀਆਂ ਅਤੇ ਸਤਪੁੜਾ ਦੀਆਂ ਘਾਟੀਆਂ ਵਿਚੋਂ ੩੨੦ ਕਿਲੋ ਮੀਟਰ ਲੰਮੇਰਾ ਰਾਹ ਕਿਵੇਂ ਤਹਿ ਕਰਨਾ ਹੈ। ਪਰ ਜਦੋਂ ਜਬਲਪੁਰ ਅਤੇ ਹੰਡੀਆਂ ਦੀ ਇਹ ਘਾਟੀ ਵੀ ਤਹਿ ਹੋ ਜਾਂਦੀ ਹੈ ਤਾਂ ਨਰਮਦਾ ਨੂੰ ਜੰਗਲਾਂ ਨਾਲ ਭਰਪੂਰ ਪਹਾੜੀ ਇਲਾਕੇ ਵਿਚੋਂ ਗੁਜ਼ਰਨਾ ਪੈਂਦਾ ਹੈ, ਡਾਕੂਆਂ ਦੀ ਹਿਕ ਚੀਰ ਕੇ। ਤਦੇ ਹੀ ਲੋਕ ਕਹਿੰਦੇ ਨੇ।

ਨਰਮਦਾ ਨਦੀ ਸੰਗਮਰਮਰੀ ਰਾਹਵਾਂ ਵਿਚੋਂ ਲੰਘ ਕੇ ਬੜੇ ਮਾਣ ਮੱਤੇ ਢੰਗ ਨਾਲ ਸਹੁ ਸਾਗਰ ਵਲ ਵਧਦੀ ਹੈ। ਸਾਡੇ ਵੇਦਾਂ ਸ਼ਾਸਤਰਾਂ ਵਿਚ ਨਦੀਆਂ ਤੇ ਦਰਿਆਵਾਂ ਨਾਲ ਜਿਹੜੀਆਂ ਕਹਾਣੀਆਂ ਸੰਬੰਧਤ ਨੇ, ਉਹ ਵੀ ਘਟ ਦਿਲਚਸਪ ਨਹੀਂ। ਪਤਾ ਨਹੀਂ ਨਰਮਦਾ ਬ੍ਰਹਮਾ ਜੀ ਦੀ ਕਿਹੜੀ ਅੱਖ ਦੇ ਹੰਝੂ ਨਾਲ ਪੈਦਾ ਹੋਈ ਸੀ।

ਪੁਰਾਣਾਂ ਵਿਚ ਨਰਮਦਾ ਨੂੰ ਮੇਕਲ ਰਿਖੀ ਦੀ ਪੁੱਤਰੀ ਕਿਹਾ ਗਿਆ ਹੈ। ਇਸੇ ਕਰਕੇ ਇਸ ਨੂੰ ਮੇਕਲਾ ਜਾਂ ਮੇਕਲ ਕੰਨਿਆਂ ਵੀ ਕਹਿੰਦੇ ਨੇ। ਜੰਗਲ ਵਿਚ ਇਸ ਦੇ ਦੁਆਲੇ

Sri Satguru Jagjit Singh Ji Elibrary NamdhariElibrary@gmail.com

ਵੱਸਣ ਵਾਲੇ ਲੋਕ ਵੀ ਮੋਕਲ ਹੋ ਗਏ ਤੇ ਉਨ੍ਹਾਂ ਦਾ ਨਜ਼ਰੀਆ ਵੀ ਮੋਕਲ।

ਸਾਡੇ ਦੇਸ਼ ਦੀ ਹਰੇਕ ਨਦੀ ਕਿਸੇ ਰਿਸ਼ੀ ਦੀ ਕਠਿਨ ਘਾਲਣਾ ਦਾ ਫਲ ਹੈ, ਪਰ ਉਸ ਘਾਲਣਾ ਨੂੰ ਲਕਾਂ ਨੇ ਕੋਈ ਖਾਸ ਮਹੱਤਵ ਨਹੀਂ ਦਿਤਾ, ਜਿਸ ਕਰਕੇ ਸਦੀਆਂ ਤਕ ਦਰਿਆਵਾਂ ਦੇ ਪਾਣੀ ਬਿਨਾ ਕਿਸੇ ਕਿਸਮ ਦਾ ਲਾਭ ਦਿਤੇ ਸਮੁੰਦਰ ਨਾਲ ਜਾ ਰਲਦੇ ਰਹੇ ਨੇ।

ਬਸ ਲੋਕਾਂ ਕੋਲ ਰਹਿ ਗਈਆਂ ਕੇਵਲ ਕਥਾਵਾਂ।

ਕੁਝ ਹੋਰ ਲੋਕ ਕਹਿੰਦੇ ਨੇ ਕਿ ਨਰਮਦਾ ਨੇ ਹੀ ਗੰਧਰਵਾਂ ਦੇ ਮੁਕਾਬਲੇ ਵਿਚ ਨਾਗਾਂ ਦੀ ਸਹਾਇਤਾ ਕੀਤੀ ਸੀ ਅਤੇ ਪੁਰੁਕੁਤਸ ਨੂੰ ਲਿਆਂਦਾ ਸੀ, ਜਿਸ ਕਰਕੇ ਨਾਗਾਂ ਨੇ ਖੁਸ਼ ਹੋਕੇ ਇਸ ਦਾ ਨਾਂ ਨਰਮਦਾ ਰਖਿਆ। ਇਸ ਨੂੰ ਨਾਗਾਂ ਦੀ ਭੈਣ ਵੀ ਕਿਹਾ ਗਿਆ ਹੈ।

ਇਸੇ ਕਰਕੇ ਹੀ ਇਹ ਨਾਗਨ ਵਾਂਗ ਸੁਕੜਦੀ ਹੋਈ ਟੁਰਦੀ ਹੈ, ਹਰ ਪਾਸੇ ਵਲ ਫੁੰਕਾਰਦੀ ਹੋਈ। ਇਸ ਦਾ ਪਾੜ ਕਦੀ ਮੋਕਲਾ ਹੋ ਜਾਂਦਾ ਹੈ ਅਤੇ ਕਦੀ ਸੌੜਾ।

ਜਦੋਂ ਉਹ ਸੁੰਗੜਦੀ ਹੈ ਤਾਂ ਸ਼ਾਇਦ ਲੋਕਾਂ ਦੀ ਕਮੀਨਗੀ ਵੇਖ ਕੇ ਦੁਖੀ ਹੋ ਰਹੀ ਹੁੰਦੀ ਹੈ, ਪਰ ਜਦੋਂ ਉਸ ਦਾ ਹਿਰਦਾ ਵਿਸ਼ਾਲ ਹੋ ਕੇ ਫੈਲਦਾ ਹੈ ਤਾ ਉਹ ਸਮੁਚੀ ਧਰਤੀ ਦੀ ਹਿੱਕ ਨੂੰ ਸਰਸਬਜ਼ ਕਰ ਦੇਣ ਦਾ ਅਰਮਾਨ ਰਖਦੀ ਹੈ। ਨਰਮਦਾ ਦੀ ਚਰਚਾ ਦੇ ਅਨੇਕ ਪ੍ਰਸੰਗ ਨੇ। ਵਿਸ਼ਣੂ ਪੁਰਾਣ ਵਿਚ ਪੁਰੁਕੁਤਸ ਨਰਮਦਾ ਪੁਤਰ ਸੀ ਅਤੇ ਹਰਿਵੰਸ਼ ਵਿਚ ਇਸ ਨੂੰ ਪੁਰੁਕੁਤਸ ਦੀ ਇਸਤ੍ਰੀ ਬਣਾਇਆ ਗਿਆ ਹੈ।

ਮਤਸਯ ਪੁਰਾਣ ਵਿਚ ਇਸ ਦੇ ਪਤੀ ਦਾ ਨਾਂ ਦੁਸਹ ਹੈ ਅਤੇ ਇਸੇ ਦੇ ਬਹੁਤ ਸਾਰੇ ਨਾਵਾਂ ਵਿਚੋਂ 'ਰੇਵਾ' ਅਤੇ ਪੂਰਵਗਂਗਾ ਬਹੁਤ ਪ੍ਰਮੁਖ ਹਨ।

ਕਈ ਹੋਰ ਥਾਵਾਂ ਤੇ ਇਹ ਚੰਦਰਮਾ ਦੀ ਧੀ ਹੈ ਜਿਸ ਕਰਕੇ ਇਸ ਨੂੰ 'ਇੰਦੂਜਾ' ਅਤੇ 'ਸੋਮੋਦਭਵਾ' ਵੀ ਕਿਹਾ ਗਿਆ ਹੈ।

ਨਰਮਦਾ ਨੂੰ ਕਿਸੇ ਨੇ ਆਪਣੀ ਧੀ ਬਣਾਇਆ ਅਤੇ ਕਿਸੇ ਨੇ ਇਸਤ੍ਰੀ।

ਨਰਮਦਾ ਨੇ ਹਰ ਰੰਗ ਤੇ ਹਰ ਰੂਪ ਵਿਚ ਲੋਕਾਂ ਨਾਲ ਮੁਹੱਬਤ ਕੀਤੀ ਹੈ। ਨਰਮਦਾ ਦੇ ਨੀਲੇ ਪਾਣੀਆਂ ਨੂੰ ਵੇਖ ਕੇ ਕਈ ਵਾਰ ਮੈਨੂੰ ਲਗਦਾ ਹੈ, ਜਿਵੇਂ ਕਿ ਉਹ ਪਾਣੀ ਨਹੀਂ ਸਗੋਂ ਨਾਗਾਂ ਦੇ ਨੇੜੇ ਰਹਿਣ ਕਰਕੇ ਅਤੇ ਉਨ੍ਹਾਂ ਦੀ ਭੈਣ ਹੋਣ ਕਰਕੇ ਨਰਮਦਾ ਹਲਾ ਹਲ ਦੀ ਥਿਰਕਦੀ ਤੇ ਮਾਰੂ ਲਹਿਰ ਨੂੰ ਲਈ ਜਾ ਰਹੀ ਹੋਵੇ।

ਪਰ ਜਦੋਂ ਨਰਮਦਾ ਦੁਆਲੇ ਵਸੇ ਹੋਏ ਉਪਜਾਊ ਖੇਤਰ ਅਤੇ ਭਰਪੂਰ ਲੋਕਾਂ ਦੇ ਸ਼ਗੁਫਤਾ ਚਿਹਰਿਆਂ ਵਲ ਤਕਦਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਹੋ ਸਕਦੈ ਨਰਮਦਾ ਦਾ ਨੀਲਾ ਪਾਣੀ ਕਦੀ ਹਲਾ ਹਲ ਹੋਵੇ ਪਰ ਹੁਣ ਤਾਂ ਉਹ ਲੋਕਾਂ ਲਈ ਤਰਿਆਕ ਬਣ ਗਿਆ ਹੈ।

ਤਰਿਆਕ ਹੋਰ ਕੋਈ ਦੈਵੀ ਕਰਾਮਾਤ ਤਾਂ ਨਹੀਂ ਹੈ। ਜਿਸ ਤਰ੍ਹਾਂ ਗੰਡਕੀ ਵਿਚੋਂ ਸ਼ਾਲਿਗ੍ਰਾਮ ਨਿਕਲਦੇ ਨੇ, ਉਸ ਤਰ੍ਹਾਂ ਹੀ ਨਰਮਦਾ ਵਿਚੋਂ ਨਰਮਦੇਸ਼ਵਰ, ਅਰਥਾਤ ਸ਼ਿਵਲਿੰਗ। ਪਰ ਜੇਕਰ ਕੋਈ ਗੋਤਾ ਲਾਕੇ ਉਨ੍ਹਾਂ ਤਕ ਪੁਜ ਸਕੇ। ਨਰਮਦਾ ਸਾਡੀਆਂ ਅਤਿ ਪਵਿਤਰ ਨਦੀਆਂ ਵਿਚੋਂ ਹੈ ਅਤੇ ਇਸ ਦੇ ਭਗਤ ਹਾਲੇ ਵੀ ਹਰ ਵਰ੍ਹੇ ਇਸ ਦੀ ਪ੍ਰਦਖੱਣਾ ਕਰਦੇ ਨੇ।

ਉਹ ਲੋਕ ਭੜੋਚ ਤੋਂ ਨਦੀ ਦੇ ਮੁਹਾਣੇ ਕੋਲੋਂ ਚਾਲਾ ਪਾਉਂਦੇ ਨੇ ਅਤੇ ਉਹਦੇ ਇਕ ਕਿਨਾਰੇ ਦੇ ਨਾਲ ਨਾਲ ਟੁਰਦੇ ਹੋਏ ਉਸ ਦੇ ਸੋਮੇ ਕੋਲ, ਅਮਰਕੰਟਕ ਤਕ ਪੁਜ ਜਾਂਦੇ ਨੇ। ਫੇਰ ਉਥੇ ਪੂਜਾ ਕਰਕੇ ਅਤੇ ਅਸ਼ਨਾਨ ਕਰਕੇ ਦੂਸਰੇ ਕਿਨਾਰੇ ਵਲ ਦੀ ਨਰਮਦਾ ਦੇ ਦਰਸ਼ਨ ਕਰਦੇ ਹੋਏ ਉਸ ਦੇ ਮੁਹਾਣੇ ਤਕ ਪੁਜਦੇ ਨੇ। 'ਨਰਮਦਾ। ਤੇਰੇ ਮੋਹ 'ਚ ਲੋਕ ਕਿੰਨਾ ਪੈਂਡਾ ਮਾਰਦੇ ਨੇ, ਪਰ ਆਹ ਵੀ ਨਹੀਂ ਭਰਦੇ। ਤੇਰੀ ਮੁਹੱਬਤ ਨੇ ਲੋਕਾਂ ਵਿਚ ਇਹ ਕਿਹੀ ਸ਼ਕਤੀ ਦਿਤੀ ਹੈ।' ਮੇਰੀ ਬੜੀ ਪ੍ਰਬਲ ਇੱਛਾ ਸੀ ਕਿ ਮੈਂ ਵੀ ਨਰਮਦਾ ਦੇ ਭਗਤਾਂ ਵਾਂਗ ਹੀ ਉਸ ਦੇ ਆਲੇ-ਦੁਆਲੇ ਇਕ ਚੱਕਰ ਲਾਵਾਂ, ਉਸ ਦੀ ਚੰਚਲਤਾਂ ਦੀ ਥਾਹ ਲਵਾਂ ਅਤੇ ਉਸ ਦੇ ਨਖਰਿਆਂ ਨੂੰ ਜਾਂਣਾ। ਪਰ ਮੈਂ ਤਾਂ ਬਿਲਕੁਲ ਇਕਲਾ ਸਾਂ, ਜਿਸ ਕਰਕੇ ਮੈਂ ਰਾਹ ਦੇ ਖਤਰਿਆਂ ਤੋਂ ਡਰ ਗਿਆ। ਨਰਮਦਾ ਵਰਗਾ ਵਿਸ਼ਾਲ ਹਿਰਦਾ ਅਤੇ ਤੇਜ਼ ਚਾਲ ਕਿਥੋਂ ਲਿਆਵਾਂ?

ਅਸੀਂ ਤਾਂ ਜ਼ਿੰਦਗੀ ਵਿਚ ਵੀ ਪੂਰੀ ਰਫਤਾਰ ਨਾਲ ਨਹੀਂ ਚਲ ਸਕਦੇ। ਚਲਦੇ ਵੀ ਹਾਂ ਤਾਂ ਠਿੱਬੀ ਦੇਣ ਵਾਲੇ ਲੋਕ ਰਾਹ 'ਚ ਹੀ ਖਲੋਤੇ ਹੁੰਦੇ ਨੇ। ਜੇਕਰ ਉਨ੍ਹਾਂ ਨੂੰ ਵੀ ਨਰਮਦਾ ਵਰਗਾ ਵਿਸ਼ਾਲ ਹਿਰਦਾ ਮਿਲ ਜਾਂਦਾ।

Sri Satguru Jagjit Singh Ji Elibrary NamdhariElibrary@gmail.com

ਪਰ ਸਾਧਨਾ । ਸਾਧਨਾ ਤੋਂ ਬਗੈਰ ਕੀ ਮਿਲਦਾ ਹੈ ?

ਨਰਮਦਾ ਦੇ ਪਾਣੀਆਂ ਕੋਲ ਵਸੇ ਹੋਏ ਪਰਘਾਟ, ਉਕਾਂਰ, ਪਰਵਾਣੀ ਕਰਨਾਲੀ, ਸੁਕਲ ਤੀਰਥ ਅਤੇ ਭੜੌਂਚ ਦੇ ਤੀਰਥ ਅਸਾਂ ਵੀ ਹੋਰ ਗਰੀਬ ਲੋਕਾਂ ਵਾਂਗ ਹੀ ਉਦਾਸੀ ਦੇ ਦਿਨਾਂ ਵਿਚ ਹੀ ਤਕੇ ਨੇ, ਪਰ ਉਨ੍ਹਾਂ ਦੀ ਸਾਤਵਿਕਤਾ ਦੇ ਸੂਖਮ ਪ੍ਰਭਾਵ ਨੂੰ ਵਰ੍ਹਿਆਂ ਤਕ ਉਨ੍ਹਾਂ ਕੋਲ ਰਹਿਕੇ ਮਾਨਣ ਦਾ ਅਰਮਾਨ ਦਿਲ ਵਿਚ ਹਾਲੇ ਤਕ ਵੀ ਬਾਕੀ ਹੈ ।

ਦਿਲ ਦੇ ਅਰਮਾਨ ਨਾ ਹੀ ਪੂਰੇ ਹੋਣ ਤਾਂ ਬਿਹਤਰ ਹੈ । ਕਹਿੰਦੇ ਨੇ ਕਿ ਅਰਮਾਨ ਪੂਰੇ ਹੋਣ ਸਾਰ ਹੀ ਬੰਦਾ ਮਰ ਜਾਂਦਾ ਹੈ । ਪਰ ਜਦੋਂ ਤਕ ਅਰਮਾਨ ਜੀਊਂਦੇ ਰਹਿਣ ।

ਲੋਕਾਂ ਦੇ ਅਰਮਾਨ ਦਰਿਆਵਾਂ ਵਾਂਗ ਹੀ ਜੀਉ ਦੇ ਰਹਿਣ ।

ਕਾਵੇਰੀ ਵਾਂਗ ਨਰਮਦਾ ਦੇ ਪਾਣੀਆਂ ਨਾਲ ਵੀ ਜਲ ਪ੍ਰਪਾਤ ਅਤੇ ਟਾਪੂ ਬਣਦੇ ਨੇ । ਮੰਦਹਾਟ ਕਲ ਜਿਥੇ ਨਰਮਦਾ ਦੋ ਪਾਣੀ ਧਾਰਾਂ ਬਣਕੇ ਫੈਲਦੇ ਨੇ ਤਾਂ ਉਸ ਟਾਪੂ ਬਣੀ ਹੋਈ ਭੋਇੰ ਉਪਰ ਓਂਕਾਰਨਾਥ ਦਾ ਮਹਾਨ ਤੀਰਥ ਹੈ । ਮਹੇਸ਼ਵਰ ਇਕ ਪੁਰਾਣ ਰਾਜ ਦਾ ਰਾਜਪਾਲ ਹੀ ਨਹੀਂ, ਉਹ ਮੰਦਿਰਾਂ ਤੇ ਮਹਿਲਾਂ ਦਾ ਨਗਰ ਵੀ ਹੈ ।

ਸੁਕਲ ਤੀਰਥ ਦਾ ਟਾਪੂ ਤਾਂ ਹਾਲੇ ਤਕ ਵੀ ਕਬੀਰ ਜੀ ਦੀ ਬਾਣੀ ਨਾਲ ਗੂੰਜ ਰਿਹਾ ਹੈ ।

ਕਬੀਰ ਵਰਗੀ ਵਿਦਰੋਹੀ ਆਤਮਾ ਸਾਡੇ ਕਵੀਆਂ ਤੇ ਲੇਖਕਾਂ ਵਿਚ ਹੁਣ ਕਿਥੇ : ਨਰਮਦਾ ਦੇ ਵੇਗ ਵਿਚ ਕਬੀਰ ਬਾਣੀ ਦਾ ਰੋਹ ਵੀ ਜ਼ਰੂਰ ਸ਼ਾਮਿਲ ਹੋਵੇਗਾ ।

ਨਰਮਦਾ ਦੀ ਵੱਡੀ ਸਹਾਇਕ ਨਦੀ 'ਬੰਜਰ' ਵੀ ਉਸ ਨਾਲ ਮੰਦਹਾਟ ਕੋਲ ਹੀ ਰਲਦੀ ਹੈ । ਤਵਾ, ਕਾਜਲ ਅਤੇ ਛੋਟਾ ਤਵਾ ਹੋਸ਼ੰਗਾਬਾਦ ਕੋਲ ਅਤੇ ਉਤਰ ਦੀ ਇਕੋ ਇਕ ਸਹਾਇਕ ਨਦੀ ਹਿਰਨ ਜਬਲਪੁਰ ਵਿਖੇ ਹੀ ਉਹਦੇ ਨਾਲ ਹੋ ਟੁਰਦੀ ਹੈ ।

ਛੋਟੀਆਂ ਵੱਡੀਆਂ ਘਟੋ ਘਟ ੩੯ ਨਦੀਆਂ ਨਰਮਦਾ ਦੇ ਨਾਲ ਮਿਲਕੇ ਸਮੁੰਦਰ ਤਕ ਪੁਜਦੀਆਂ ਨੇ । ਭੰਡਾ ਘਾਟ ਕੋਲ ਜਿਸ ਤਰ੍ਹਾਂ ਬਾਵਨ ਗੰਗਾ, ਨਰਮਦਾ ਨਾਲ ਮਿਲਦੀ ਹੈ, ਉਹ ਦ੍ਰਿਸ਼ ਵਿਸ਼ਵ ਵਿਚ ਹੋਰ ਕਿਤੇ ਨਹੀਂ । ਉਂਜ ਨਰਮਦਾ ਦਾ ਪਾਣੀ ਆਪਣੇ ਆਪ 'ਚ ਹੀ ਏਨਾ ਹਰਾਰਤ ਭਰਿਆ ਅਤੇ ਜੋਸ਼ੀਲਾ ਹੈ ਕਿ ਉਸ ਨੂੰ ਕਿਸੇ ਸਹਾਇਕ ਨਦੀ ਦੇ ਪਾਣੀ ਦੀਆਂ ਵਿਸਾਖੀਆਂ ਦੀ ਲੋੜ ਨਹੀਂ ।

ਹੋਰਨਾਂ ਵਲ ਅਸੀਂ ਉਦੋਂ ਝਾਕਦੇ ਹਾਂ, ਜਦੋਂ ਕਿ ਅਸੀਂ ਕੱਲੇ ਨਹੀਂ ਟੁਰ ਸਕਦੇ । ਦੋਸਤਾਂ ਮਿਤਰਾਂ ਨਾਲ ਟੁਰਨਾ ਮਾੜਾ ਨਹੀਂ, ਪਰ ਜਿਹੜੇ ਲੋਕ ਕੱਲੇ ਟੁਰ ਹੀ ਨਹੀਂ ਸਕਦੇ ?

ਨਰਮਦਾ ਦਾ ਮਤਲਬ ਹੈ, ਆਨੰਦ ਦੇਣ ਵਾਲੀ ।

ਨਰਮਦਾ ਸਚਮੁਚ ਹੀ ਆਪਣੀ ਜਵਾਨੀ ਦਾ ਆਨੰਦ ਲੋਕਾਂ ਵਿਚ ਵੰਡਦੀ ਹੈ ।

ਜੇਕਰ ਉਸ ਦੀ ਸੋਨ ਨਾਲ ਮੁਹੱਬਤ ਸਫਲ ਹੋ ਜਾਂਦੀ ਤਾਂ ਫੇਰ ਉਹਦਾ ਜਲਵਾ ਹੀ ਹੋਰ ਹੁੰਦਾ ।

ਹੁਣ ਕਹਿੰਦੇ ਨੇ ਕਿ ਉਸ ਦੇ ਪਾਣੀਆਂ ਦਾ ਮੁਖ ਮੋੜਕੇ ਉਹਨੂੰ ਸੋਨ ਰਾਹੀਂ ਗੰਗਾ ਨਾਲ ਮਿਲਾਣ ਦੇ ਜਤਨ ਹੋ ਰਹੇ ਨੇ । ਇਸ ਤਰ੍ਹਾਂ ਸ਼ਾਇਦ ਗੰਗਾ ਵਿਚ ਵੀ ਜਵਾਨੀ ਦਾ ਜੋਸ਼ ਭਰ ਜਾਵੇ । ਵਿਚਾਰੀ ਭਗਤਾਂ ਨੇ ਪੂਜਾ ਕਰਕੇ ਬੁੱਢੀ ਬਣਾ ਦਿਤੀ ਹੈ ।

ਮੈਂ ਤਾਂ ਕਹਿੰਦਾ ਹਾਂ ਕਿ ਨਰਮਦਾ ਦੇ ਪਾਣੀਆਂ ਦੀ ਇਕ ਇਕ ਬੂੰਦ ਦੇਸ਼ ਭਰ ਦੀਆਂ ਮੁਟਿਆਰਾਂ ਵਿਚ ਵੰਡ ਦੇਣੀ ਚਾਹੀਦੀ ਹੈ, ਤਾਂ ਕਿ ਉਨ੍ਹਾਂ ਦੇ ਤਨ ਮਨ ਵੀ ਹਰਕਤ ਤੇ ਹਰਾਰਤ ਭਰ ਜਾਵੇ ।

ਪਰ, ਜੇਕਰ ਅਸੀਂ ਨਰਮਦਾ ਕੋਲੋਂ ਮਰਿਯਾਦਾ ਵਿਚ ਰਹਿਕੇ ਟੁਰਨਾ ਹੀ ਸਿਖ ਲਈਏ ।

ਨਰਮਦਾ ਦੇ ਵੇਗ ਵਿਚੋਂ ਜਿਹੜਾ ਸੰਗੀਤ ਟੁਰਦਾ ਹੈ, ਉਹਦੀ ਸੁਰ ਮੈਨੂੰ ਸਦਾ ਹੀ ਸੋਗੀ ਜਿਹੀ ਪ੍ਰਤੀਤ ਹੋ ਰਹੀ ਹੈ, ਜਿਵੇਂ ਕਿ ਉਹ ਰੂਪ ਮਤੀ ਦੀ ਹੀ ਆਵਾਜ਼ ਹੋਵੇ ।

ਜਿਸ ਦੁਖਾਂਤ ਵਿਚੋਂ ਰੂਪ ਮਤੀ ਨੂੰ ਯਾਤਨਾ ਪੂਰਣ ਤਰੀਕੇ ਨਾਲ ਗੁਜ਼ਰਨਾ ਪਿਆ, ਕੀ ਉਸ ਨੂੰ ਅਜ ਵੀ ਰੋਕਿਆ ਨਹੀਂ ਜਾ ਸਕਦਾ ? ●

੯੬ ਗੁਰਜੀਤ ਨਗਰ
ਗੜ੍ਹਾ ਰੋਡ, ਜਲੰਧਰ-੧੪੪੦੨੨

Sri Satguru Jagjit Singh Ji Elibrary NamdhariElibrary@gmail.com

ਪਿਰਤ

ਡਾ. ਆਤਮ ਹਮਰਾਹੀ

ਇਕੋ ਦਿਨ ਵਿਚ ਡੰਡੀ
ਸ਼ਾਹ ਰਾਹ ਨਹੀਂ ਬਣਦੀ,
ਚੰਦ ਪਲਾਂ ਵਿਚ ਡੋਡੀ ਦੇ ਸੀਨੇ ਵਿਚ
ਮਹਿਕ ਨਾ ਭਰਦੀ।

ਲੱਖਾਂ ਸਾਲਾਂ ਦੇ ਵਿਚ ਧਰਤੀ ਹੇਠਾਂ
ਦੱਬਿਆ ਤਪਿਆ ਕੋਇਲਾ
ਹੀਰਾ ਬਣਦਾ।

ਬਾਪੂ ਦੇ ਤੁਖ਼ਮੋਂ ਸਾਂਵਾਂ
ਅਕਲਾਂ ਦਾਂ ਭੰਡਾਰ ਨਾ ਮਿਲਦਾ
ਅਮਲਾਂ ਦੀ ਆਵੀ ਵਿਚ ਪੈ ਕੇ
ਬੁੱਧੀ ਨੂੰ ਵੀ ਤਪਣਾ ਪੈਂਦਾ,

ਛਿੱਲੇ, ਤਪੇ, ਤ੍ਰਾਸ਼ੇ ਬਾਝੋਂ
ਸੰਦ ਅਤੇ ਹਥਿਆਰ ਨਾ ਬਣਦੇ
ਉਮਰ ਲਗਾ ਕੇ
ਵਿੱਦਿਆ ਦੀ ਮਮਟੀ ਦੇ ਕਿੰਗਰੇ ਬਣਦੇ,

ਸੁੰਦਰਤਾ ਵੀ ਚੰਦ ਪਲਾਂ ਦੀ ਕਿਰਤ ਨਹੀਂ ਹੈ—
ਤੁਖ਼ਮੋਂ ਤੁਰਿਆਂ
ਪੰਖੜੀਆਂ ਦਾ ਪੈਂਡਾ
ਰੁੱਤ ਹੰਢਾ ਕੇ ਪੂਰਾ ਹੁੰਦਾ
ਰੰਗਾਂ ਦੇ ਮਹਿਕਾਂ ਦੀ ਛਹਿਬਰ ਲਗਦੀ
ਤੇ ਫਿਰ ਪੌਣ ਮੁਅੱਤਰੀ ਜਾਂਦੀ
ਰੁੱਤਾਂ ਦੇ ਸਿਰ ਫੁੱਲਾਂ ਦੀ ਮੁਕਟੀ ਸਜਦੀ।

ਨਵੀਂ ਭਾਵਨਾ ਨਾਹਰੇ ਰਾਹੀਂ
ਖ਼ਲਕਤ ਦੀ ਆਵਾਜ਼ ਬਣਨ ਤਕ
ਸੈਆਂ ਵਾਰ ਤਸੀਹੇ ਸਹਿੰਦੀ,

ਬਾਝ ਸ਼ਹੀਦੀ
ਧਰਮ ਕਿਸੇ ਦੀ ਪੈਂਠ ਨਾ ਬਝਦੀ
ਪਾਣੀ ਦੇ ਉਬਲਣ ਤਕ ਜੋਕਣ
ਕਿੰਨੀ ਤਪਸ਼ ਉਸ ਵਿਚ ਰਚਦੀ

ਜਬਰਾਂ ਦੀ ਭੱਠੀ ਵਿਚ ਜਲਕੇ
ਹੱਡੀਆਂ ਵਿਚੋਂ
ਜਿੰਨਾਂ ਚਿਰ ਨਾ ਲਾਟਾਂ ਨਿਕਲਣ
ਕਦੇ ਨਾ ਕਿਤੇ ਕ੍ਰਾਂਤੀ ਆਉਂਦੀ।

ਲੋਕਾਂ ਸਾਹਵੇਂ
ਧਾਲਾਂ ਤੋੜੀ ਦੰਭ ਨਹੀਂ ਪੁਗਦਾ
ਕੁਫ਼ਰ ਕਮਾਏ ਹੋਏ ਦਾ ਤਾਂ
ਵਿਚ ਚੁਰਾਹੇ ਭਾਂਡਾ ਭਜਦਾ।

ਮੁਦੱਤ ਤੀਕਰ ਹੇਜ ਨਹੀਂ ਨਿਭਦਾ
ਜਨਮਾਂ ਤੀਕਰ ਇਸ਼ਕ ਨਹੀਂ ਹੰਭਦਾ।
ਸਭ ਕੁਝ ਦਾਅ ਤੇ ਲਾਏ ਬਾਝੋਂ
ਤਵਾਰੀਖ਼ ਦਾ ਜੂਆ ਜਿੱਤ ਨਹੀਂ ਹੁੰਦਾ,
'ਸਰਬੰਸਾਂ' ਦੀ ਕੁਰਬਾਨੀ ਬਾਝੋਂ
ਪੰਥ ਨਹੀਂ ਬਣਦਾ

ਜਣਾ-ਖਣਾ 'ਗੋਬਿੰਦ' ਨਹੀਂ ਹੁੰਦਾ
ਪੰਜਾਂ ਪੁਸ਼ਤਾਂ ਦੀ ਕੁਰਬਾਨੀ ਮਗਰੋਂ
ਸਰਹਿੰਦ ਅਤੇ ਚਮਕੌਰ ਨੇ
ਤੀਰਥ ਬਣਦੇ।

ਐਸ਼ੀ-ਪੱਠੇ
ਕੀਟ-ਪਤੰਗੇ ਬਣਕੇ
ਇਸ ਧਰਤੀ ਤੋਂ
ਜੂਨ ਹੰਢਾ ਕੇ ਤੁਰ ਜਾਂਦੇ ਨੇ,
ਵਕਤ ਦੀਆਂ ਦੀਵਾਰਾਂ ਉਤੇ
ਉੱਦਮ, ਵਫ਼ਾ ਸਖ਼ਾਵਤ ਦਾ ਹੀ
ਨਾਮ ਚਮਕਦਾ ਰਹਿੰਦਾ।

ਕਦੇ ਕਿਸੇ ਸੁਖਿਆਰੇ ਤਨ ਤੋਂ
ਪਿਰਤ ਨਹੀਂ ਪੈਂਦੀ,
ਲੱਖਾਂ ਪੈੜਾਂ ਤੁਰਤੁਰ
ਡੰਡੀ ਨੂੰ ਸ਼ਾਹਰਾਹ ਵਿਚ ਬਦਲਣ

Sri Satguru Jagjit Singh Ji Elibrary NamdhariElibrary@gmail.com

ਲੱਖਾਂ ਜਿੰਦਾਂ
ਇਕ ਰਿਵਸ਼ ਤੇ ਜੇਕਟ ਚੱਲਣ
ਤਦੇ ਕੋਈ ਮਰਯਾਦਾ ਬਣਦੀ,
ਪਰ, ਵਰਖਾ ਦੇ ਪਹਿਲੇ ਕਤਰੇ ਦੇ ਉੱਦਮ ਬਿਨ
ਮੀਂਹ ਨਹੀਂ ਵਰ੍ਹਦਾ।
ਔਝੜ ਵਿਚ ਹੀ ਤੁਰਕੇ
ਦੱਬੀ ਦੌਲਤ ਮਿਲਦੀ
ਨਵੀਂ ਕੋਂਪਲੋਂ ਟਹਿਣੀ ਫੁਟਦੀ,
ਨਵੀਂ ਸੋਚ ਤੋਂ ਪਿਰਤ ਹੈ ਬਣਦੀ
ਘਰ ਤੋਂ ਤੁਰਕੇ ਹੀ ਆਦਮ ਨੇ
ਇਸ ਧਰਤੀ ਦਾ ਚੱਪਾ ਚੱਪਾ ਗਾਹਿਆ।
ਨਵੇਂ ਫੁਰਨਿਆਂ
ਪਿਰਤਾਂ ਬਣਕੇ
ਕੁੱਲ ਸ੍ਰਿਸ਼ਟੀ ਗਾਹ ਲੈਣੀ ਹੈ।

ਅੰਤਹਕਰਣ, ੧੦੦੪/੭
ਧੂਰੀ ਰੇਲਵੇ ਲਾਈਨ
ਲੁਧਿਆਣਾ—3

ਇਕ ਟੱਬਰ, ਕਿੰਜ ਲੀਕਾਂ ਪਾਵਾਂ

—ਪ੍ਰੀਤਮ ਬੇਲੀ

ਆਪਣਿਆਂ ਅੱਗੇ ਕਰਾਂ ਅਰਜੋਈ
ਬਗਾਨੇ ਪੁੱਤਾਂ ਦਰਦ ਨਾ ਕੋਈ।
ਸਾਮਰਾਜ ਨੇ ਮਤਾ ਪਕਾਇਆ
ਹਿੰਦੂ-ਸਿਖ ਸਵਾਲ ਉਠਾਇਆ।
ਕਾਲੇ ਲੇਖ ਨਾ ਲਿਖੋ ਭਾਈ
ਇਕ ਧਰਤੀ 'ਤੇ ਰਹਿਣਾ ਭਾਈ।
ਸਾਂਝੀ ਮਾਂ-ਬੋਲੀ ਨਾ ਭੁੱਲੋ
ਇਕ-ਪੰਜਾਬੀ, ਇਹ ਨਾ ਭੁੱਲੋ।
ਯਾਦ ਰਖੀਂ ਗੁਰਾਂ ਦੀ ਬਾਣੀ
ਸਭਨਾਂ ਤਾਈਂ ਇਕ ਕਰ ਜਾਣੀ।
ਜੋ-ਮਾਤਾ ਤੇ ਹਵਨ ਦੇ ਵੇਲੇ
ਮੰਗੀਂ ਸਭ ਦੇ ਮੰਗਲ ਮੇਲੇ।
ਸਾਂਝੀਆਂ ਧੀਆਂ, ਭੈਣਾਂ, ਮਾਵਾਂ
ਇਕ ਟੱਬਰ, ਕਿੰਜ ਲੀਕਾਂ ਪਾਵਾਂ।
ਲੱਗਣ ਸਦਾ ਸਾਂਝ ਦੇ ਮੇਲੇ
ਤਦ ਹੀ ਹੁੰਦੇ ਜਨਮ ਸੁਹੇਲੇ।

ਚੇਤੇ

ਮੱਖਣ ਸਿੰਘ

ਅੰਬੀ ਨੂੰ ਬੂਰ ਪਿਆ
ਮਾਹੀਆ ਏ ਦੂਰ ਗਿਆ।
ਸੁਪਨੇ ਵਿਚ ਆਏ ਜਿਉਂ
ਪਹਿਲਾਂ ਸ਼ਰਮਾਏ ਜਿਉਂ
ਅਸਾਂ ਹਥ ਛੁਹਾਏ ਜਿਉਂ
ਅੰਗ ਅੰਗ ਝਰਨਾਏ ਜਿਉਂ
ਧਾਅਕੇ ਗਲ ਲਾਏ ਜਿਉਂ
ਮੁਖੜਾ ਦਿੰਝ ਤਾਏ ਜਿਉਂ
ਸਰਘੀ ਦਾ ਨੂਰ ਪਿਆ।
ਮਾਹੀਆ ਏ ਦੂਰ ਗਿਆ——————

ਬਸ ਇਕ ਚੁੱਪੀ ਸੀ
ਗਲ ਕੋਈ ਛੁਪੀ ਸੀ
ਬੁੱਲ੍ਹੀਆਂ 'ਤੇ ਰੁਕੀ ਸੀ
ਅੱਖ ਹਾਲੇ ਸੁਕੀ ਸੀ
ਬੁੱਲੀ ਪਰ ਟੁੱਕੀ ਸੀ
ਗਲ ਇੰਵ ਮੁੱਕੀ ਸੀ
"ਵਿਹੜਾ ਨਾ ਘੂਰ ਪਿਆ।"
ਮਾਹੀਆ ਏ ਦੂਰ ਗਿਆ——————
ਰੁੱਤਾਂ ਕੁਛ ਗਈਆਂ ਸਨ
ਰੁੱਤਾਂ ਕੁਛ ਆਈਆਂ ਸਨ
ਤੇਰੇ ਆਉਣ ਦੀਆਂ ਵਾਈਆਂ ਸਨ
ਬਦਲੀਆਂ ਛਾਈਆਂ ਸਨ
ਪੀਘਾਂ ਅਸਾਂ ਪਾਈਆਂ ਸਨ
ਸਈਆਂ ਰਲ ਗਾਈਆਂ ਸਨ
ਫਟਾਂ ਨੂੰ 'ਗੂਰ ਪਿਆ।
ਅੰਬੀ ਨੂੰ ਬੂਰ ਪਿਆ
ਮਾਹੀਆ ਏ ਦੂਰ ਗਿਆ।

੬/੨੭੧, ਜੀ. ਟੀ. ਬੀ. ਨਗਰ
ਬੰਬਈ ੩੭

Sri Satguru Jagjit Singh Ji Elibrary NamdhariElibrary@gmail.com

ਪਾਕਿਸਤਾਨੀ ਸੰਖੇਪ ਯਾਤਰਾ

ਬਲਬੀਰ ਸਿੰਘ ਢਿਲੋਂ

ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਦੇ ਦਰਸ਼ਨਾਂ ਦੇ ਵਾਸਤੇ ਹਰ ਸਿਖ ਹਿਰਦਾ ਲੋਚਦਾ ਤੇ ਤੜਫਦਾ ਹੈ ਕਿ ਕਦੋਂ ਉਸ ਪਾਵਨ ਧਰਤੀ ਦੀ ਧੂੜ ਆਪਣੇ ਮੱਥੇ ਤੇ ਲਾਵਾਂ। ਇਸੇ ਉਪਦੇਸ਼ ਦੀ ਪੂਰਤੀ ਲਈ ਪਿਛਲੇ ਦਿਨੀ ਕੋਈ ਤਿੰਨ ਹਜ਼ਾਰ ਯਾਤਰੀਆਂ ਦਾ ਇਕ ਜਥਾ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਤੇ ਲਾਹੌਰ ਪਹੁੰਚਿਆ ਸੀ। ਯਾਤਰਾ ਕਰੀਬ ੧੦ ਦਿਨ ਦੀ ਸੀ।

੩੦-੧੦-੮੨ ਨੂੰ ਸਵੇਰੇ ੧੦ ਵਜੇ ਦੇ ਕਰੀਬ ਅੰਮ੍ਰਿਤਸਰੋਂ ਪਹਿਲੀ ਰੇਲ ਜਾਣੀ ਸੀ। ਪਰ ਯਾਤਰੀ ਤਾਂ ਇਨ੍ਹੇ ਕਾਹਲੇ ਸਨ ਕਿ ਸਵੇਰੇ ੬ ਵਜੇ ਤੋਂ ਹੀ ਪਲੇਟ ਫਾਰਮ ਭਰਿਆ ਪਿਆ ਸੀ। ਉਂਝ ਤਾਂ ਅਗੜ੍ਹ ਪਿਛੜ੍ਹ ਤਿੰਨ ਗੱਡੀਆਂ ਜਾਣੀਆਂ ਸਨ ਪਰ ਸੰਗਤਾਂ ਦੀ ਅਥਾਹ ਭੀੜ ਵੇਖ ਕੇ ਤਾਂ ਇੰਝ ਜਾਪਦਾ ਸੀ ਕਿ ਜਿਵੇਂ ਸਾਰੇ ਦੇ ਸਾਰੇ ਤਿੰਨ ਹਜ਼ਾਰ ਯਾਤਰੀ ਪਹਿਲੀ ਗੱਡੀ ਤੇ ਹੀ ਚਲੇ ਜਾਣਗੇ। ਲੰਮੀ ਉਡੀਕ ਤੋਂ ਬਾਦ ਹਰੇ ਰੰਗ ਦੀ ਪਾਕਿਸਤਾਨੀ ਰੇਲ ਕੋਈ ਤੇਰਾਂ ਬੋਗੀਆਂ ਲੈ ਕੇ ਪਲੇਟ ਫਾਰਮ ਤੇ ਆਈ। ਰੇਲ ਅਜੇ ਖਲੋਤੀ ਵੀ ਨਹੀਂ ਸੀ ਕਿ ਸਿੰਘ ਧਾਵਾ ਕਰਕੇ ਪੈ ਗਏ ਸੀਟਾਂ ਮਲਣ ਵਾਸਤੇ। ਇਨਾਂ ਰੌਲਾ ਕਿ ਕੋਈ ਕਿਸੇ ਦੀ ਗੱਲ ਨਹੀਂ ਸੀ ਸੁਣਦਾ ਤੇ ਸਮਝਦਾ। ਧੱਕਾ ਮੁੱਕੀ ਇਨਾ ਕਿ ਵੇਖਿਆ ਹੀ ਨਜ਼ਾਰਾ ਬਣਦਾ ਸੀ। ਇਸ ਸਾਰੇ ਨਜ਼ਾਰੇ ਵਿਚ ਸ਼ਾਮਲ ਸੀ ਮੈਂ ਆਪ ਵੀ ਜੋ ਚਲਦੀ ਗੱਡੀ ਤੇ ਚੜਨ ਲਗਿਆ ਡਿਗਣੋਂ ਮਸਾਂ ਹੀ ਬਚਿਆ ਸਾਂ।

ਸੀਟਾਂ ਮਿਲੀਆਂ ਤੇ ਲੋਕ ਬਹਿ ਗਏ। ਕੁਝ ਸ਼ਾਂਤੀ ਜਹੀ ਮਹਿਸੂਸ ਹੋਈ। ਅੰਮ੍ਰਿਤਸਰ ਤੋਂ ਚਲ ਕੇ ਅਟਾਰੀ ਪਹੁੰਚੇ ਤਾਂ ਉਥੇ ਦਾ ਦਰਿਸ਼ ਵੀ ਇਕ ਅਜੀਬ ਹੀ ਸੀ। ਪਾਸਪੋਰਟਾਂ ਤੇ ਐਂਟਰੀ ਮੋਹਰ ਲਵਾਣ ਵਾਸਤੇ ਪੁਲੀਸ ਨੇ ਆਪਣੇ ਵਲੋਂ ਕਾਫੀ ਪ੍ਰਬੰਧ ਕੀਤਾ ਹੋਇਆ ਸੀ ਕਿ ਲੋਕੀਂ ਲਾਇਨਵਾਰ ਔਣ। ਪਰ ਖਾਲਸੇ ਦੇ ਹੱਲੇ ਬੱਲੇ ਬੱਲੇ ਬੱਲੇ। ਹਰ ਕੋਈ ਇਕ ਦੂਜੇ ਨਾਲੋਂ ਅਗੇ ਹੋਣਾ ਚਾਹੁੰਦਾ ਸੀ। ਬੰਦੇ ਤੇ ਬੰਦਾ, ਧੱਕੇ ਤੇ ਧੱਕਾ, ਕਿਸੇ ਦਾ ਕਮੀਜ਼ ਪਾਟ ਗਿਆ, ਕਿਸੇ ਦੀ ਪੱਗ ਲਹਿ ਗਈ ਮਾਨੋਂ ਕਿ ਤਰਥੱਲੀ ਮੱਚੀ ਹੋਈ ਸੀ। ਪਾਸਪੋਰਟ ਐਂਟਰੀ ਤੋਂ ਬਾਦ ਕਸਟਮ ਅਧਿਕਾਰੀ ਯਾਤਰੀਆਂ ਦਾ ਸਾਰਾ ਸਾਮਾਨ ਫੋਲਦੇ ਵੇਖਦੇ ਹਨ ਤੇ ਫਿਰ ਇਜਾਜ਼ਤ ਦਿੰਦੇ ਹਨ ਰੇਲ ਗੱਡੀ ਤੇ ਚੜਨ ਦੀ।

ਕੋਈ ੨ ਘੰਟੇ ਦੀ ਚੈਕਿੰਗ ਤੋਂ ਪਿਛੋਂ ਗੱਡੀ ਅਟਾਰੀ ਤੋਂ ਚਲ ਕੇ ਪਹਿਲੇ ਸਟੇਸ਼ਨ ਵਾਹਗੇ ਪਹੁੰਚੀ। ਅਟਾਰੀ ਤੋਂ ਵਾਹਗਾ ਕੋਈ ਮਸਾਂ ੧੦ ਮਿੰਟ ਦਾ ਰਸਤਾ ਹੈ।

ਵਾਹਗੇ ਸਟੇਸ਼ਨ ਤੇ ਰੇਲ ਪਹੁੰਚੀ, ਅਜੇ ਖਲੋਤੀ ਵੀ ਨਹੀਂ ਸੀ ਕਿ ਪਾਸ ਪੋਰਟ ਹਥਾਂ ਵਿਚ ਫੜੀ ਲੋਕੀ ਉਤਰਨੇ ਸ਼ੁਰੂ ਹੋ ਗਏ। ਇਉਂ ਜਾਪਦਾ ਸੀ ਕਿ ਜਿਵੇਂ ਕਿਸੇ ਭੂੰਡਾਂ ਦੀ ਖੱਖਰ ਛੇੜ ਦਿਤੀ ਹੋਵੇ। ਭੱਜ ਦੌੜ ਇਕ ਦੂਜੇ ਤੋਂ ਅਗੇ ਪਾਸਪੋਰਟ ਐਂਟਰੀਆਂ ਕਰੌਣ ਵਾਸਤੇ। ਇਥੇ ਹੀ ਮੈਡੀਕਲ ਕਾਪੀਆਂ ਚੈਕ ਕੀਤੀਆਂ ਜਾਂਦੀਆਂ ਹਨ। ਜੋ ਰੁਪਿਆ ਡਾਲਰਾਂ ਦੇ ਰੂਪ ਵਿਚ ਯਾਤਰੀਆਂ ਨੂੰ ਮਿਲਦਾ ਹੈ ਉਸ ਦੇ ਬਦਲੇ ਪਾਕਿਸਤਾਨੀ ਕਰੰਸੀ ਵੀ ਇਥੋਂ ਹੀ ਮਿਲ ਜਾਂਦੀ ਹੈ। ਅਤੇ ਰੇਲ ਦੀ ਜਾਣ ਔਣ ਦੀ ਸਾਰੀ ਯਾਤਰਾ ਦੀ ਟਿਕਟ ਵੀ ਇਥੇ ਦੇ ਦਿਤੀ ਜਾਂਦੀ ਹੈ। ਵਾਹਗੇ ਸਾਮਾਨ ਰੇਲ ਵਿਚੋਂ ਨਹੀਂ ਉਤਾਰਨਾ ਪੈਂਦਾ ਇਸ ਲਈ ਇਥੇ ਖਿੱਚ ਧੂਹ ਅਟਾਰੀ ਦੀ ਨਿਸਬਤ ਕੁਝ ਘਟ ਹੀ ਹੁੰਦੀ ਹੈ।

ਅਟਾਰੀ ਸਟੇਸ਼ਨ ਤੇ ਸ਼੍ਰੋਮਣੀ ਕਮੇਟੀ ਵਲੋਂ ਲੰਗਰ ਦਾ ਇੰਤਜ਼ਾਮ ਸੀ ਤੇ ਕਰੀਬ ਹਰ ਇਕ ਯਾਤਰੀ ਪ੍ਰਸ਼ਾਦਾ ਛੱਕ ਕੇ ਗਿਆ ਸੀ ਪਰ ਵਾਹਗੇ ਪਹੁੰਚਦਿਆਂ ਹੀ ਲੋਕੀ ਸਟੇਸ਼ਨ ਤੇ ਲੱਗੇ ਸਟਾਲ ਤੋਂ ਪੂੜੀਆਂ ਤੇ ਚਾਹ ਖਾਣ ਪੀਣ ਲੱਗ ਪਏ। ਸਟੇਸ਼ਨ ਤੇ ਪਾਕਿਸਤਾਨ ਸਰਕਾਰ ਵਲੋਂ ਪਾਰਟੀ ਦਾ ਪ੍ਰਬੰਧ ਹੁੰਦਾ ਹੈ ਜਿਸ ਵਿਚ ਮਠਿਆਈ, ਪਕੌੜੇ ਤੇ ਚਾਹ ਹੁੰਦੀ ਹੈ। ਯਾਤਰੀ ਉਥੇ ਵੀ ਧੱਕੇ ਮਾਰਕੇ ਵੜਦੇ ਹਨ ਤੇ ਪਲਾਂ ਵਿਚ ਪਲੇਟਾਂ ਸਾਫ ਕਰ ਦਿੰਦੇ ਹਨ। ਜਿਵੇਂ ਮੁਦਤਾਂ ਦੇ ਭੁੱਖੇ ਹੋਣ।

ਵਾਹਗੇ ਤੋਂ ਚੱਲ ਕੇ ਰੇਲ ਗੱਡੀ ਲਾਹੌਰ ਵਿਖੇ ੧੫

Sri Satguru Jagjit Singh Ji Elibrary NamdhariElibrary@gmail.com

ਮਿੱਟ ਰੁਕੀ। ਲਾਹੌਰ ਤੋਂ ਚੱਲ ਕੇ ਕੋਈ ਸ਼ਾਮ ੭ ਵਜੇ ਦੇ ਕਰੀਬ ਅਸੀਂ ਨਨਕਾਣਾ ਸਾਹਿਬ ਪਹੁੰਚੇ । ਸਟੇਸ਼ਨ ਤੋਂ ਗੁਰਦਵਾਰੇ ਜਾਣ ਲਈ ਬਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਕੋਈ ਇਕ ਮੀਲ ਦਾ ਫਾਸਲਾ ਬਸਾਂ ਰਾਹੀਂ ਜਾਣਾ ਸੀ ਪਰ ਬਹੁਤ ਸਾਰੇ ਨੌਜਵਾਨਾਂ ਨੇ ਬਸਾਂ ਤਿਆਗ ਕੇ ਪੈਦਲ ਦੌੜਨਾ ਸ਼ੁਰੂ ਕਰ ਦਿਤਾ। ਇਹ ਦੌੜ ਸੀ ਕਮਰੇ ਮਲਣ ਦੀ। ਹਥਾਂ ਵਿਚ ਤਾਲੇ ਲੈ ਕੇ ਦੌੜੇ ਤੇ ਕਮਰੇ ਮੱਲ ਲਏ। ਸਾਡੇ ਜੱਥੇ ਵਿਚੋਂ ਵੀ ਸ: ਗੁਰਦਿਆਲ ਸਿੰਘ 'ਮੌਜੀ' ਨੇ ਹਿੰਮਤ ਕੀਤੀ ਤੇ ਇਕ ਕਮਰਾ ਮਲ ਲਿਆ ਜਿਹਦੇ ਵਿਚ ਅਸੀਂ ਕੋਈ ਚਾਰ ਰਾਤਾਂ ਗੁਜ਼ਾਰੀਆਂ।

ਸਾਡੇ ਜਾਣ ਤੋਂ ਪਹਿਲਾਂ ਸਿੰਧੀ ਸਿਖ ਪਾਕਿਸਤਾਨ ਵਿਚੋਂ ਪਹੁੰਚੇ ਹੋਏ ਸਨ ਤੇ ਲੰਗਰ ਦਾ ਇੰਤਜ਼ਾਮ ਕੀਤਾ ਹੋਇਆ ਸੀ। ਸ਼੍ਰੋਮਣੀ ਕਮੇਟੀ ਵਲੋਂ ਪਾਠੀ ਸਿੰਘ ਵੀ ਪਹਿਲਾਂ ਹੀ ਪਹੁੰਚ ਹੋਏ ਸਨ ਜਿਨ੍ਹਾਂ ਨੇ ਸ੍ਰੀ ਅਖੰਡ ਪਾਠ ਅਰੰਭ ਕੀਤਾ ਹੋਇਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਨ ਮਨੌਣ ਵਾਸਤੇ ਪਾਕਿਸਤਾਨ ਵਕਫਬੋਰਡ ਵਲੋਂ ਗੁਰਦਵਾਰੇ ਉਤੇ ਰੋਸ਼ਨੀਆਂ ਦਾ ਕਾਫੀ ਪ੍ਰਬੰਧ ਸੀ। ਲੜੀਆਂ ਲਾਟੂ ਝਿਲਮਿਲਾ ਰਹੇ ਸਨ। ਖੁਸ਼ੀਆਂ ਭਰਿਆ ਵਾਤਾਵਰਣ ਬਣਿਆ ਹੋਇਆ ਸੀ । ਸਾਡੀ ਪਹਿਲੀ ਗੱਡੀ ਸੀ। ਇਸ ਪਿਛੋਂ ਦੋ ਗਡੀਆਂ ਹੋਰ ਔਣੀਆਂ ਸਨ ਜੋ ਥੋਹੜੇ ਥੋੜ੍ਹ ਵਕਫ ਨਾਲ ਆਈਆਂ।

ਸਵੇਰੇ ਚਾਰ ਵਜੇ ਇਸ਼ਨਾਨ ਸ਼ੁਰੂ ਹੋ ਗਏ। ਜੰਗਲ ਜਾਣ ਵਾਸਤੇ ਫਲੱਸ਼ ਟਟੀਆਂ ਤੇ ਇਸ਼ਨਾਨ ਵਾਸਤੇ ਟੂਟੀਆਂ ਦਾ ਪ੍ਰਬੰਧ ਗੁਰਦਵਾਰੇ ਦੀ ਚਾਰ ਦਵਾਰੀ ਦੇ ਵਿਚ ਹੀ ਸੀ। ਜੋ ਕਿ ਬੜਾ ਤਸੱਲੀ ਪੂਰਬਕ ਸੀ । ਇਸ ਜੱਥੇ ਵਿਚ ਕੋਈ ੮੦% ਇਸਤਰੀਆਂ ਤੇ ਬੱਚੇ ਸਨ । ੩੦੦੦ ਯਾਤਰੀ ਭਾਰਤ ਵਿਚੋਂ ਗਏ ਸਨ ਕੋਈ ੨੦੦੦ ਯਾਤਰੀ ਸਿੰਧੀ ਸਿਖ ਸਨ। ਕੁਝ ਕਾਬਲ ਵਿਚੋਂ ਆਏ ਸਨ । ਮੇਲਾ ਵਾਹਵਾ ਭਰਿਆ ਹੋਇਆ ਸੀ। ਗੁਰਦਵਾਰੇ ਦੇ ਦਰਵਾਜੇ ਅਗੇ ਪੁਲੀਸ ਦਾ ਕਰੜਾ ਪਹਿਰਾ ਤੇ ਪ੍ਰਬੰਧ ਸੀ। ਕਰਮਚਾਰੀਆਂ ਤੋਂ ਬਿਨਾਂ ਕਿਸੇ ਮੁਸਲਮਾਨ ਨੂੰ ਅੰਦਰ ਨਹੀਂ ਸੀ ਔਣ ਦਿਤਾ ਜਾਂਦਾ। ਬਾਹਰ ਬਜ਼ਾਰ ਵਿਚ ਦੁਕਾਨਾਂ ਲਗੀਆਂ ਹੋਈਆਂ ਸਨ। ਮਠਿਆਈ, ਚਾਹ, ਫਰੂਟ, ਪੂੜੀਆਂ ਤੇ ਮਾਸ ਅੰਡੇ। ਮੁਸਲਮਾਨਾਂ ਤਾਂ ਖਾਣਾ ਹੀ ਸੀ । ਬਹੁਤ ਸਾਰੇ ਸਿਖ ਯਾਤਰੀ ਵੀ ਮਨ ਭੌਂਦੀਆਂ ਚੀਜ਼ਾਂ ਦੁਕਾਨਾਂ ਤੇ ਬੈਠ ਕੇ ਖਾਂਦੇ ਸਨ।

ਲਾਹੌਰ ਸਟੇਸ਼ਨ ਤੇ ਇਕ ਰੇੜੀ ਤੋਂ ਰੋਟੀ ਮਾਸ ਨਾਲ ਕੁਝ ਸਿਖ ਖਾ ਰਹੇ ਸਨ । ਇਕ ਸਿਆਣੇ ਮੁਸਲਮਾਨ ਨੇ ਕਹਿ ਹੀ ਦਿਤਾ "ਓ ਸਿਖੋ ਜੇ ਤੁਸਾਂ ਇਹੋ ਕੁਝ ਹੀ ਖਾਣਾ ਸੀ ਤਾਂ ਇਥੋਂ ਜਾਣ ਦੀ ਤੁਹਾਨੂੰ ਕੀ ਲੋੜ ਸੀ।" ਉਸ ਰੇਹੜੀ ਤੇ ਮਾਸ ਪਤਾ ਨਹੀਂ ਕਿਸ ਪਸ਼ੂ ਦਾ ਸੀ ਪਰ ..

੩੧-੧੦-੯੨ ਦੀ ਸਵੇਰ ਹੋਈ । ਸੂਰਜ ਨਿਕਲਿਆ ਤੇ ਨਾਲ ਹੀ ਨਿਕਲ ਪਏ ਉਹ ਲੋਗ ਜੋ ਆਪਣੇ ਚਿਰ ਵਿਛੜੇ ਸਜਣਾ ਮਿਤਰਾਂ ਨੂੰ ਮਿਲਣਾ ਸੋਚਦੇ ਸਨ। ਦੂਰ ਦੁਰਾਡੇ ਪਿੰਡਾਂ ਤੋਂ ਆਏ ਮੁਸਲਮਾਨ ਵੀਰ ਆਪਣੇ ਸਿਖ ਵੀਰਾਂ ਤੋਂ ਪੁੱਛ ਰਹੇ ਸਨ ਕੋਈ ਸਾਡੇ ਜ਼ਿਲੇ ਦਾ ਜਾਂ ਸਾਡੇ ਪਿੰਡ ਦਾ ਬੰਦਾ ਆਇਆ ਹੋਵੇ ਤਾਂ ਸਾਨੂੰ ਮਿਲੇ। ਤੇ ਕਈਆਂ ਨੂੰ ਉਹਨਾਂ ਦੇ ਸਜਣ ਸਾਥੀ ਮਿਲੇ। ਘੁਟ ਘੁਟ ਜਫੀਆਂ ਪਾਈਆਂ। ਰੋ ਰੋ ਕੇ ਅਖਾਂ ਭਰੀਆਂ ਤੇ ਘੰਟਿਆਂ ਬੱਧੀ ਗਲਾਂ ਕਰ ਕਰ ਕੇ ਆਪਣਾ ਦਿੱਲ ਹੌਲਾ ਕਰਦੇ ਰਹੇ।

ਦੂਜੇ ਬੰਨੇ ਉਹ ਹਿੰਦੂ ਸਿਖ ਯਾਤਰੀ ਵੀ ਸਨ ਜਿਹਨਾਂ ਨੇ ਪਤਾ ਨਹੀਂ ਰਾਤ ਕਿਵੇਂ ਕੱਢੀ । ਸਵੇਰ ਨਾਲ ਹੀ ਕਪੜੇ ਦੀਆਂ ਦੁਕਾਨਾਂ ਤੇ ਭੀੜਾਂ ਲੱਗ ਗਈਆਂ, ਜਾਪਦਾ ਸੀ ਕਿ ਜਿਵੇਂ ਇਹਨਾਂ ਲੋਕਾਂ ਨੂੰ ਖਾਣ ਪੀਣ ਵੀ ਭੁਲ ਗਿਆ ਹੋਵੇ। ਸਿੰਧੀ ਵੀਰਾਂ ਵਲੋਂ ਲੰਗਰ ਵਿਚ ਚਾਹ ਦਾ ਚੰਗਾ ਇੰਤਜ਼ਾਮ ਸੀ। ਸੰਗਤਾਂ ਚਾਹ ਨਾਲ ਰਾਤ ਦਾ ਬਚਿਆ ਲੰਗਰ ਵੀ ਛੱਕ ਰਹੀਆਂ ਸਨ। ਗੁਰਦਵਾਰੇ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ ਤੇ ਸੰਗਤਾਂ ਦੀ ਇਕ ਲੰਮੀ ਕਤਾਰ ਮਥਾ ਟੇਕਣ ਵਾਸਤੇ ਲਗੀ ਹੋਈ ਸੀ। ਮੈਂ ਤੇ ਮੇਰੇ ਸਾਥੀ ਵੀ ਉਸ ਵਿਚ ਸ਼ਾਮਲ ਹੋ ਗਏ।

ਚਰਨ ਧੋ ਕੇ ਦਰਸ਼ਨੀ ਡਿਉਢੀ ਵਿਚ ਪ੍ਰਵੇਸ਼ ਹੁੰਦਾ ਹੈ ਤੇ ਫਿਰ ਅਗੇ ਦਰਬਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਜਿਥੇ ਸੰਗਤਾਂ ਸੀਸ ਨਿਵਾ ਕੇ ਗੁਰੂ ਘਰ ਤੋਂ ਬਖਸ਼ਿਸ਼ ਮੰਗਦੀਆਂ ਹਨ । ਪਾਕਿਸਤਾਨ ਵਕਫ ਬੋਰਡ ਵਲੋਂ ਸ੍ਰੀ ਗੁਰੂ ਨਾਨਕ ਦੇਵ ਦੇ ਜਨਮ ਸਥਾਨ ਦੇ ਚਾਰੋਂ ਪਾਸੇ ਖੁਲ੍ਹੇ ਬਰਾਂਡੇ ਬਣਵਾਏ ਗਏ ਹਨ। ਕਾਫੀ ਖੁਲੀ ਜਗਾ ਬਣੀ ਹੋਈ ਹੈ। ਹੇਠਾਂ ਕਾਲੀਨ ਵਿਛੇ ਹੋਏ ਸਨ ਸੰਗਤਾਂ ਦੇ ਬਹਿਣ ਵਾਸਤੇ । ਨਾਲ ਹੀ ਇਕ ਪਾਸੇ ਉਹ ਜੰਡ ਖੜਾ ਹੈ ਜੋ ਸ਼ਹੀਦ ਲਛਮਣ ਸਿੰਘ ਨੂੰ ਜਿੰਦਾ ਜਲਾ ਦੇਣ ਤੇ ਮਹੰਤਾਂ ਦੇ ਜ਼ੁਲਮਾਂ ਦੀ ਕਹਾਣੀ ਦਸਦਾ ਹੈ। ਗੁਰਦਵਾ-

Sri Satguru Jagjit Singh Ji Elibrary NamdhariElibrary@gmail.com

ਰਿਆਂ ਦੀ ਅਜ਼ਾਦੀ ਵਾਸਤੇ ਜਿਹਨਾਂ ਸਿਖਾਂ ਨੇ ਕੁਰਬਾਨੀਆਂ ਦਿਤੀਆਂ ਉਹਨਾਂ ਨੂੰ ਯਾਦ ਕਰਕੇ ਆਪ ਮੁਹਾਰੇ ਮੂੰਹੋਂ ਨਿਕਲਦਾ ਹੈ ਕਿ "ਧੰਨ ਹਨ ਗੁਰੂ ਦੇ ਸਿਦਕੀ ਸਿਖ ।

ਗੁਰਦਵਾਰਾ ਸਾਹਿਬ ਦੀ ਸੇਵਾ ਸੰਭਾਲ ਜਿਨ੍ਹੀ ਕੁ ਸਿਖ ਕਰ ਸਕਦੇ ਹਨ, ਉਹੋ ਜਹੀ ਹਾਲਤ ਤਾਂ ਨਹੀਂ ਹੋ ਰਹੀ ਪਰ ਮੌਜੂਦਾ ਹਾਲਾਤ ਵਿਚ ਜੋ ਕੁਝ ਵੀ ਹੋ ਰਿਹਾ ਹੈ ਉਹ ਕਾਫੀ ਤਸਲੀਬਖਸ਼ ਕਿਹਾ ਜਾ ਸਕਦਾ ਹੈ । ਦਰਸ਼ਨੀ ਡਿਉਢੀ ਦੇ ਅਗੇ ਛੋਟੇ ਛੋਟੇ ਦੋ ਪਾਰਕ ਹਨ ਫੁੱਲ ਬੂਟੇ ਤੇ ਘਾਹ ਨਾਲ ਹਰੇ ਭਰੇ ਲਗਦੇ ਹਨ । ਇਮਾਰਤਾਂ ਤੇ ਰੰਗ ਰੋਗਨ ਤਾਜ਼ਾ ਹੀ ਕੀਤਾ ਜਾਪਦਾ ਸੀ । ਯਾਤਰੀਆਂ ਦੇ ਠਹਿਰਨ ਲਈ ਕਮਰਿਆਂ ਤੋਂ ਇਲਾਵਾ ਤੰਬੂ ਵੀ ਲਾਏ ਗਏ ਸਨ । ਸਾਰੀਆਂ ਸੰਗਤਾਂ ਇਥੋਂ ਦੇ ਪ੍ਰਬੰਧ ਤੇ ਪ੍ਰਸੰਨ ਚਿਤ ਸਨ । ਕਿਸੇ ਨੂੰ ਕੋਈ ਸ਼ਿਕਵਾ ਨਹੀਂ ਸੀ ਜਾਪਦਾ ।

ਸ੍ਰੀ ਅਖੰਡ ਪਾਠ ਦਾ ਭੋਗ ਰਾਤ ਨੂੰ ਪਾਇਆ ਗਿਆ ਤੇ ਆਤਸ਼ਬਾਜ਼ੀ ਵੀ ਚਲਾਈ ਗਈ । ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਖੁਸ਼ੀ ਵਿਚ ਦਿਨੇ ੨ ਤਰੀਖ ਨੂੰ ਜਲੂਸ ਵੀ ਕਢਿਆ ਗਿਆ ਜਿਸ ਵਿਚ ਪਾਲਕੀ ਵਿਚ ਸ੍ਰੀ ਗਰੰਥ ਸਾਹਿਬ ਦੀ ਬੀੜ ਸੀ । ਅਗੇ ਪੰਜ ਪਿਆਰੇ ਸਨ । ਉਹਨਾਂ ਦੇ ਹਥਾਂ ਵਿਚ ਕੇਸਰੀ ਨਿਸ਼ਾਨ ਝੂਲ ਰਹੇ ਸਨ । ਅਗੇ ਗਤਕਾ ਪਾਰਟੀ ਤੇ ਢੋਲਾਂ ਵਾਲੇ ਸਨ ਜਿਹਨਾਂ ਦੇ ਆਸੇ ਪਾਸੇ ਲੋਕੀ ਭੰਗੜਾ ਪਾ ਰਹੇ ਸਨ । ਬਾਜ਼ਾਰ ਭਰਿਆ ਪਿਆ ਸੀ । ਕੋਠਿਆਂ ਦੀਆਂ ਛੱਤਾਂ ਵੀ ਔਰਤਾਂ ਤੇ ਆਦਮੀਆਂ ਨਾਲ ਲਧੀਆਂ ਪਈਆਂ ਸਨ । ਗੁਰਦਵਾਰਾ ਜਨਮ ਸਥਾਨ ਤੋਂ ਚੱਲ ਕੇ ਕੋਈ ਦੋ ਘੰਟੇ ਬਾਦ ਜਲੂਸ ਗੁਰਦਵਾਰਾ ਕਿਆਰਾ ਸਾਹਿਬ ਜਾ ਕੇ ਪੁਜਾ । ਜਿਥੇ ਅਰਦਾਸ ਤੋਂ ਬਾਦ ਸਮਾਪਤੀ ਹੋਈ । ਸ੍ਰੀ ਨਨਕਾਣਾ ਸਾਹਿਬ ਵਿਚ ਕਰੀਬ ਛੇ ਗੁਰਦਵਾਰੇ ਹਨ । ਗੁਰਦਵਾਰਾ ਜਨਮ ਸਥਾਨ, ਤੰਬੂ ਸਾਹਿਬ, ਕਿਆਰਾ ਸਾਹਿਬ, ਮਾਲ ਜੀ ਸਾਹਿਬ, ਪੱਟੀ ਸਾਹਿਬ ਤੇ ਗੁਰਦਵਾਰਾ ਬਾਲ ਲੀਲਾ ਜੀ ਹਨ । ਇਹਨਾਂ ਤੋਂ ਇਲਾਵਾ ਭਾਈ ਬਾਲੇ ਦਾ ਖੂਹ ਵੀ ਹੈ ਜੋ ਹੁਣ ਬੇ ਅਬਾਦ ਇਕ ਡਲੇ ਦੀ ਸ਼ਕਲ ਵਿਚ ਪਿਆ ਹੈ । ਇਸ ਤੋਂ ਥੋੜਾ ਅਗੇ ਬੋਹੜ ਉਤੇ ਵਣਾਂ ਦੇ ਕਾਫੀ ਗਾਹੜੇ ਝੁੰਡ ਵਿਚ ਰਾਇ ਬੁਲਾਰ ਦੀ ਕਬਰ ਵੀ ਹੈ । ਜੋ ਕਿ ਕੱਚੀ ਬਣੀ ਹੋਈ ਹੈ । ਬਹੁਤ ਸਾਰੇ ਯਾਤਰੀ ਕਬਰ ਨੂੰ ਵੇਖਣ ਜਾਂਦੇ ਹਨ ।

੩-੧੧-੯੨ ਨੂੰ ਕੋਈ ਦਿਨ ਦੇ ਦੋ ਵਜੇ ਪਹਿਲੀ ਗੱਡੀ ਪੰਜਾ ਸਾਹਿਬ ਲਈ ਚਲਣੀ ਸੀ । ਇਸ ਕਰਕੇ ਸੰਗਤਾਂ ਬਾਰਾਂ ਵਜੇ ਤੋਂ ਹੀ ਬਿਸਤਰੇ ਬਨ੍ਹ ਕੇ ਸਟੇਸ਼ਨ ਤੇ ਪਹੁੰਚਣੀਆਂ ਅਰੰਭ ਹੋ ਗਈਆਂ । ਪ੍ਰਬੰਧਕਾਂ ਵਲੋਂ ਜੋ ਗੱਲ ਵਧੀਆ ਕੀਤੀ ਗਈ ਉਹ ਇਹ ਸੀ ਕਿ ਕਮਰਿਆਂ ਤੇ ਕਬਜ਼ਾ ਕਰਨ ਦੀ ਦੌੜ ਭਜ ਤੋਂ ਬਚਣ ਵਾਸਤੇ ਹਰ ਦਸ ਪਾਸਪੋਰਟਾਂ ਪਿਛੇ ਇਕ ਕਮਰਾ ਅਲਾਟ ਕਰ ਦਿਤਾ ਗਿਆ ਤੇ ਨੰਬਰ ਲਾ ਦਿਤੇ ਗਏ । ਇਸ ਤਰ੍ਹਾਂ ਕਰਨ ਨਾਲ ਕਾਫੀ ਪ੍ਰੇਸ਼ਾਨੀ ਘਟ ਗਈ ਸੀ । ਨਹੀਂ ਤਾਂ ਇਹਨਾ ਕਮਰਿਆਂ ਦੇ ਮਲਣ ਲਈ ਬੋਲ ਕਬੋਲ ਤੇ ਹੂਰਾ ਮੁੱਕੀ ਤਕ ਨੌਬਤ ਪਹੁੰਚ ਜਾਂਦੀ ਸੀ ।

ਮੈਂ ਤੇ ਮੇਰੇ ਸਾਥੀ ਦੂਜੀ ਗੱਡੀ ਰਾਹੀਂ ਕੋਈ ਸਵੇਰ ਦੇ ਚਾਰ ਵਜੇ ਸ੍ਰੀ ਪੰਜਾ ਸਾਹਿਬ ਪਹੁੰਚੇ ਸਾਂ । ਮਿੱਠੀ ਮਿੱਠੀ ਠੰਡ ਸੀ । ਰਾਤ ਦਾ ਉਨੀਂਦਾ ਤੇ ਥਕੇਵਾਂ ਸੀ । ਪਰ ਅੰਮ੍ਰਿਤ ਵੇਲਾ ਸੀ ਸੰਗਤਾਂ ਚਸ਼ਮੇਂ ਦੇ ਨਿਘੇ ਪਾਣੀ ਵਿਚ ਇਸ਼ਨਾਨ ਕਰ ਰਹੀਆਂ ਸਨ । ਸ੍ਰੀ ਆਖੰਡ ਪਾਠ ਅਰੰਭ ਸੀ । ਸਪੀਕਰ ਮਿੱਠੀ ਮਿੱਠੀ ਬਾਣੀ ਸੁਣਾ ਰਿਹਾ ਸੀ । ਬੜਾ ਸੁਹਾਵਣਾ ਦਰਿਸ਼ ਸੀ ।

੪-੨-੯੨ ਦਾ ਸੂਰਜ ਨਿਕਲਦਿਆਂ ਹੀ ਲੋਕੀਂ ਵੱਡੀ ਗਿਣਤੀ ਵਿਚ ਬਸਤਰ ਧੋ ਰਹੇ ਸਨ । ਇਥੋਂ ਦੇ ਚਸ਼ਮੇ ਦਾ ਪਾਣੀ ਬਹੁਤ ਵਧੀਆ ਹੈ, ਪੀਣ ਵਾਸਤੇ, ਇਸ਼ਨਾਨ ਵਾਸਤੇ ਤੇ ਬਸਤਰ ਧੋਣ ਵਾਸਤੇ । ਉਸ ਸਮੇਂ ਦਾ ਨਜ਼ਾਰਾ ਕਿਸੇ ਧੋਬੀਘਾਟ ਤੋਂ ਘਟ ਨਹੀਂ ਸੀ ਜਾਪਦਾ । ਕੁਝ ਸੰਗਤਾਂ ਬਜ਼ਾਰ ਵਿਚ ਫਿਰ ਰਹੀਆਂ ਸਨ ਤੇ ਕੁਝ ਵਲੀ ਕੰਧਾਰੀ ਯਾਤਰਾ ਵਾਸਤੇ ਪਹਾੜੀ ਚੜ ਰਹੀਆਂ ਸਨ । ਕੋਈ ੧੦ ਵਜੇ ਸਰਕਾਰ ਵਲੋਂ ਇਜਾਜ਼ਤ ਮਿਲ ਗਈ ਤੇ ਕਾਫੀ ਸੰਗਤਾਂ ਸਪੈਸ਼ਲ ਬਸਾਂ ਕਰਕੇ ਰਾਵਲ ਪਿੰਡੀ ਪਹੁੰਚ ਗਈਆਂ । ਰਾਵਲ ਪਿੰਡੀ ਕਾਫੀ ਵੱਡਾ ਸ਼ਹਿਰ ਹੈ ਤੇ ਇਸ ਵਿਚ ਬੇਸ਼ੁਮਾਰ ਰੌਣਕ ਤੇ ਭੀੜ ਭੜਕਾ ਹੈ । ਆਟੋ ਰਿਕਸ਼ਾ ਤੇ ਤਾਂਗੇ ਵਡੀ ਗਿਣਤੀ ਵਿਚ ਹਨ । ਫੋਰਵੀਲਰ ਮਜ਼ੂਕੀ ਨਾ ਦੀ ਗੱਡੀ ਵੀ ਸ਼ਹਿਰ ਵਿਚ ਸਵਾਰੀ ਢੋਂਹਦੀ ਹੈ । ਸਾਰੇ ਪਾਕਿਸਤਾਨ ਵਿਚ ਕਿਤੇ ਵੀ ਰਿਕਸ਼ਾ ਨਜ਼ਰ ਨਹੀਂ ਪਿਆ । ਪੁੱਛਣ ਤੇ ਪਤਾ ਲਗਾ ਕਿ ਇਥੇ ਰਿਕਸ਼ੇ ਦੀ ਕਾਨੂੰਨਨ ਮਨਾਹੀ ਏ, ਬੰਦੇ ਨੂੰ ਬੰਦਾ ਖਿੱਚੇ ਇਹ ਇਸਲਾਮੀ ਸ਼ਰਾਅ ਦੇ ਖਿਲਾਫ ਹੈ ।

ਅਜ ਜੁੰਮਾਂ ਸੀ । ਸ਼ੁਕਰਵਾਰ ਨੂੰ ਪਾਕਿਸਤਾਨ ਵਿਚ ਜੁੰਮਾਂ ਕਹਿੰਦੇ ਹਨ । ਇਸ ਦਿਨ ਸਰਕਾਰੀ ਤੌਰ ਤੇ ਛੁੱਟੀ ਹੁੰਦੀ ਹੈ ਤੇ ਬਜ਼ਾਰ ਵੀ ਬੰਦ ਹੁੰਦੇ ਹਨ । ਬਹੁਤੇ ਮੁਸਲਮਾਨ ਮਸੀਤ ਵਿਚ ਇਕਠੇ ਹੋ ਕੇ ਜੁੰਮੇ ਦੀ ਨਮਾਜ਼ ਪੜ੍ਹਦੇ ਹਨ । ਵੇਖਣ ਵਿਚ ਆਇਆ ਹੈ ਕਿ ਆਮ ਦਿਨਾਂ ਨਾਲੋਂ ਜੁੰਮੇ ਵਾਲੇ ਦਿਨ ਮਾਸ (ਗੋਸ਼ਤ) ਦੀ ਵਰਤੋਂ ਕੁਝ ਵਧੇਰੇ ਹੀ ਹੁੰਦੀ ਹੈ । ਛੁੱਟੀ ਦੇ ਬਾਵਜੂਦ ਵੀ ਬਜ਼ਾਰ ਖੁਲ੍ਹਾ ਸੀ । ਸਿਲੇ ਸਿਲਾਏ,

Sri Satguru Jagjit Singh Ji Elibrary NamdhariElibrary@gmail.com

ਨਵੇਂ ਤੇ ਪੁਰਾਣੇ ਕਪੜਿਆਂ ਦੀਆਂ ਦੁਕਾਨਾਂ ਗੁਰਦਵਾਰਾ ਸਾਹਿਬ ਦੇ ਨਾਲ ਹੀ ਲਗੀਆਂ ਹੋਈਆਂ ਸਨ। ਲੋਕੀ ਵੇਚਣ ਵਾਲੀ ਤੁਰ ਰਹੇ ਸਨ ਤੇ ਖਰੀਦ ਵੀ ਰਹੇ ਸਨ। ਸਵੇਰੇ ਹੋਵੇ, ਦੁਪਹਿਰ ਹੋਵੇ ਤੇ ਭਾਵੇਂ ਸ਼ਾਮ ਲੋਕੀਂ ਬਜ਼ਾਰ ਵਿਚ ਫਿਰਦੇ ਰਹਿੰਦੇ ਸਨ।

ਪੰਜਾ ਸਾਹਿਬ ਜਿਸ ਦਾ ਅਸਲ ਨਾਮ ਹਸਨ ਅਬਦਾਲ ਹੈ, ਵਿਚ ਛੋਟਾ ਜਿਹਾ ਬਜ਼ਾਰ ਹੈ। ਹਰ ਤਰ੍ਹਾਂ ਦੀਆ ਦੁਕਾਨਾਂ ਹਨ। ਇਥੋਂ ਦੀਆਂ ਪੱਖੀਆਂ ਕਾਫੀ ਮਸ਼ਹੂਰ ਹਨ। ਕਰੀਬ ਹਰ ਯਾਤਰੀ ਲੈ ਕੇ ਔਂਦਾ ਹੈ। ਮਾਸ ਖਾਣੇ ਵਾਲਿਆਂ ਦੀ ਬਹੁਤਾਤ ਕਾਰਨ ਮਾਸ ਦੀਆਂ ਦੁਕਾਨਾਂ ਵਧੇਰੇ ਹਨ, ਇਸੇ ਲਈ ਬਜ਼ਾਰ ਵਿਚੋਂ ਬਦਬੂ ਜਹੀ ਔਂਦੀ ਰਹਿੰਦੀ ਹੈ।

ਪੰਜਾ ਸਾਹਿਬ ਤੋਂ ਦੂਜੀ ਟਰੇਨ ਕਰੀਬ ਸ਼ਾਮੀ ੬ ਵਜੇ ਚਲੀ ਸੀ। ਸਵੇਰੇ ਚਾਰ ਵਜੇ ਅਸੀਂ ਲਾਹੌਰ ਦੇ ਬਦਾਮੀ ਬਾਗ ਸਟੇਸ਼ਨ ਤੇ ਪਹੁੰਚ ਗਏ ਸਾਂ। ਅਗੇ ਉਥੇ ਵੀ ਬਸਾਂ ਦਾ ਇੰਤਜ਼ਾਮ ਸੀ। ਸਟੇਸ਼ਨ ਤੋਂ ਗੁਰਦਵਾਰਾ ਕੋਈ ਇਕ ਕਿਲੋਮੀਟਰ ਹੀ ਪੈਂਦਾ ਹੈ। ਵੀ ਸਵਾਰੀ ਇਕ ਰੁਪਿਆ ਕਿਰਾਇਆ ਦੇ ਕੇ ਅਸੀਂ ਗੁਰਦਵਾਰੇ ਪਹੁੰਚ ਗਏ। ਇਹ ਗੁਰਦਵਾਰਾ ਉਸ ਸਥਾਨ ਤੇ ਹੈ ਜਿਥੇ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਉਹ ਯਾਦਗਾਰ ਹੈ ਜਿਥੇ ਉਹਨਾਂ ਦਾ ਸੰਸਕਾਰ ਹੋਇਆ। ਗੁਰਦਵਾਰੇ ਦੇ ਐਨ ਸਾਹਮਣੇ ਪੁਰਾਣਾ ਇਤਿਹਾਸਕ ਕਿਲਾ ਹੈ। ਦੂਜੇ ਪਾਸੇ ਇਕ ਲਾਹੌਰ ਦੀ ਬਹੁਤ ਵੱਡੀ ਮਸਜਦ ਹੈ। ਇਕ ਤੀਜੇ ਪਾਸੇ ਪਾਕਿਸਤਾਨ ਬਣਨ ਦੀ ਯਾਦ ਵਿਚ ਇਕ ਬਹੁਤ ਉਚੀ ਯਾਦਗਾਰ ਬਣਾਈ ਗਈ ਹੈ। ਜਿਸ ਦੀ ਸ਼ਕਲ ਕਰੀਬ ਕੁਤਬ ਮੀਨਾਰ ਵਰਗੀ ਹੈ। ਇਸ ਨੂੰ ਮੀਨਾਰੇ ਪਾਕਿਸਤਾਨ ਕਹਿੰਦੇ ਹਨ। ਕਰੰਸੀ ਨੋਟਾਂ ਉਤੇ ਵੀ ਇਸ ਦੀ ਤਸਵੀਰ ਅੰਕਿਤ ਕੀਤੀ ਗਈ ਹੈ।

ਚੌਥੇ ਪਾਸੇ ਲਾਹੌਰ ਸ਼ਹਿਰ ਹੈ। ਕਾਫੀ ਚੌੜੇ ਬਜ਼ਾਰ, ਹਨ। ਦੁਕਾਨਾਂ ਸਾਮਾਨ ਨਾਲ ਭਰੀਆਂ ਪਈਆਂ ਹਨ। ਕਾਰਾਂ, ਬਸਾਂ, ਪ੍ਰਾਈਵੇਟ ਟੈਕਸੀਆਂ ਅਤੇ ਆਟੋ ਰਿਕਸ਼ਾ ਵਾਲਿਆਂ ਦੀ ਭੱਜ ਦੌੜ ਬਹੁਤ ਹੈ ਤੇ ਭੀੜ ਭੜੱਕਾ ਵੀ ਕਰੀਬ ਦਿੱਲੀ ਵਰਗਾ ਹੀ ਹੈ।

ਲਾਹੌਰ ਗੁਰਦਵਾਰੇ ਵਿਚ ਕਮਰੇ ਬਹੁਤ ਹੀ ਘਟ ਹਨ। ਇਸ ਲਈ ਦੂਜੀ ਰੇਲ ਤੇ ਔਣ ਵਾਲਿਆਂ ਨੂੰ ਨਾ ਕਮਰਾ ਨਾ ਤੰਬੂ ਮਿਲਿਆ। ਅਸੀਂ ਕਾਫੀ ਭੱਜ ਦੌੜ ਤੋਂ ਬਾਦ ਲਾਰੀ ਅੱਡੇ ਦੇ ਨੇੜੇ ਹੀ ਇਕ ਹੋਟਲ ਵਿਚ ਕਮਰਾ ਲੈਣ ਵਿਚ ਸਫਲ ਹੋ ਗਏ। ਜਿਥੇ ਅਸਾਂ ਦੋ ਦਿਨ ਤੇ ਦੋ ਰਾਤਾਂ ਗੁਜ਼ਾਰੀਆਂ। ਲੰਗਰ ਗੁਰੂ ਦਾ ਅਤੁੱਟ ਵਰਤਦਾ ਸੀ। ਸਵੇਰੇ ਛੱਕ ਕੇ ਜਾਈਦਾ ਸੀ ਤੇ ਰਾਤ ਨੂੰ ਫਿਰ ਆ ਛਕੀ ਦਾ ਸੀ। ਕਿਸੇ ਗਲ ਦੀ ਕੋਈ ਤਕਲੀਫ ਨਹੀਂ ਸੀ। ਲਹੌਰ ਵਿਚ ਹੋਰ ਵੀ ਕਈ ਗੁਰਦਵਾਰੇ ਹਨ। ਜਿਨ੍ਹਾਂ ਦੇ ਦਰਸ਼ਨ ਵੀ ਸੰਗਤਾਂ ਨੇ ਕੀਤੇ ਤੇ ਆਪਣੀ ਯਾਤਰਾ ਦਾ ਆਖਰੀ ਪੜਾਅ ਪੂਰਾ ਕੀਤਾ।

੮-੧੧-੮੨ ਸਵੇਰੇ ਪਹਿਲੀ ਰੇਲ ੮ ਵਜੇ ਜਾਣ ਦਾ ਐਲਾਨ ਹੋ ਚੁੱਕਾ ਸੀ। ਇਸ ਲਈ ਸੰਗਤਾਂ ਅੰਮ੍ਰਿਤ ਵੇਲੇ ਦੇ ਇਸ਼ਨਾਨ ਕਰਕੇ ਤੇ ਮਥਾ ਟੇਕ ਕੇ ਵਾਪਸੀ ਲਈ ਸਟੇਸ਼ਨ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਦੂਜੀ ਗਡੀ ੧੦ ਵਜੇ ਤੇ ਤੀਜੀ ਗੱਡੀ ੨ ਵਜੇ ਦਿਨ ਦੇ ਚਲਣੀ ਸੀ। ਇਸ ਲਈ ਅਸੀਂ ਹੌਲੀ ਹੌਲੀ ਤਿਆਰੀ ਕਰਕੇ ਤੀਜੀ ਗੱਡੀ ਵਿਚ ਆ ਬੈਠੇ। ਗੱਡੀ ਚਲੀ ਤੇ ਜੈਕਾਰੇ ਗੂੰਜ ਉਠੇ। ਸੰਗਤਾਂ ਪ੍ਰਸੰਨ ਚਿੱਤ ਪ੍ਰਤੀਤ ਹੋ ਰਹੀਆਂ ਸਨ। ਬਦਾਮੀ ਬਾਗ ਸਟੇਸ਼ਨ ਤੋਂ ਚਲ ਕੇ ਰੇਲ ਲਾਹੌਰ ਦੇ ਵਡੇ ਸਟੇਸ਼ਨ ਤੇ ਰੁਕੀ। ਲੋਕਾਂ ਲਾਹੌਰ ਦੀਆਂ ਆਖਰੀ ਚਾਹਾਂ ਪੀਤੀਆਂ। ਉਥੋਂ ਚਲ ਕੇ ਕੋਈ ਸਾਢੇ ਤਿੰਨ ਵਜੇ ਰੇਲ ਵਾਹਗੇ ਪਹੁੰਚੀ। ਉਸੇ ਫਿਰ ਉਹ ਹੀ ਰੌਲਾ ਰਪਾ ਵਾਪਸੀ ਐਂਟਰੀ ਮੋਹਰ ਹੋਣੀ ਸੀ। ਕੋਈ ਇੰਨੀ ਭੀੜ ਨਹੀਂ ਸੀ ਫਿਰ ਵੀ ਦੋ ਸਰਦਾਰ ਸਿਆਣੀ ਉਮਰ ਦੇ ਆਪਸ ਵਿਚ ਲੜਦੇ ਵੇਖੇ ਗਏ। ਇਥੇ ਸਾਨੂੰ ਬਹੁਤ ਦੇਰ ਪ੍ਰੇਸ਼ਾਨ ਹੋਣਾ ਪਿਆ। ਕਿਉਂਕਿ ਅਟਾਰੀ ਵਾਲ ਗੱਡੀ ਨਹੀਂ ਸਨ ਲੈ ਰਹੇ। ਇਸ ਲਈ ਇਥੇ ਸਾਨੂੰ ਕੋਈ ਤਿੰਨ ਘੰਟੇ ਇੰਤਜ਼ਾਰ ਕਰਨੀ ਪਈ। ਆਖਰ ਸ਼ਾਮ ਦੇ ਪੌਣੇ ਸੱਤ ਵਜੇ ਗੱਡੀ ਚਲੀ ਤੇ ਕੁਝ ਮਿੰਟਾਂ ਵਿਚ ਅਟਾਰੀ ਸਟੇਸ਼ਨ ਤੇ ਪਹੁੰਚ ਗਈ। ਬਸ ਫਿਰ ਕੀ ਸੀ ਉਹ ਪੁਰਾਣੀ ਆਦਤ ਲੋਕਾਂ ਦੀ। ਧੱਕੇ ਧੋੜੇ, ਭੱਜ ਦੌੜ, ਭੀੜ ਭੜਕਾ। ਹਾਲਾਂ ਕਿ ਰਸ਼ ਬਹੁਤਾ ਨਹੀਂ ਸੀ ਫਿਰ ਵੀ ਕਾਹਲ ਕਰਕੇ ਕਾਫੀਆ ਰਸ਼ ਕੀਤਾ ਹੋਇਆ ਸੀ।

ਅਟਾਰੀ ਪਹੁੰਚ ਕੇ ਇੰਝ ਮਹਿਸੂਸ ਹੋਇਆ ਕਿ ਜਿਵੇਂ ਅਸੀਂ ਆਪਣੇ ਘਰ ਆ ਗਏ ਹਾਂ ਤੇ ਕਿਸੇ ਬੰਦਸ਼ ਵਿਚੋਂ ਅਜ਼ਾਦ ਹੋ ਗਏ ਹਾਂ। ਉਥੇ ਕਿਸੇ ਬਾਂਕੀ ਕਿਸੇ ਪਾਕਿਸਤਾਨੀ

(ਬਾਕੀ ਦੇਖੋ ਸਫਾ ੩੨)

Sri Satguru Jagjit Singh Ji Elibrary NamdhariElibrary@gmail.com

ਕਵੀ

—ਕਈ ਵਾਰੀ ਕਵੀ ਇਤੀਆਂ ਵਡੀਆਂ, ਡੂੰਘੀਆਂ ਤੇ ਸਿਆਣੀਆਂ ਗਲਾਂ ਆਖ ਜਾਂਦੇ ਹਨ, ਜਿਨ੍ਹਾਂ ਨੂੰ ਉਹ ਆਪ ਵੀ ਨਹੀਂ ਸਮਝ ਸਕਦੇ।

—ਅਫਲਾਤੂਨ

——

—ਪਿਆਰ ਵਿਚ ਹਰ ਵਿਅਕਤੀ ਕਵੀ ਹੁੰਦਾ ਹੈ।

—ਅਫਲਾਤੂਨ

——

—ਸੌਂਦਰਯ ਮਦ ਵਿਚ ਝੂਮਦੀ ਹੋਈ ਕਵੀ ਦੀ ਦ੍ਰਿਸ਼ਟੀ ਸਵਰਗ ਤੋਂ ਮਾਤਲੋਕ ਤੇ ਮਾਤਲੋਕ ਤੋਂ ਸਵਰਗ ਤਕ ਵਿਚਰਦੀ ਰਹਿੰਦੀ ਹੈ।

—ਸ਼ੇਕਸਪੀਅਰ

——

—ਕਵੀ ਜ਼ਿੰਦਗੀ ਦੇ ਤਲਖ ਬੂਲ੍ਹਾਂ ਵਿਚੋਂ ਸ਼ਹਿਦ ਨਚੋੜਦਾ ਹੈ।

—ਵਿਲੀਅਮ ਰੋਜ਼ਬੈਂਟ

——

—ਕਵੀ ਦੁਖਾਂ ਤੋਂ ਸਿਖਿਆ ਲੈਂਦੇ ਹਨ ਤੇ ਗੀਤਾਂ ਰਾਹੀਂ ਸਿਖਿਆ ਦਿੰਦੇ ਹਨ।

—ਸ਼ੈਲੇ

—ਕਵੀ ਦੁਨੀਆਂ ਦੇ ਅਪਰਵਾਨਿਤ ਕਾਨੂੰਨ ਘਾੜੇ (unacknowledged Legislators) ਹਨ।

—ਸ਼ੈਲੇ

——

—ਇਕ ਮਹਾਨ ਕਵੀ ਕੌਮ ਦਾ ਅਤਿਅੰਤ ਮਹਾਨ ਹੀਰਾ ਹੁੰਦਾ ਹੈ।

—ਬੀਥੋਵਨ

——

—ਉਸ ਜਿਹਾ ਨਭਾਗਾ ਕੌਣ ਹੈ ਜੋ ਸਾਰੀ ਉਮਰ ਵਿਚ ਘਟੋ ਘਟ ਇਕ ਵਾਰੀ ਵੀ ਕਵੀ ਨਹੀਂ ਬਣਦਾ।

—ਲੈਮਰਟਿਨ

——

—ਕਵੀ, ਜਿਹੜਾ ਕੇਵਲ ਕੁਰਸੀ ਉਤੇ ਬੈਠਾ ਹੀ ਬੰਦ ਜੋੜਦਾ ਹੈ, ਕਦੀ ਵੀ ਚੱਜ ਦਾ ਬੰਦ ਨਹੀਂ ਲਿਖ ਸਕਦਾ। ਉਹ ਇਕ ਯੋਧੇ ਦੀ ਸੂਰਬੀਰਤਾ ਨੂੰ ਗਾਉਣ ਦੀ ਯੋਗਤਾ ਨਹੀਂ ਰਖਦਾ ਜੇਕਰ ਉਹ ਆਪ ਕਦੀ ਰਣ ਵਿਚ ਲੜਾਕਾ ਨਹੀਂ ਬਣਿਆ।

—ਥਾਮਸ ਕਾਰਲਾਈਲ

——

— ਸ਼ਾਇਰ ਸ਼ਿਅਰ ਕਰੇਂਦੇ ਆਹੇ
ਨਫਸ ਛੁਰੀ ਮਹੁੰ ਧਰਕੇ
ਹਰ ਇਕ ਸੁਖਨ ਲਿਆਵਣ ਬਾਹਰ
ਖੂਨ-ਆਲੂਦਾ ਕਰਕੇ।

—ਹਾਸ਼ਮ ਸ਼ਾਹ

——

—ਮੈਂ ਸ਼ਖਸੀਅਤ ਦਾ ਗਵਈਆ,
ਹੋਣਹਾਰ ਦਾ ਚਿਤਰਕਾਰ,
ਭਵਿਖਤ ਦਾ ਇਤਿਹਾਸ ਉਲੀਕਦਾ ਹਾਂ।

—ਵਾਲਟ ਵਿਟਮੈਨ

——

—ਜਿਸ ਬੰਦੇ ਨੂੰ ਸਦਾ ਜਵਾਨੀ ਦਾ, ਸਦਾ ਬਹਾਰ ਦਾ ਖੇੜਾ ਚੜ੍ਹਿਆ ਰਹੇ, ਕੇਸ ਧੌਲੇ ਹੋ ਜਾਣ, ਹੱਡੀ ਮਾਸ ਸਿੱਥਲ ਹੋ ਜਾਏ, ਨਿਰਬਲ ਗਰੀਬ ਹੋਵੇ ਪਰ ਰੂਹ ਵਿਚ ਸਦਾ ਬਸੰਤ ਦੇ ਰੰਗ ਖਿੜੇ ਹੋਣ, ਉਹ ਭਾਵੇਂ ਇਕ ਅੱਖਰ ਨਾ ਲਿਖੇ, ਇਕ ਬਚਨ ਨਾ ਬੋਲੇ, ਉਹ ਕਵੀ ਹੈ।

—ਪ੍ਰੋ: ਪੂਰਨ ਸਿੰਘ
(ਖੁਲ੍ਹੇ ਲੇਖ)

——

Sri Satguru Jagjit Singh Ji Elibrary NamdhariElibrary@gmail.com

—ਜਿਸ ਨੂੰ ਸੰਸਾਰ ਦੁਖ ਕਹਿੰਦਾ ਹੈ, ਉਹ ਕਵੀ ਲਈ ਸੁਖ ਹੈ।...ਉਨ ਦੇ ਮੋਹ ਤੇ ਖਿਚ ਦੀ ਚੀਜ਼ ਤਾਂ ਬੁਝੀਆਂ ਹੋਈਆਂ ਆਸ਼ਾਵਾਂ, ਮਿਟੀਆਂ ਹੋਈਆਂ ਸਿਮਰਿਤੀਆਂ ਤੇ ਟੁੱਟੇ ਹੋਏ ਹਿਰਦੇ ਦੇ ਹੰਝੂ ਹਨ। ਜਿਸ ਦਿਨ ਇਨ੍ਹਾਂ ਮਨੋਵੇਗਾਂ ਨਾਲ ਉਸ ਦਾ ਪ੍ਰੇਮ ਨਹੀਂ ਰਹੇਗਾ, ਉਸ ਦਿਨ ਉਹ ਕਵੀ ਨਹੀਂ ਰਹੇਗਾ।

—ਮੁਨਸ਼ੀ ਪ੍ਰੇਮ ਚੰਦ

— —

—ਸਾਡੇ ਅੰਦਰ ਜਿਹੜੇ ਸਦ-ਭਾਵ ਸੁੱਤੇ ਹੋਏ ਹਨ, ਉਨ੍ਹਾਂ ਨੂੰ ਜਗਾਉਣ ਦੀ ਸ਼ਕਤੀ ਜਿਸ ਵਿਚ ਹੈ ਉਹ ਕਵੀ ਹੈ।

—ਮਹਾਤਮਾ ਗਾਂਧੀ

——

— ਰਾਜ਼ ਜੋ ਸੀਨਾ-ਏ-ਫਿਤਰਤ ਮੇਂ ਨਿਹਾਂ ਹੋਤਾ ਹੈ
ਸਭ ਸੇ ਪਹਿਲੇ ਦਿਲੇ-ਸ਼ਾਇਰ ਪੈ ਇਆਂ ਹੋਤਾ ਹੈ।

— ਜਿਗਰ ਮੁਰਾਦਾਬਾਦੀ

——

—ਸ਼ੂਕਰ ਨਦੀ ਦੀ, ਰਾਗ ਪੰਖੇਰੂਆਂ ਦਾ,
ਸ਼ੋਖੀ ਫੁੱਲ ਦੀ ਸਿਦਕ ਪਰਵਾਨਿਆਂ ਦਾ,
ਤੇਰੀ ਕਲਮ ਅਮਾਨਤੀ ਖੋਲ੍ਹ ਦਿੰਦੀ
ਗੁੱਝਾ ਜੰਦਰਾ ਰੱਬੀ ਖਜ਼ਾਨਿਆਂ ਦਾ।

—ਧਨੀ ਰਾਮ ਚਾਤ੍ਰਿਕ

——

—ਸੱਧਰ ਸਿਕ, ਸੇਕ ਨਾਕਾਮੀ ਅਰ ਫਰਿਆਦ ਦੁਹਾਈ
ਦਰਦਾਂ ਚੀਸਾਂ ਚੁੰਬਕਾਂ ਸਾੜੇ: ਸੁਲਗਣ ਸੱਲ ਜੁਦਾਈ
ਦੁਖ ਪਰਾਏ ਸੇਹੜਣ ਵਾਲੀ. ਤੀਖਣ ਚੇਤਨਤਾਈ
ਇਹ ਸਭ ਰਾਸ ਗਰੀਬ ਕਵੀ ਦੇ, ਹਿਸੇ ਚਾਤ੍ਰਿਕ ਆਈ

— ਧਨੀ ਰਾਮ ਚਾਤ੍ਰਿਕ

——

—ਸ਼ਾਇਰ ਨਹੀਂ ਜੋ ਜੀਵੇ ਦਿਲ ਨੂੰ ਦਿਮਾਗ ਕਰਕੇ
ਸ਼ਾਇਰ ਨਹੀਂ ਜੋ ਖੋਲ੍ਹੇ, ਮੂੰਹ ਨੂੰ ਬੈਰਾਗ ਕਰਕੇ

—ਬਾਵਾ ਬਲਵੰਤ

——

—ਮੈਂ ਕਵੀਆਂ ਨੂੰ ਵਡੇ ਕਮਜ਼ੋਰ ਸਮਝਦਾ ਹਾਂ। ਜਦੋਂ ਕੋਈ ਨੌਜਵਾਨ ਲਿਖਾਰੀ ਮੇਰੇ ਪਾਸ ਆਪਣੀਆਂ ਕਵਿਤਾਵਾਂ ਲੈ ਕੇ ਆਉਂਦਾ ਹੈ ਤਾਂ ਮੇਰਾ ਮਨ ਚੋਖਾ ਖਿੱਝ ਜਾਂਦਾ ਹੈ ਤੇ ਕਈ ਵਾਰ ਮੈਂ ਉਸ ਦੇ ਮੂੰਹ ਉਤੇ ਹੀ ਕਹਿ ਦਿੰਦਾ ਹਾਂ ਕਿ ਉਸ ਨੇ ਕਵਿਤਾ ਤਦ ਲਿਖੀ ਹੈ ਕਿ ਉਹ ਕਹਾਣੀ ਜਾਂ ਕੋਈ ਹੋਰ ਗੱਲ ਰੂਪ ਰਚਣ ਦੀ ਮਿਹਨਤ ਤੋਂ ਜੀ ਚੁਰਾਂਦਾ ਹੈ।

—ਸੰਤ ਸਿੰਘ ਸੇਖੋਂ
ਅਧੀ ਵਾਟ

——

—ਸੋ ਧਨ ਕਾਰਨ ਛੰਦ ਬਨਾਇ,
ਰਿਝਾਇ ਲਹੈ ਧਨ ਧਾਨਯ ਉਦਾਰੇ।
ਮਾਤ ਪਿਤਾ ਸੁਤ ਨਾਰਿ ਸੁ ਤਾਂ ਘਰ,
ਤਾਹਿ ਖੁਲਾਇ ਲਿਆਇ ਸੁ ਸਾਰੇ।
ਜੋਂ ਧਨ ਕਾਰਨ ਛੰਦ ਬਨਾਵਤ,
ਸੋ ਮਨ ਜਾਨ ਪਸੂ ਨਰ ਨਾਰੇ।
ਸੰਤਹਿ ਰੇਣ ਕਹੈ ਮਨ ਕੋਂ,
ਕਬਹੂੰ ਮਨ ਹੋਇ ਨ ਤਾਹਿ ਉਧਾਰੇ।

—'ਸੰਤ ਰੇਣ: ਮਨ ਪ੍ਰਬੋਧ ਵਿਚੋਂ"

——

—"ਦਾਨ" ਕਹੈ ਯੋ ਪਰਬੀਨਨ ਸੋਂ ਸੁਬਰੀ
ਕਵਿਤਾ ਸੁਨਕੈ ਰਸ ਪੀਜੈ,
ਕੀਰਤਿ ਕੇ ਬਿਰਵਾ ਕਵਿ ਹੈਂ ਇਨ ਕੋ
ਕਬਹੂੰ ਕੁਮਲਾਨ ਨਾ ਦੀਜੈ।

——

ਕਹਾਂ ਗੁਰੂ ਕਰਨ ਦਸੀਚਿ ਬਲਿ ਬੇਨੁ ਕਹਾਂ
ਸਾਕੇ ਸਾਲਿਵਾਹਨ ਕੇ ਅਜਹੂੰ ਲੋ ਗਾਏ ਹੈਂ,
ਕਹਾਂ ਪ੍ਰਿਥੁ ਪਾਰਥ ਪੁਰੂਰਵਾ ਪੁਹਮਿਪਤਿ
ਹਰੀਚੰਦ ਪੂਰਨ ਔ ਭੋਜ ਵਿਦਤਾਏ ਹੈਂ।
ਕਹੈ "ਮਤਿਰਾਮ" ਕੋਊ ਕਵਿਨ ਕੋ ਨਿੰਦੋ ਮਤ,
ਕਵਿਨ ਪ੍ਰਤਾਪ ਸਬ ਦੇਸਨ ਮੇ ਛਾਏ ਹੈਂ,
ਢੂੰਡ ਦੇਖੇ ਤੀਨ ਲੋਕ ਅੰਮੀ ਹੈ ਕਵਿਨ ਮੁਖ
ਕੇਤੇ ਮੂਏ ਮੂਏ ਰਾਜਾ ਕਵਿਨ ਜਿਵਾਏ ਹੈਂ।

——

Sri Satguru Jagjit Singh Ji Elibrary NamdhariElibrary@gmail.com

ਲੂਣ

ਲੂਣ ਮੁੱਢ ਕਦੀਮ ਤੋਂ ਹੀ ਮਨੁਖੀ ਇਤਿਹਾਸ ਵਿਚ ਬਹੁਤ ਮਹੱਤਵਪੂਰਣ ਚੀਜ਼ ਰਿਹਾ ਹੈ । ਆਦਿ ਮਨੁਖ ਦੇ ਯੁਗ ਵਿਚ ਲੂਣ ਦੀਆਂ ਚਟਾਨਾਂ ਚੱਟਣ ਜਾਇਆ ਕਰਦੇ ਸੀ, ਜਾਨਵਰ ਫੇਰ ਮਨੁਖ ਜਾਣ ਲਗ ਪਏ । ਹੋਲੀ ਹੋਲੀ ਪੰਗ ਡੰਡੀਆਂ ਬਣ ਗਈਆਂ, ਫੇਰ ਰਸਤੇ ਬਣ ਗਏ, ਤੇ ਉਹਨਾਂ ਦੇ ਆਲੇ ਦੁਆਲੇ ਬਸਤੀਆਂ ਵਸਣ ਲਗੀਆਂ । ਛੇਵੀਂ ਸਦੀ ਵਿਚ ਵਿਆਪਾਰੀ ਇਕ ਔਂਸ ਲੂਣ ਦੇ ਬਰਾਬਰ ਇਕ ਤੋਲਾ ਸੋਨਾ ਦੇਂਦੇ ਹੁੰਦੇ ਸਨ । ਲੂਣ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਦਾ ਸੁਆਦ ਵਧਾਉਣ ਲਈ ਤੇ ਉਹਨਾਂ ਨੂੰ ਕਾਫੀ ਸਮੇਂ ਲਈ ਸੁਰੱਖਿਅਤ ਰੱਖਣ ਲਈ ਵਰਤਿਆ ਜਾਣ ਲੱਗਾ । ਕਿਸੇ ਵੇਲੇ ਰੋਮ ਦੀ 'ਵਿਆ-ਸਲੇਰੀਆ' ਨਾਮੀ ਸੜਕ ਤੇ ਬੰਬਈ ਦੀ ਕਾਲਬਾ ਦੇਵੀ ਤੇ ਕਲਕੱਤੇ ਦੀ ਹੈਰੀਸਨ ਰੋਡ ਵਾਂਗ ਗਹਿਮਾ ਗਹਿਮੀ ਰਹਿੰਦੀ ਸੀ, ਕਿਉਂਕਿ ਲੂਣ ਦੀ ਵਿਕਰੀ ਇਸੇ ਸੜਕ ਤੇ ਹੁੰਦੀ ਸੀ ਤੇ ਉਸ ਦੇ ਜ਼ਮਾਨੇ ਦੇ ਹਰ ਫੌਜੀ ਸਿਪਾਹੀ ਨੂੰ ਤਨਖਾਹ ਦੀ ਸ਼ਕਲ ਵਿਚ 'ਸਲੇਰੀਆ ਅਰਜੈਂਟਮ' (ਲੂਣ ਦਾ ਤੋਲ) ਮਿਲਦਾ ਹੁੰਦਾ ਸੀ, ਜਿਹੜਾ ਸਮਾਂ ਪਾ ਕੇ ਸੈਲਰੀ (ਤਨਖਾਹ) ਦੇ ਨਾਂ ਨਾਲ ਪ੍ਰਚੱਲਤ ਹੋਇਆ । ਕਈ ਵਾਰੀ ਕਿਸੇ ਵਿਅਕਤੀ ਦੀ ਤਨਖਾਹ ਇਸ ਕਰਕੇ ਕੱਟ ਲਈ ਜਾਂਦੀ, ਕਿਉਂਕਿ ਉਹ ਲੂਣ ਦਾ ਸਤਿਕਾਰ ਨਾ ਰਖ ਸਕਦਾ । ਇਸਾਈ ਸ਼ਾਸਤਰਾਂ ਵਿਚ ਹਰ ਚੜ੍ਹਾਵੇ ਨਾਲ ਲੂਣ ਦੇਣ ਦਾ ਰਿਵਾਜ ਦਸਿਆ ਗਿਆ ਹੈ । ਅਠਾਰਵੀਂ ਸਦੀ ਤਕ ਮਹਿਮਾਨ ਦੀ ਕਦਰ ਭੋਜਨ ਵਾਲੇ ਮੇਜ਼ ਤੇ ਲੂਣ ਦਾਨੀ ਦੇ ਨੇੜੇ ਬਿਠਾ ਕੇ ਜਤਾਈ ਜਾਂਦੀ ਸੀ । ਜਿੰਨਾਂ ਕੋਈ ਵਿਅਕਤੀ ਜ਼ਿਆਦਾ ਮਹੱਤਵਪੂਰਣ ਹੁੰਦਾ, ਉਨਾਂ ਹੀ ਉਹਨੂੰ ਲੂਣਦਾਨੀ ਦੇ ਨੇੜੇ ਬਿਠਾਇਆ ਜਾਂਦਾ ।

ਲੂਣ ਦਾ ਰਾਜਨੀਤਿਕ ਮਹੱਤਵ ਵੀ ਕੋਈ ਘੱਟ ਨਹੀਂ ਰਿਹਾ । ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਦੇ ਖਿਲਾਫ ਜਦੋ-ਜਹਿਦ ਲੂਣ ਤੋਂ ਹੀ ਸ਼ੁਰੂ ਕੀਤੀ ਸੀ । ਫਰਾਂਸ ਵਿਚ ਕਾਫੀ ਦੇਰ ਤਕ ਲੂਣ ਆਮ ਲੋਕਾਂ ਨੂੰ ਸਰਕਾਰੀ ਅਫਸਰਾਂ ਦੀਆਂ ਸਿਫਾਰਸ਼ਾਂ ਨਾਲ ਹੀ ਮਿਲ ਸਕਦਾ ਸੀ । ਸਮਰਾਟ ਲੂਈ ਸੋਲ੍ਹਵੇਂ ਨੇ ਆਪਣੇ ਰਾਜ ਵਿਚ ਜਦੋਂ ਲੂਣ ਤੇ ਟੈਕਸ ਲਾਇਆ ਤਾਂ ਦੇਸ਼ ਵਿਚ ਬਹੁਤ ਅਸੰਤੋਸ਼ ਫੈਲਿਆ ਜਿਹੜਾ ਕਿ ਪਾਅਦ ਵਿਚ 'ਫਰੈਂਚ ਕਰਾਂਤੀ' ਦੇ ਨਾਂ ਨਾਲ ਪ੍ਰਸਿਧ ਹੋਇਆ । ਆਕਸਫੋਰਡ ਡਿਕਸ਼ਨਰੀ ਵਿਚ ਲੂਣ ਸਬੰਧੀ ਮੁਹਾਵਰੇ ਤੇ ਅਖਾਣਾਂ ਨਾਲ ਚਾਰ ਸਫੇ ਭਰੇ ਹੋਏ ਨੇ । ਇਹ ਹੈ ਲੂਣ ਦੀ ਮਹਿਮਾਂ ।

ਲੂਣ ਪਿਛਲੇ ਕੁਝ ਸਾਲਾਂ ਤੋਂ ਮਹਤਵਪੂਰਣ ਚਰਚਾ ਤੇ ਖੋਜ ਦਾ ਵਿਸ਼ਾ ਬਣ ਚੁਕਿਆ ਹੈ । ਮਨੁੱਖੀ ਭੋਜਨ ਲਈ ਲੂਣ ਕੋਈ ਜ਼ਰੂਰੀ ਚੀਜ਼ ਨਹੀਂ । ਬੱਚਿਆਂ ਨੂੰ ਲੂਣ ਖਾਣ ਦੀ ਆਦਤ ਪਾਉਣੀ ਪੈਂਦੀ ਹੈ । ਸ਼ੁਰੂ ਵਿਚ ਤੇ ਬੱਚੇ ਮਿੱਠੇ ਦੇ ਸ਼ੌਕੀਨ ਹੁੰਦੇ ਨੇ । ਜੇ ਸੰਤੁਲਤ ਭੋਜਨ ਲਿਆ ਜਾਏ ਤਾਂ ਵੱਖਰੇ ਤੌਰ ਤੇ ਲੂਣ ਜਾਂ ਚੀਨੀ ਦੀ ਕੋਈ ਲੋੜ ਨਹੀਂ ਹੁੰਦੀ । ਸ਼ਹਿਦ, ਦੁੱਧ, ਸਬਜ਼ੀਆਂ, ਫਲਾਂ ਆਦਿ ਵਿਚ ਸਰੀਰ ਦੀ ਲੋੜ ਮੁਤਾਬਿਕ ਕਾਫੀ "ਕਾਰਬੋਹਾਈਡਰੇਟ" ਹੁੰਦਾ ਹੈ । ਇਹਨਾਂ ਚੀਜ਼ਾਂ ਵਿਚ ਜੇ ਹੋਰ ਚੀਨੀ ਨਾ ਪਾਈ ਜਾਏ ਤਾਂ ਸਰੀਰ ਲਈ ਭਲੇ ਦੀ ਗੱਲ ਹੀ ਹੈ । ਇਸੇ ਤਰ੍ਹਾਂ ਅਨੇਕ ਪਦਾਰਥਾਂ ਵਿਚ ਸੋਡੀਅਮ ਤੇ ਪੋਟਾਸ਼ੀਅਮ ਹੁੰਦੇ ਹਨ, ਜ ਮਿਲਕੇ ਲੂਣ ਬਣਦਾ ਹੈ । ਸੇਬ, ਟਮਾਟਰ, ਖੀਰਾ, ਮੱਖਣ, ਮੱਕੀ, ਅੰਗੂਰ, ਆਲੂ ਆਦਿ ਲੈ ਦੇ ਰਹਿਣ ਨਾਲ ਸਰੀਰ ਨੂੰ ਲੋੜੀਂਦੀ ਮਾਤਰਾ ਵਿਚ ਲੂਣ ਮਿਲਦਾ ਰਹਿੰਦਾ ਹੈ । ਗਰਮ ਪੌਣ ਪਾਣੀ ਵਾਲੇ ਦੇਸ਼ਾਂ ਵਿਚ ਸਰੀਰਕ ਕੰਮ ਕਰਨ ਵਾਲਿਆਂ ਨੂੰ ਹੀ, ਜਿਹਨਾਂ ਦਾ ਕਿ ਪਸੀਨਾ ਜ਼ਿਆਦਾ ਨਿਕਲਦਾ ਰਹਿੰਦਾ ਹੈ, ਥੋੜ੍ਹਾ ਲੂਣ ਜ਼ਿਆਦਾ ਲੈਣ ਦੀ ਲੋੜ ਹੁੰਦੀ ਹੈ ।

ਪੱਛਮੀ ਵਿਗਿਆਨੀਆਂ ਨੇ ਖੋਜਬੀਨ ਕਰ ਕੇ ਇਹ ਸਿੱਧ ਕੀਤਾ ਹੈ ਕਿ ਸਾਡੇ (ਗਰਮ ਦੇਸ਼ਾਂ ਵਾਲੇ) ਲੋਕਾਂ ਦੇ ਬਲੱਡ ਪ੍ਰੈਸ਼ਰ ਤੇ ਮਾਨਸਕ ਤਨਾਅ ਦਾ ਕਾਰਨ ਜ਼ਿਆਦਾ ਮਾਤਰਾ ਵਿਚ ਲੂਣ ਦਾ ਸੇਵਨ ਕਰਨਾ ਹੈ । ਇਨਾਂ ਰੋਗਾਂ ਤੋਂ ਪੀੜਤ ਲੋਕਾਂ ਨੂੰ ਡਾਕਟਰ ਲੂਣ ਘਟ ਖਾਣ ਦੀ ਸਲਾਹ ਦੇਂਦੇ ਹਨ । ਦੁਨੀਆਂ ਵਿਚ ਇਸ ਵੇਲੇ ਹੋਣ ਵਾਲੀਆਂ ੨੫ ਪ੍ਰਤੀਸ਼ਤ ਮੌਤਾਂ ਦਾ ਕਾਰਨ ਲੂਣ ਹੈ । ਕਿਉਂਕਿ ਅੰਕੜੇ ਦਸਦੇ ਹਨ ਕਿ ਦੁਨੀਆਂ ਵਿਚ ੨੫ ਪ੍ਰਤੀਸ਼ਤ ਮੌਤਾਂ ਦੇ ਕਾਰਨ ਬਲੱਡ ਪ੍ਰੈਸ਼ਰ, ਦਿਲ ਦੇ ਰੋਗ ਤੇ ਮਾਨਸਕ ਤਨਾਅ ਹਨ । (ਅ.ਸ.)

Sri Satguru Jagjit Singh Ji Elibrary NamdhariElibrary@gmail.com

ਸਾਹਿਤਕ ਚੋਰੀ

ਭਾਰਤ ਵਿਚ ਹਰ ਸਾਲ ਅਜਿਹੀਆਂ ੧੫੦੦ ਤੋਂ ੨੦੦੦ ਪੁਸਤਕਾਂ ਚੋਰੀ ਛੁਪੀ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਅਸਲ ਵਿਚ ਪੱਛਮੀ ਦੇਸ਼ਾਂ ਵਿਚ ਛਪੀਆਂ ਹੁੰਦੀਆਂ ਹਨ। ਇਸ ਸਾਹਿਤਕ ਚੋਰੀ ਕਾਰਨ ਸਰਕਾਰ ਨੂੰ ਹਰ ਸਾਲ ੨.੯੦ ਕਰੋੜ ਰੁਪਏ ਦੀ ਵਿਕਰੀ ਕਰ ਦਾ ਨੁਕਸਾਨ ਸਹਿਣਾ ਪੈਂਦਾ ਹੈ।

ਭਾਰਤ ਵਿਚ ਪੁਸਤਕ ਚੋਰੀ ਸਜ਼ਾ-ਯੋਗ ਜੁਰਮ ਨਹੀਂ। ਇਸ ਕਾਰਨ ਬਹੁਤ ਪ੍ਰਕਾਸ਼ਕ ਸਾਹਿਤਕ-ਚੋਰਾਂ ਵਿਰੁਧ ਕਾਨੂੰਨੀ ਕਾਰਵਾਈ ਕਰਨ ਤੋਂ ਗੁਰੇਜ਼ ਕਰਦੇ ਹਨ ਕਿਉਂਕਿ ਇਸ ਕਾਰਵਾਈ ਤੇ ਪੈਸਾ ਤਾਂ ਬਹੁਤ ਖਰਚ ਹੋ ਜਾਂਦਾ ਹੈ, ਪਰ ਜੁਰਮ ਕਰਨ ਵਾਲਿਆਂ ਨੂੰ ਕੋਈ ਅਜਿਹੀ ਸਜ਼ਾ ਨਹੀਂ ਮਿਲਦੀ ਜਿਹੜੀ ਸਬਕ ਸਿਖਾਉਣ ਵਾਲੀ ਸਾਬਤ ਹੋਵੇ।

ਪੁਸਤਕ ਪ੍ਰਕਾਸ਼ਕਾਂ ਤੇ ਵਿਕਰੇਤਾਵਾਂ ਦੀਆਂ ਐਸੋਸੀਏਸ਼ਨਾਂ ਦੀ ਫੈਡਰੇਸ਼ਨ ਵਲੋਂ ਪੁਸਤਕ-ਚੋਰੀ ਬਾਰੇ ਪ੍ਰਕਾਸ਼ਤ ਇਕ ਨੋਟ ਵਿਚ ਦੱਸਿਆ ਗਿਆ ਹੈ ਕਿ ਜਿਵੇਂ ਹੀ ਕੋਈ ਪੁਸਤਕ ਕਾਲਜਾਂ ਜਾਂ ਯੂਨੀਵਰਸਿਟੀਆਂ ਵਲੋਂ ਵਿਦਿਆਰਥੀਆਂ ਦੇ ਪਾਠਕ੍ਰਮ ਵਿਚ ਸ਼ਾਮਲ ਕੀਤੀ ਜਾਂਦੀ ਹੈ ਤਿਵੇਂ ਹੀ ਕਈ ਬੇਨਾਮ ਪ੍ਰਕਾਸ਼ਕ ਇਸ ਨੂੰ ਚੋਰ-ਛੁਪੀ ਛਾਪ ਕੇ ਮਾਰਕੀਟ ਵਿਚ ਪਹੁੰਚਾ ਦਿੰਦੇ ਹਨ। ਕਿਉਂਕਿ ਅਜਿਹੇ ਪ੍ਰਕਾਸ਼ਕਾਂ ਨੂੰ ਇਸ ਕਾਰਵਾਈ ਤੇ ਜ਼ਿਆਦਾ ਪੈਸਾ ਨਹੀਂ ਖਰਚ ਕਰਨਾ ਪੈਂਦਾ ਇਸ ਲਈ ਉਨ੍ਹਾਂ ਵਲੋਂ ਮਾਰਕੀਟ 'ਚ ਭੇਜੀਆਂ ਕਿਤਾਬਾਂ ਦੀ ਕੀਮਤ ਅਸਲ ਪੁਸਤਕ ਨਾਲੋਂ ਕਾਫੀ ਘੱਟ ਹੁੰਦੀ ਹੈ।

ਇਸ ਸਥਿਤੀ 'ਚ ਨੁਕਸਾਨ ਉਸ ਪ੍ਰਕਾਸ਼ਕ ਨੂੰ ਹੁੰਦਾ ਹੈ ਜਿਸ ਨੇ ਮੁੱਢ 'ਚ ਉਕਤ ਪੁਸਤਕ ਪ੍ਰਕਾਸ਼ਤ ਕੀਤੀ ਅਤੇ ਇਸ ਦੇ ਪ੍ਰਕਾਸ਼ਨ ਤੇ ਮੋਟੀ ਰਕਮ ਖਰਚੀ ਹੁੰਦੀ ਹੈ।

ਅਜਿਹਾ ਹੀ ਹਾਲ ਬੈਸਟ ਸੈਲਰਾਂ ਜਾਂ ਲੋਕਪ੍ਰਿਯ ਕਿਤਾਬਾਂ ਦਾ ਹੁੰਦਾ ਹੈ। ਪੱਛਮੀ ਦੇਸ਼ਾਂ ਖਾਸ ਕਰਕੇ ਇੰਗਲੈਂਡ ਜਾਂ ਅਮਰੀਕਾ 'ਚ ਜਿਵੇਂ ਹੀ ਕੋਈ ਕਿਤਾਬ ਲੋਕਪ੍ਰਿਯ ਹੁੰਦੀ ਹੈ ਭਾਰਤ ਵਿਚ ਵੀ ਉਸ ਦੇ ਵੱਖ ਵੱਖ ਐਡੀਸ਼ਨ ਵੱਖ ਵੱਖ ਬੇਨਾਮ ਪ੍ਰਕਾਸ਼ਕਾਂ ਵਲੋਂ ਚੋਰੀ ਛੁਪੀ ਛਾਪੇ ਜਾਣ ਮਗਰੋਂ ਕਿਤਾਬਾਂ ਦੀਆਂ ਦੁਕਾਨਾਂ ਦਾ ਸ਼ਿੰਗਾਰ ਆ ਬਣਦੇ ਹਨ। ਇਸ ਤਰ੍ਹਾਂ ਜਦੋਂ ਤਾਈਂ ਅਸਲ ਐਡੀਸ਼ਨ ਦਰਾਮਦ ਵਿਦੇਸ਼ੀ ਸਿੱਕੇ ਆਦਿ ਨਾਲ ਸਬੰਧਤ ਨਿਯਮਾਂ ਨਾਲ ਸਿੱਝਣ ਮਗਰੋਂ ਭਾਰਤੀ ਮਾਰਕੀਟ ਤਕ ਪਹੁੰਚਦਾ ਹੈ ਉਦੋਂ ਤਾਈਂ ਉਸ ਦੇ ਲਗਭਗ ਸਾਰੇ ਸੰਭਾਵੀ ਪਾਠਕ ਚੋਰੀ ਦਾ ਐਡੀਸ਼ਨ ਪੜ੍ਹ ਚੁੱਕ ਹੁੰਦੇ ਹਨ। ਇਸ ਤਰ੍ਹਾਂ ਨੁਕਸਾਨ ਸਿਰਫ ਪ੍ਰਕਾਸ਼ਕਾਂ ਨੂੰ ਹੀ ਨਹੀਂ ਹੁੰਦਾ ਸਗੋਂ ਸਰਕਾਰ ਨੂੰ ਵੀ ਲੱਖਾਂ ਰੁਪਏ ਦੇ ਵਿਦੇਸ਼ੀ ਸਿਕੇ ਤੋਂ ਹੱਥ ਧੋਣਾ ਪੈਂਦਾ। ਇਹੀ ਕਾਰਨ ਹੈ ਕਿ ਵਿਦੇਸ਼ੀ ਪ੍ਰਕਾਸ਼ਕਾਂ ਦੀ ਭਾਰਤੀ ਮਾਰਕੀਟ ਪ੍ਰਤੀ ਦਿਲਚਸਪੀ ਘਟਦੀ ਜਾ ਰਹੀ ਹੈ। ਦੂਜੇ ਪਾਸੇ ਪੁਸਤਕ ਚੋਰ ਪ੍ਰਕਾਸ਼ਕ ਬਿਨਾ ਕੋਈ ਟੈਕਸ ਅਦਾ ਕੀਤੇ ਦਿਨੋ ਦਿਨ ਖੁਸ਼ਹਾਲ ਹੋ ਰਹੇ ਹਨ।

ਸਾਹਿਤਕ ਚੋਰੀ ਦਾ ਇਕ ਹੋਰ ਢੰਗ ਮਸ਼ਹੂਰ ਲੇਖਕਾਂ ਦੇ ਨਾਂ ਤੇ ਪੁਸਤਕਾਂ ਛਾਪਣਾ ਹੈ। ਇਹ ਪੁਸਤਕਾਂ ਬੜੀ ਘੱਟ ਕੀਮਤ ਤੇ ਵੇਚੀਆਂ ਜਾਂਦੀਆਂ ਹਨ ਜਿਸ ਕਾਰਨ ਇਨ੍ਹਾਂ ਦਾ ਧੜਾਧੜ ਵਿਕਣ ਸੁਭਾਵਕ ਹੈ। ਇਹ ਗੱਲ ਅਲੱਗ ਹੈ ਕਿ ਬਹੁਤੀ ਵਾਰ ਅਜਿਹੀਆਂ ਪੁਸਤਕਾਂ ਪੜ੍ਹਨ ਮਗਰੋਂ ਪਾਠਕਾਂ ਨੂੰ ਨਿਰਾਸ਼ ਹੀ ਹੋਣਾ ਪੈਂਦਾ ਹੈ।

ਗੁਲਸ਼ਨ ਨੰਦਾ (ਹਿੰਦੀ) ਇਰਵਿੰਗ ਵਾਲੇਸ, ਜੇਮਜ਼ ਹੈਡਲੀ ਚੇਜ਼, ਹੈਰੋਲਡ ਰ ਕਿਨਜ਼ ਮਾਰੀਓ ਪੁਜ਼ੋ (ਸਾਰੇ ਅੰਗਰੇਜ਼ੀ) ਆਦਿ ਲੋਕਪ੍ਰਿਯ ਲੇਖਕ 'ਸਾਹਿਤਕ ਚੋਰੀ' ਦੇ ਸਭ ਤੋਂ ਵੱਡੇ ਸ਼ਿਕਾਰਾਂ ਵਿਚ ਸ਼ਾਮਲ ਹਨ। ਉਹਨਾਂ ਤੋਂ ਇਲਾਵਾ ਪ੍ਰੇਮ ਚੰਦ ਸੁਮਿੱਤਰਾ ਨੰਦਨ, ਪੰਤ, ਜੈਸ਼ੰਕਰ ਪ੍ਰਸ਼ਾਦ ਵਰਗੇ ਹਿੰਦੀ ਮਹਾਰਥੀ ਵੀ 'ਸਾਹਿਤਕਾਰਾਂ' ਦੀ ਮਾਰ ਤੋਂ ਨਹੀਂ ਬਚ ਸਕੇ।

ਫੈਡਰੇਸ਼ਨ ਦੀ ਮੰਗ ਹੈ ਕਿ ਅਜਿਹੀ ਚੋਰੀ—ਜਿਸ ਨੂੰ 'ਬੌਧਿਕ ਸੰਪਤੀ ਦੀ ਲੁੱਟ' ਵੀ ਕਿਹਾ ਜਾ ਸਕਦਾ ਹੈ—ਨੂੰ ਸਜ਼ਾਯੋਗ ਜੁਰਮ ਕਰਾਰ ਦਿਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਸ ਦਾ ਸੁਝਾਅ ਹੈ ਕਿ ਉਹਨਾਂ ਸਾਰੀਆਂ ਦੁਕਾਨਾਂ ਜਾਂ ਸਟਾਲਾਂ ਦੇ ਲਾਇਸੈਂਸ ਜਾਂ ਠੇਕੇ ਰੱਦ ਕਰ ਦਿਤੇ ਜਾਣ ਜਿਹੜੇ ਚੋਰੀ ਦੀਆਂ ਕਿਤਾਬਾਂ ਵੇਚਣ ਦੇ ਦੋਸ਼ੀ ਪਾਏ ਜਾਣ।

(ਯੂ. ਐਨ. ਆਈ. ਪੰਜਾਬੀ ਟ੍ਰਿਬਿਊਨ ਦੇ ਧੰਨਵਾਦ ਸਹਿਤ)

Sri Satguru Jagjit Singh Ji Elibrary NamdhariElibrary@gmail.com

ਪੁਸਤਕ ਚਰਚਾ—

ਅਧੂਰਾ ਸ਼ਾਹਕਾਰ

ਅਜੀਤ ਸੈਣੀ ਸਾਹਿਤ ਖੇਤਰ ਦਾ ਜਾਣਿਆਂ-ਪਛਾਣਿਆ ਨਾਂਅ ਹੈ, ਉਹਦੀ ਇਹ ਜਾਣ-ਪਛਾਣ ਲੰਮੀ ਸਾਹਿਤ ਘਾਲਣਾਂ ਦੇ ਨਾਲ ਨਾਲ ਪੱਤਰਕਾਰੀ ਅਤੇ ਅਫਸਰੀ ਕਰ ਕੇ ਵੀ ਹੈ। "ਅਧੂਰਾ ਸ਼ਾਹਕਾਰ" ਉਹਦੀ ਕਹਾਣੀ ਯਾਤਰਾ ਦਾ ਅੱਠਵਾਂ ਪੜਾਅ ਹੈ। ਜਿਸ ਤੋਂ ਪਹਿਲੇ ਸੱਤਾਂ ਪੜਾਂਵਾਂ ਉਤੇ ਉਹ ਆਪਣੀ ਹੋਂਦ ਆਪਣੀ ਸਮਰਥਾ ਅਤੇ ਸੰਭਾਵਨਾ ਦੇ ਨਿਸ਼ਾਨ ਪਾ ਚੁਕਿਆ ਹੈ—ਹੁਣ ਇਹ ਅੱਠਵਾਂ ਪੜਾਅ ਉਹਨਾਂ ਨਿਸ਼ਾਨਾਂ ਨੂੰ ਹੋਰ ਗੂਹੜੇ ਕਰਦਾ ਹੈ।

ਪੰਜਾਬੀ ਰਾਈਟਰਜ਼ ਕੋ-ਆਪ੍ਰੇਟਿਵ, ਨਵੀਂ ਦਿੱਲੀ ਵਲੋਂ ਛੱਪੀ ੧੧੯ ਸਫਿਆਂ ਵਾਲੀ ਵੀਹ ਰੁਪਏ ਦੀ ਦਿਲਕਸ਼ ਪੁਸਤਕ ਵਿਚ ਸੈਣੀ ਦੀਆਂ ੨੫ ਕਹਾਣੀਆਂ ਦਰਜ ਹਨ। ਇਹਨਾਂ ਪੰਝੀਆਂ ਵਿਚ ਕੁਝ ਪੁਰਾਣੀਆਂ ਹਨ ਜਿਹੜੀਆਂ ਪਹਿਲੀਆਂ ਪੁਸਤਕਾਂ ਵਿਚ ਵੀ ਦਰਜ ਹਨ ਪਰ ਬਹੁਤੀਆਂ ਕਹਾਣੀਆਂ ਅਸਲੋਂ ਨਵੀਆਂ ਹਨ, ਅਸਲੋਂ ਨਿਵੇਕਲੀਆਂ।

ਪੁਸਤਕ ਦੇ ਆਰੰਭ ਵਿਚ ਹੀ 'ਆਪਣੀ ਭਾਲ ਦੇ ਪੈਰ' ਲਿਖ ਕੇ ਲੇਖਕ ਨੇ ਪਾਠਕ ਦੇ ਪਠਨ ਨੂੰ ਇਕ ਸੇਧ ਦੇ ਦਿਤੀ ਹੈ। ਆਖਰ ਉਹ ਕਿਉਂ ਲਿਖਦਾ ਹੈ, ਕੀ ਲਿਖਦਾ ਹੈ ਤੇ ਕਿਥੋਂ ਲਿਖਦਾ ਹੈ? ਇਸ ਦਾ ਫੈਸਲਾ ਤਾਂ ਪੁਸਤਕ ਦੇ ਪਾਠ ਉਪਰੰਤ ਹੀ ਹੋ ਸਕਦਾ ਹੈ। ਪਰ "ਆਪਣੀ ਭਾਲ ਦੇ ਪੈਰ" ਇਸ ਯਾਤਰਾ ਨੂੰ ਅਜਨਬੀ ਦੀ ਯਾਤਰਾ ਰਹਿਣ ਤੋਂ ਬਚਾ ਲੈਂਦੇ ਹਨ। ਕਹਾਣੀਆਂ ਦੇ ਪਾਤਰ ਉਹਦੀ ਨਿੱਜੀ ਜ਼ਿੰਦਗੀ ਦੇ ਚੋਗਿਰਦੇ ਵਿਚੋਂ ਉਹਦੇ ਜ਼ਿਹਨ ਵਿਚ ਧਸੇ ਆਮ ਲੋਕ ਹਨ—ਕਹਾਣੀਆਂ ਦੀਆਂ ਘਟਨਾਵਾਂ ਉਹਦੇ ਆਲੇ-ਦੁਆਲੇ ਵਾਪਰਦੇ ਹਾਦਸਿਆਂ ਦੇ ਉਹ ਅੰਸ਼ ਹਨ ਜਿਹੜੇ ਉਹਦੇ ਲੇਖਕ ਮਨ ਨੂੰ ਵਲੂੰਧਰ ਗਏ ਹਨ, ਜਿਹੜੇ ਉਹਦੇ ਕੋਮਲ ਭਾਂਵਾਂ ਨੂੰ ਟੁੰਬ ਗਏ ਹਨ ਅਤੇ ਜਿਹੜੇ ਉਹਦੇ ਜਜ਼ਬਾਤਾਂ ਨੂੰ ਹਲੂਣਾ ਦੇ ਗਏ ਹਨ ਅਤੇ ਜਿਹੜੇ ਉਹਦੀ ਮਾਨਸਿਕਤਾ ਵਿਚ ਸਦੀਵੀ ਤੌਰ ਤੇ ਉਕਰੇ ਗਏ ਹਨ। ਉਹਦਾ ਨਿਜੀ ਆਲਾ-ਦੁਆਲਾ ਹੀ ਉਹਦੀ ਕਹਾਣੀ ਦਾ ਨਿਰਧਾਰਕ ਹੈ—ਉਹ ਇਹਨਾਂ ਘਟਨਾਵਾਂ ਵਿਚ ਏਨਾ ਓਤਪੋਤ ਹੋ ਜਾਂਦਾ ਹੈ ਕਿ ਰਚਨਾਤਮਕ ਵਿਥ ਗੈਰ-ਹਾਜ਼ਰ ਹੋ ਜਾਂਦੀ ਹੈ। ਉਹ ਘਟਨਾ ਦੇ ਘੇਰੇ ਵਿਚ ਗੁਸਿਆ, ਘਟਨਾ ਦਾ ਅੱਖੀਂ ਡਿੱਠਾ ਹਾਲ ਵਿਤਰਦਾ ਹੈ—ਇਹ ਅੱਖੀਂ ਡਿੱਠਾ ਹਾਲ ਹੀ ਉਹਦੀ ਕਹਾਣੀ ਹੈ।

ਇਹੀ ਕਾਰਨ ਹੈ ਕਿ ਬਹੁਤੀਆਂ ਕਹਾਣੀਆਂ ਦਾ ਪਾਤਰ ਉਹ ਆਪ ਹੈ ਜਾਂ ਕਹੋ ਕਿ ਇਹੀ ਕਾਰਨ ਹੈ ਕਿ ਉਸਦਾ ਇਹ ਲਹਿਜਾ ਕਹਾਣੀ ਦੇ ਕਿਸੇ ਪਾਤਰ ਨਾਲ ਉਹਦੇ ਮੋਹ ਦਾ ਪ੍ਰਤੀਕ ਹੈ - ਪਾਤਰਾਂ ਨਾਲ ਉਹਦਾ ਮੋਹ ਉਹਨੂੰ ਪਾਤਰ ਦੇ ਨਾਲ ਜੋੜੀ ਰਖਦਾ ਹੈ—ਉਹਦੀ ਇਸ ਮੋਹ ਭਾਵਨਾ ਵਿਚੋਂ ਹੀ ਪੈਦਾ ਹੋਈਆਂ ਹਨ, ਉਸਦੀਆਂ ਖੋਟਾ ਪੈਸਾ, ਰਾਖੇ ਤੇ 'ਇਕ ਓਂਕਾਰ ਇਕ ਸੁਭਾਅ ਵਰਗੀਆਂ ਕਹਾਣੀਆਂ। 'ਸੁਹਾਗ ਦਾ ਬਲੀਦਾਨ' ਇਤਿਹਾਸਕ ਪਾਤਰ ਤਾਂਤੀਆਂ ਟੋਪੇ ਦੀ ਸ਼ਖਸੀਅਤ ਅਤੇ ਭਾਰਤੀ ਲੋਕਾਂ ਦੇ ਦੇਸ਼ਭਗਤੀ ਦੇ ਜਜ਼ਬੇ ਦੀ ਪੇਸ਼ਕਾਰੀ ਕਰਦੀ ਕਹਾਣੀ ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਤੋਂ ਨਿਵੇਕਲੀ ਹੈ। 'ਅੰਗੂਰੀ' ਤੇ 'ਪ੍ਰਸ਼ਨ ਚਿੰਨ੍ਹ' ਤੇ 'ਗ਼ਲਤੀ' ਵਰਗੀਆਂ ਕਹਾਣੀਆਂ ਵਿਚ ਪੇਸ਼ ਹੋਏ ਮਨੁੱਖੀ ਮਾਨਸਿਕਤਾ ਦੇ ਚਿਤਰ ਅਸਲੋਂ ਨਿਵੇਕਲੇ ਹਨ। ਮਨੁੱਖੀ ਮਨ ਸਭਿਆਚਾਰਕ ਬੰਧਨਾਂ ਦੀਆ ਬਰੀਕ ਤੰਦਾਂ ਵਿਚ ਬੱਝਾ ਕਿਵੇਂ ਨਿੱਕੀਆਂ ਚੋਰੀਆਂ, ਨਿੱਕੀਆਂ ਗ਼ਲਤੀਆਂ ਤੇ ਨਿੱਕੀਆਂ ਉਲੰਘਣਾਵਾਂ ਦਾ ਪਾਤਰ ਬਣਦਾ ਹੈ। ਪਰ ਅੰਤ ਫੇਰ ਉਸਨੂੰ ਸਭਿਆਚਾਰਕ ਬੰਧਨਾਂ ਅਗੇ ਹਥਿਆਰ ਸੁੱਟਣੇ ਪੈਂਦੇ ਹਨ—ਇਸ ਵਿਚਾਰ ਨੂੰ ਦ੍ਰਿੜ੍ਹ ਕਰਦੀਆਂ ਇਹ ਕਹਾਣੀਆਂ ਪਾਠਕ ਨੂੰ ਇਕ ਵਿਸ਼ੇਸ਼ ਸੰਜਮ ਵਿਚ ਰਹਿਣ ਦੀ ਪੱਟੀ ਪੜ੍ਹਾਉਣ ਦਾ ਸਮਾਜ-ਸ਼ਾਸਤਰੀ ਕਾਰਜ ਨਿਭਾ ਰਹੀਆਂ ਹਨ—'ਔਰਤ ਦੀ ਜ਼ਬਾਨੀ' ਅਤੇ 'ਗ਼ਲਤ ਨੰਬਰ ਸਹੀ ਨੰਬਰ' ਦੀ ਪੇਸ਼ਕਾਰੀ ਵੀ ਅਜੇਹੀ ਸਥਿਤੀ ਨੂੰ ਹੀ ਉਜਾਗਰ ਕਰਦੀ ਹੋਈ ਇਕ ਨਸੀਹਤ ਭਰਿਆ ਮਾਹੌਲ ਪੈਦਾ ਕਰਨ ਦੇ ਆਹਰ ਵਿਚ ਹਨ।

ਪਾਠਕ ਨੂੰ ਸੰਜਮ ਸਿਖਾਉਣ ਹਿਤ ਲਿਖੀਆਂ ਜਾਪਦੀਆਂ ਇਹਨਾਂ ਕਹਾਣੀਆਂ ਦਾ ਮੁਹਾਂਦਰਾ 'ਰਾਖੇ', 'ਭਗਵਾਨਾ' ਅਤੇ 'ਖੋਟਾ ਪੈਸਾ' ਹੋਰ ਵੀ ਸ਼ਿਦਤ ਨਾਲ ਪ੍ਰਵਾਨ ਉਘੜਦਾ ਹੈ—ਇਹਨਾਂ ਕਹਾਣੀਆਂ ਦਾ ਲਹਿਜਾ ਬੇਹੱਦ ਸਮਾਜਿਕ ਜ਼ਿਮੇਂਵਾਰੀ ਵਾਲਾ ਹੈ—ਇਕ ਸਿਰਕੱਢ ਸਮਾਜ ਸੁਧਾਰਕ ਵਾਲਾ ਇਹ ਮੁਹਾਂਦਰਾ ਦੇਸ਼ ਭਗਤੀ ਦਾ ਅਜੇਹਾ ਜਜ਼ਬਾ ਉਘਾੜ ਰਿਹਾ ਹੈ ਜਿਹੜਾ ਰਵਾਇਤ ਨੂੰ ਹੋਰ ਦ੍ਰਿੜ ਕਰਦਾ ਰਿਹਾ ਹੈ। ਖੋਟਾ ਪੈਸਾ ਦਾ ਨਾਇਕ ਹਰਨਾਮਾ ਕਦੇ ਚੋਰੀਆਂ ਕਰਦਾ ਹੈ ਲੋਕਾਂ ਦਾ ਮਾਲ ਲੁਟਦਾ ਹੈ—ਬਦਨਾਮ ਹੈ—ਦਸ ਨੰਬਰੀਆ ਬਦਮਾਸ਼ ਤੇ ਨਾਮੀ ਸਮਗਲਰ ਹੈ—ਪਰ ਫੇਰ ਹਿਰਦੇ ਪਰਿਵਰ-

Sri Satguru Jagjit Singh Ji Elibrary NamdhariElibrary@gmail.com

ਤਨੋ ਦਾ ਐਸਾ ਚਮਤਕਾਰ ਵਾਪਰਿਆ ਹੈ ਕਿ ਉਹ ਦੇਸ਼ ਦੇ ਦੁਸ਼ਮਣਾਂ ਦੇ ਇਲਾਕੇ ਦੀ ਸੂਹ ਲਾ ਕੇ ਭਾਰਤੀ ਫੌਜ ਲਈ ਬੜੇ ਕੰਮ ਦਾ ਬੰਦਾ ਬਣ ਜਾਂਦਾ ਹੈ। ਥੋੜੇ ਬਹੁਤ ਫਰਕ ਨਾਲ ਇਸ ਕਿਸਮ ਦੇ ਮੁਹਾਂਦਰਿਆਂ ਵਾਲੇ ਪਾਤਰ ਹੀ ਇਹਨਾਂ ਕਹਾਣੀਆਂ ਦੇ ਨਾਇਕ ਨਾਇਕਾਵਾਂ ਹਨ। ਉਹਨਾਂ ਦਾ ਇਹ ਹਿਰਦੇ ਪ੍ਰੀਵਰਤਨ ਕਿਸੇ ਘਟਨਾ ਦੇ ਫੌਰੀ ਪ੍ਰਭਾਵ ਅਧੀਨ ਹੁੰਦਾ ਹੈ। ਇਸ ਦਾ ਕਾਰਨ ਸਮਾਜਿਕ-ਵਿਕਾਸ ਦੇ ਰਹੱਸ ਦੀ ਸਮਝ ਨਾਲ ਨਹੀਂ ਜੁੜਿਆ ਹੋਇਆ—ਔਰਤ-ਮਰਦ ਆਪਣੇ ਸੁਭਾਅ ਦੇ ਟਕਰਾਓ ਵਿਚ ਪੇਸ਼ ਹੋ ਕੇ ਵੀ ਟਕਰਾਓ ਦਾ ਕਾਰਨ ਪਰਵਾਰ-ਬਾਹਰੀ ਕਿਸੇ ਬੁਝ ਨਾਲ ਕਿਸੇ ਸਮਾਜਿਕ ਊਣ ਨਾਲ ਨਹੀਂ ਜੋੜਦੇ—ਉਹ ਇਸ ਕਾਰਨ ਵਜੋਂ ਆਪਣੇ ਅੰਦਰ ਦੀ ਕਮਜੋਰੀ ਨੂੰ ਹੀ ਲਭਦੇ ਹਨ—ਵਾਸਵਿਕਤਾ ਦੇ ਬਹੁਤ ਥੋੜੇ ਅੰਸ਼ ਅਜੇਹੇ ਹੁੰਦੇ ਹਨ—ਅਤੇ ਅਜੀਤ ਸੈਣੀ ਵਾਸਵਿਕਤਾ ਦੇ ਇਨ੍ਹਾਂ ਥੋੜੇ ਅੰਸ਼ਾਂ ਦਾ ਹੀ ਚਿਤੇਰਾ ਹੈ—ਇਨ੍ਹਾਂ ਥੋੜੇ ਅੰਸ਼ਾਂ ਨੂੰ ਸਮੁਚੀ ਵਾਸਤਵਿਕਤਾ ਵਿਚ ਫੈਲਾਉਣਾ ਉਸ ਦਾ ਕਾਰਜ ਖੇਤਰ ਨਹੀਂ ਹੈ। ਕਿਉਂਕਿ ਉਸ ਨੇ ਆਪਣੇ ਆਲੇ ਦੁਆਲੇ ਘਟੀ ਕਿਸੇ ਘਟਨਾ ਜਾਂ ਆਪਣੇ ਆਲੇ ਦੁਆਲੇ ਵਿਚਰਦੇ ਕਿਸੇ ਪਾਤਰ ਦਾ ਚਿਤਰਨ ਕਰਨਾ ਹੈ—ਆਪਣੀ ਕਹਾਣੀ ਨਿੱਜੀ ਅਨੁਭਵ ਉਤੇ ਅਧਾਰਤ ਹੀ ਲਿਖਣੀ ਹੈ।

—ਲਖਵਿੰਦਰ ਜੌਹਲ

ਕਵੀ ਅੱਲਾ ਦਿੱਤਾ ਸਾਬਰ ਸਨਮਾਨ ਸਮਾਰੋਹ

(ਲਿਖਾਰੀ ਸਭਾ ਜਗਤਪੁਰ (ਰਜਿ:)

ਪਿਛਲੇ ਦਿਨੀਂ ਲਿਖਾਰੀ ਸਭਾ ਜਗਤਪੁਰ (ਰਜਿ:) ਵਲੋਂ ਇਕ ਵਿਸ਼ੇਸ਼ ਸਾਹਿਤਕ ਸਮਾਰੋਹ ਦਾ ਆਯੋਜਨ ਪਿੰਡ ਜਗਤਪੁਰ ਵਿਚ ਕੀਤਾ ਗਿਆ, ਜਿਸ ਵਿਚ ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਕਵੀ ਜਨਾਬ ਅੱਲਾ ਦਿੱਤਾ ਸਾਬਰ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਗਿਆਨੀ ਕੇਹਰ ਸਿੰਘ ਨੇ ਕੀਤੀ। ਮੁਖ ਸਕੱਤਰ ਮੋਹਨ ਦੋਸਾਂਝਵੀਂ ਨੇ ਸ਼ੁਰੂ ਵਿਚ ਜਨਾਬ ਅੱਲਾ ਦਿੱਤਾ ਸਾਬਰ ਦੇ ਸਨਮਾਨ ਵਿਚ ਕੁਝ ਸ਼ਬਦ ਕਹੇ ਅਤੇ ਸ੍ਰੀ ਮਹਿੰਦਰ ਦੋਸਾਂਝ ਨੇ ਜੀ ਆਇਆਂ ਆਖਿਆ। ਇਧਰਲੇ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਸਰਬ ਸ੍ਰੀ ਉਲਫਤ ਬਾਜਵਾ, ਡੀ. ਆਰ. ਧਵਨ, ਗੁਰਦਿਆਲ ਰੋਸ਼ਨ, ਹਰਬੰਸ ਕੌਂਥ, ਗੁਰਦਿਆਲ ਪੰਜਾਬੀ, ਮੋਹਨ ਦੋਸਾਂਝਵੀਂ, ਸ.ਨ. ਸੇਵਕ, ਦੀਪਕ, ਹਰੀ ਦੱਤ ਸ਼ਰਮਾ ਅਤੇ ਮਹਿੰਦਰ ਦੋਸਾਂਝ ਨੇ ਆਪੋ ਆਪਣੀਆਂ ਸਾਹਿਤਕ ਰਚਨਾਵਾਂ ਸੁਣਾਈਆਂ। ਫਿਰ ਮਹਿੰਦਰ ਦੋਸਾਂਝ ਅਤੇ ਮੋਹਨ ਦੋਸਾਂਝਵੀ ਨੇ ਸਾਬਰ ਸਾਹਿਬ ਨੂੰ ਇਕ ਰਸਾਲਾ ਅਤੇ ਮਾਣ-ਪੱਤਰ ਭੇਂਟ ਕੀਤਾ। ਸਾਬਰ ਸਾਹਿਬ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਉਹਨਾਂ ਨੇ ਆਪਣੀ ਜ਼ਿੰਦਗੀ ਬਾਰੇ ਦਸਦਿਆਂ ਪਾਕਿਸਤਾਨ ਬਣਨ ਵੇਲੇ ਆਪਦੇ ਉਜਾੜੇ ਅਤੇ ਇਸ ਧਰਤੀ ਪ੍ਰਤੀ ਆਪਣਾ ਮੋਹ ਦਸਦੀ ਕਵਿਤਾ ਸੁਣਾਈ ਤਾਂ ਸਰੋਤਿਆਂ ਦੇ ਦਿਲ ਅਤੇ ਅੱਖਾਂ ਭਰ ਆਈਆਂ। ਦੋਹਾਂ ਪੰਜਾਬਾਂ ਦੀਆਂ ਕਵਿਤਾਵਾਂ ਸੁਣਨ ਵਾਲੇ ਸਰੋਤੇ ਪਿਆਰ ਮੁਗਧ ਬੈਠੇ ਦੋਹਾਂ ਪੰਜਾਬਾਂ ਦੇ ਪੰਜਾਬੀਆਂ ਦਾ ਦਿਲੀ ਪਿਆਰ ਪੂਰੀ ਤਰ੍ਹਾਂ ਮਹਿਸੂਸ ਕਰ ਰਹੇ ਸਨ।

ਪ੍ਰੋ: ਸ. ਨ. ਸੇਵਕ ਨੇ ਪਾਕਿਸਤਾਨੀ ਸਾਹਿਤ ਅਤੇ ਪਾਕਿਸਤਾਨੀ ਲੋਕਾਂ ਬਾਰੇ ਆਪਣੇ ਤਜਰਬੇ ਦਸਦਿਆਂ ਦਸਿਆ ਕਿ ਉਹ ਲੋਕ ਵਾਰਿਸ ਸ਼ਾਹ ਦਾ ਉਰਸ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਮਨਾਉਂਦੇ ਹਨ। ਸ੍ਰੀਮਤੀ ਸੇਵਕ ਨੇ ਪਾਕਿਸਤਾਨ ਯਾਤਰਾ ਦੇ ਤਜਰਬੇ ਤੋਂ ਦਸਿਆ ਕਿ ਪਾਕਿਸਤਾਨ ਵਿਚ ਔਰਤਾਂ ਨੂੰ ਆਜ਼ਾਦੀ ਬਿਲਕੁਲ ਘੱਟ ਹੈ। ਉਹਨਾਂ, ਨੂੰ ਪੜ੍ਹਾਈ ਦੀਆਂ ਸਹੂਲਤਾਂ ਬਹੁਤ ਘੱਟ ਹਨ। ਉਹ ਸਾਹਿਤਕ ਜਾਂ ਹੋਰ ਇਕੱਠਾਂ ਵਿਚ ਨਹੀਂ ਜਾ ਸਕਦੀਆਂ। ਸਾਬਰ ਸਾਹਿਬ ਨੇ ਕੁਝ ਗੱਲਾਂ ਦੇ ਸਪਸ਼ਟੀਕਰਨ ਦਿਤੇ। ਸਤਨਾਮ ਮਾਣਕ ਨੇ ਸ਼ਹਿਰਾਂ ਵਿਚ ਪੰਜਾਬੀ ਸਕੂਲ ਨਾ ਹੋਣ ਦਾ ਗਿਲਾ ਕੀਤਾ।

ਅੰਤ ਵਿਚ ਗਿਆਨੀ ਕਿਹਰ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿਤਾ ਅਤੇ ਆਪਣੀਆਂ ਰਚਨਾਵਾਂ ਸੁਣਾਈਆਂ। ਗਿਆਨੀ ਚੇਤ ਸਿੰਘ ਨੇ ਆਏ ਸੱਜਣਾਂ ਦਾ ਧੰਨਵਾਦ ਕੀਤਾ।

ਮੋਹਨ ਦੋਸਾਂਝਵੀ
ਮੁਖ ਸਕੱਤਰ
ਲਿਖਾਰੀ ਸਭਾ ਜਗਤਪੁਰ

Sri Satguru Jagjit Singh Ji Elibrary NamdhariElibrary@gmail.com

ਸਾਹਿਤ ਸਮਾਚਾਰ

ਜਨਵਾਦੀ ਸਾਹਿਤ ਸਭਾ ਸਮਰਾਲਾ

ਵਲੋਂ *ਮਿੰਨੀ-ਕਹਾਣੀ ਦਰਬਾਰ*

ਸਮਰਾਲਾ : ਬੀਤੇ ਐਤਵਾਰ ਸਮਰਾਲਾ ਸਿਵਲ ਰੈਸਟ ਹਾਊਸ ਵਿਖੇ ਪੰਜਾਬੀ ਜਨਵਾਦੀ ਸਾਹਿਤ ਸਭਾ ਸਮਰਾਲਾ ਵਲੋਂ ਪੰਜਾਬੀ ਦੇ ਕਹਾਣੀਕਾਰ ਅਜੀਤ ਸੈਣੀ (ਰੋਜ਼ਾਨਾ "ਅਜੀਤ") ਦੀ ਪ੍ਰਧਾਨਗੀ ਹੇਠ ਇਕ ਮਿੰਨੀ ਕਹਾਣੀ ਦਰਬਾਰ ਆਯੋਜਿਤ ਕੀਤਾ ਗਿਆ। ਸ਼ੁਰੂ ਵਿਚ ਸਭਾ ਦੇ ਪ੍ਰਧਾਨ ਡਾ: ਗੁਰਦੇਵ ਸਿੰਘ ਪੰਦੋਹਲ ਨੇ ਜਨਵਾਦੀ ਸਭਾ ਦੇ ਮੰਤਵ ਸਪਸ਼ਟ ਕਰਦਿਆਂ ਕਿਹਾ ਕਿ ਇਹ ਸਭਾ ਨਿਰੋਲ ਲੇਖਕਾਂ ਦੀ ਸਭਾ ਹੈ, ਜਿਸਦਾ ਕਿਸੇ ਵੀ ਯੂਨੀਅਨ, ਅਫਸਰਵਾਦ ਜਾਂ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਇਸ ਤੋਂ ਬਾਅਦ ਡਾ. ਪੰਦੋਹਲ ਨੇ ਮੁਖਤਿਆਰ ਸਿੰਘ ਦੇ ਕਹਾਣੀ ਸੰਗ੍ਰਹਿ "ਝੱਕ ਵਿਚ ਫਸੇ ਪੈਰ" ਤੇ ਪੇਪਰ ਪੜ੍ਹਿਆ। ਪੇਪਰ ਬਾਰੇ ਅੰਮ੍ਰਿਤ ਰਾਮ ਪੁਰੀ ਅਤੇ ਕਸ਼ਮੀਰ ਸਿੰਘ ਪੰਨੂ ਨੇ ਆਪਣੇ ਵਿਚਾਰ ਦਸਦਿਆਂ ਕਿਹਾ ਕਿ ਪਰਚੇ ਵਿਚ ਹਾਂ ਮੁਖੀ ਤੇ ਨਾਂਹ ਮੁਖੀ ਦੋ ਪੱਖ ਅੱਡ-ਅੱਡ ਕਰਕੇ ਰਖਕੇ ਠੀਕ ਨਹੀਂ ਕੀਤਾ ਜਦ ਕਿ ਕੁਲਵੰਤ ਨੀਲੋਂ ਅਨੁਸਾਰ ਪਰਚਾ ਸਵੈ-ਵਿਰੋਧੀ ਹੈ, ਪਰ ਹਮਦਰਦਵੀਰ ਨੌਸ਼ਹਿਰਵੀ ਅਨੁਸਾਰ ਮੁਖਤਿਆਰ ਸਿੰਘ ਦੀਆਂ ਕਹਾਣੀਆਂ ਦਾ ਸਮੁੱਚਾ ਪ੍ਰਭਾਵ ਸਮਾਜਵਾਦੀ ਹੈ। ਲੇਖ ਰਾਜ ਪਰਵਾਨਾ ਨੇ ਕਿਹਾ ਕਿ ਪਰਚਾ ਸਵੈ-ਵਿਰੋਧੀ ਨਹੀਂ ਹੈ, ਸਗੋਂ ਪਰਚੇ ਵਿਚ ਲੇਖਕ ਵਲੋਂ ਦੋ ਰਾਵਾਂ ਪ੍ਰਗਟ ਕੀਤੀਆਂ ਗਈਆਂ ਹਨ। ਹਰੀ ਕ੍ਰਿਸ਼ਨ ਮਾਇਰ ਨੇ ਪਰਚੇ ਦੀ ਬਜਾਏ ਮੁਖਤਿਆਰ ਸਿੰਘ ਦੀਆਂ ਕਹਾਣੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਮੁੱਚੀਆਂ ਕਹਾਣੀਆਂ ਵਿਚ ਰੋਮਾਂਸ ਅਤੇ ਮਨੋਵਿਸ਼ਲੇਸ਼ਣ ਨਹੀਂ ਹੈ, ਅਤੇ ਅਜੀਤ ਸੈਣੀ ਨੇ ਪਰਚੇ ਨੂੰ ਮਿਹਨਤ ਨਾਲ ਲਿਖਿਆ ਹੋਇਆ ਕਰਾਰ ਦਿੱਤਾ। ਇਸ ਤੋਂ ਬਾਅਦ ਕਹਾਣੀ ਦਰਬਾਰ ਵਿੱਚ ਇਨ੍ਹਾਂ ਲੇਖਕਾਂ ਨੇ ਰਚਨਾਵਾਂ ਪੜ੍ਹੀਆਂ ਅਤੇ ਆਲੋਚਨਾ ਵਿਚ ਭਾਗ ਲਿਆ। ਅਜੀਤ ਸੈਣੀ, ਕਸ਼ਮੀਰ ਸਿੰਘ ਪੰਨੂ, ਲੇਖ ਰਾਜ ਪਰਵਾਨਾ, ਅਮ੍ਰਿਤ ਰਾਮ ਪੁਰੀ, ਗੁਰਦਿਆਲ ਲਾਲ, ਪ੍ਰੋ: ਹਮਦਰਦਵੀਰ ਨੌਸ਼ਹਿਰਵੀ, ਅਸ਼ਵਨੀ ਭਾਰਦਵਾਜ, ਹਰਭਜਨ ਸਿੰਘ ਮਾਂਗਟ, ਕੁਲਵੰਤ ਨੀਲੋਂ, ਹਰੀ ਕ੍ਰਿਸ਼ਨ ਮਾਇਰ, ਪਰਮਿੰਦਰ ਸਿੰਘ ਪ੍ਰੀਤਮ ਕਲਸੀ, ਕੁਲਵੰਤ ਤੇਰਕ, ਰਣਜੀਤ ਰਾਹੀ, ਰਣਜੋਧ ਗਿੱਲ, ਪਰਮਿੰਦਰ ਸਿੰਘ ਐਡਵੋਕੇਟ, ਪਰਮਜੀਤ। ਅਜੀਤ ਸੈਣੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਕਿਹਾ ਕਿ ਸਮਰਾਲਾ ਦੀ ਜਨਵਾਦੀ ਸਭਾ ਦੀਆਂ ਉਹ ਅਖਬਾਰਾਂ ਵਿਚ ਆਮ ਸਰਗਮੀਆਂ ਪੜ੍ਹਦੇ ਰਹਿੰਦੇ ਹਨ ਅਤੇ ਆਸ ਕਰਦੇ ਹਨ ਕਿ ਇਹ ਸਭਾ ਛੇਤੀ ਹੀ ਪੰਜਾਬ ਦੀ ਪਹਿਲੇ ਦਰਜੇ ਦੀ ਸਾਹਿਤ ਸਭਾ ਹੋਵੇਗੀ।

ਅਸ਼ਵਨੀ ਭਾਰਦਵਾਜ
ਜਨਰਲ ਸਕੱਤਰ,
ਪੰਜਾਬੀ ਜਨਵਾਦੀ ਸਾਹਿਤ ਸਭਾ ਸਮਰਾਲਾ
੨੫੮/੧੧, ਚੰਡੀਗੜ੍ਹ ਰੋਡ ਸਮਰਾਲਾ (ਲੁਧਿਆਣਾ)।

[illegible]

ਨਾਗਰਿਕ ਜਾਂ ਕਰਮਚਾਰੀ ਨੇ ਮਾੜੇ ਨਾਲ ਮਾੜਾ ਸਲੂਕ ਨਹੀਂ ਕੀਤਾ। ਯਾਤਰੀਆਂ ਦੀ ਹਿਫ਼ਾਜ਼ਤ ਵਾਸਤੇ ਪੁਲੀਸ ਦਾ ਚੰਗਾ ਖਾਸਾ ਪ੍ਰਬੰਧ ਸੀ। ਜਿਥੇ ਵੀ ਅਸੀਂ ਗਏ ਪੁਲੀਸ ਅਗੇ ਨਜ਼ਰ ਪੈ ਜਾਂਦੀ ਸੀ। ਸਫਰ ਦੌਰਾਨ ਵੀ ਹਰ ਰੇਲ ਦੇ ਡਬੇ ਵਿਚ ਦੋ ਜਾਂ ਤਿੰਨ ਸਿਪਾਹੀ ਜ਼ਰੂਰ ਹੁੰਦੇ ਸਨ। ਹਰ ਜਗਾ ਜਿਥੇ ਵੀ ਅਸੀਂ ਗਏ ਮੈਡੀਕਲ ਸੇਵਾ ਦਾ ਮੁਫਤ ਪ੍ਰਬੰਧ ਹੁੰਦਾ ਸੀ। ਕੁਲ ਮਿਲਾ ਕੇ ਸਾਰੀ ਯਾਤਰਾ ਹੀ ਸਫਲ ਕਹੀ ਜਾ ਸਕਦੀ ਹੈ। ਇਸ ਸਬੰਧ ਵਿਚ ਅਸੀਂ ਭਾਰਤ ਸਰਕਾਰ ਤੇ ਪਾਕਿਸਤਾਨ ਸਰਕਾਰ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਤੀਰਥ ਯਾਤਰਾ ਦੇ ਪ੍ਰਬੰਧ ਕੀਤੇ ਹਨ।

Sri Satguru Jagjit Singh Ji Elibrary NamdhariElibrary@gmail.com

ਸ ਬਹਾਦਰ ਨੇ ੧੯.੫੩ ਮੀਟਰ ਦੀ ਦੂਰੀ ਤਕ ਗੋਲਾ ਸੁੱਟ ਕੇ ਜਿੱਥੇ ਇਕ ਵਾਰ ਫਿਰ ਭਾਰਤ ਵਾਸਤੇ ਸੋਨੇ ਦਾ ਤਮਗਾ ਜਿਤਿਆ ਉਥੇ ਏਸ਼ੀਆ ਵਿਚ ਗੋਲਾ ਸੁਟਣ ਦਾ ਨਵਾਂ ਰਿਕਾਰਡ ਵੀ ਸਥਾਪਤ ਕੀਤਾ।

੩੦੦੦ ਮੀਟਰ ਦੀ ਦੌੜ ਦਾ ਜੇਤੂ ਜਾਪਾਨੀ ਦੌੜਾਕ ਤਾਦਾਸੂ ਸਤੀਪਲੇਹਿਜ਼। ਇਸ ਦੌੜ ਵਿਚ ਭਾਰਤੀ ਖਿਲਾੜੀ ਗੋਪਾਲ਼ ਸੈਣੀ ਦੂਸਰੇ ਨੰਬਰ ਤੇ ਰਿਹਾ।

Sri Satguru Jagjit Singh Ji Elibrary NamdhariElibrary@gmail.com



ਅੰਬੇਦਕਰ ਸਟੇਡੀਅਮ ਵਿਚ ਭਾਰਤ-ਚੀਨ ਦਰਮਿਆਨ ਹੋਏ ਯਾਦਗਾਰੀ ਫੁਟਬਾਲ ਮੈਚ ਵਿਚ ਭਾਰਤ ਵਲੋਂ ਦੂਸਰਾ ਗੋਲ ਕਰਦਾ ਹੋਇਆ ਕਾਰਤਕ ਸੇਠ। ਮੈਚ ੨-੨ ਤੇ ਬਰਾਬਰ ਰਿਹਾ।

ਫੁਟਬਾਲ ਵਿਚ ਸੋਨੇ ਦਾ ਤਮਗਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੋਂ ਪ੍ਰਾਪਤ ਕਰਨ ਬਾਅਦ ਈਰਾਕ ਦੀ ਟੀਮ ਆਪਣਾ ਕੌਮੀ ਤਰਾਨਾ ਗਾਉਂਦੀ ਹੋਈ। ਪ੍ਰਧਾਨ ਮੰਤਰੀ ਨਾਲ ਸ. ਬੂਟਾ ਸਿੰਘ ਚੇਅਰਮੈਨ ਵਿਸ਼ੇਸ਼ ਆਯੋਜਨ ਸੰਮਤੀ ਖੜੇ ਹਨ।

Sri Satguru Jagjit Singh Ji Elibrary NamdhariElibrary@gmail.com

ਏਸ਼ੀਆਡਾਂ ਵਿਚ ਭਾਰਤੀ ਤਮਗੇ

—ਰੇਸ਼ਮ ਸਿੰਘ—

ਜਦੋਂ ਕਿ ਚੀਨ ਨੇ ਏਸ਼ੀਆਡ ਵਿਚ ਜਪਾਨ ਦੀ ਸਰਦਾਰੀ ਖਤਮ ਕਰ ਦਿਤੀ ਹੈ ਹਿੰਦ ੩੧ ਸਾਲਾਂ ਦੇ ਏਸ਼ੀਆਡ ਜੀਵਨ ਵਿਚ ਸੋਨ ਤਮਗਿਆਂ ਦੀ ਦੌੜ ਵਿਚ ਉਸ ਥਾਂ 'ਤੇ ਵੀ ਨਹੀਂ ਪਹੁੰਚ ਸਕਿਆ ਜਿਥੇ ਇਹ ੧੯੫੧ ਵਿਚ ਨਵੀਂ ਦਿਲੀ ਵਿਚ ਹੋਏ ਪਹਿਲੇ ਏਸ਼ੀਆਡ ਵਿਚ ਸੀ। ਉਸ ਏਸ਼ੀਆਡ ਵਿਚ ਇਸਨੇ ੧੫ ਸੋਨੇ ੧੬ ਚਾਂਦੀ ਤੇ ੨੧ ਕਾਂਸੀ ਦੇ ਤਮਗੇ ਜਿਤੇ ਸੀ ਜਦਕਿ ਨੌਵੇਂ ਏਸ਼ੀਆਡ ਵਿਚ ਇਸਨੇ ੧੩ ਸੋਨੇ ੧੯ ਚਾਂਦੀ ਤੇ ੨੨ ਕਾਂਸੀ ਦੇ ਤਮਗੇ ਹੀ ਜਿਤੇ ਹਨ। ਹਿੰਦ ਦੇ ਕੁਲ ੫੪ ਤਮਗਿਆਂ ਦੇ ਮੁਕਾਬਲੇ ੫੨ ਤਮਗੇ ਜਿਤਕੇ ਉਤਰੀ ਕੋਰੀਆ ਇਸ ਕਰਕੇ ਪੰਜਵੇਂ ਨੰਬਰ ਤੇ ਆ ਗਿਆ ਕਿਉਂਕਿ ਉਸਨੇ ਸੋਨੇ ਦੇ ੧੬ ਤਮਗੇ ਜਿਤੇ। ਵੱਖ ਵੱਖ ਏਸ਼ੀਅਨ ਖੇਡਾਂ ਵਿਚ ਭਾਰਤ ਵਲੋਂ ਜਿੱਤੇ ਤਮਗਿਆਂ ਦਾ ਇਤਿਹਾਸ ਇਸ ਪ੍ਰਕਾਰ ਹੈ...

ਨਵੀਂ ਦਿੱਲੀ

੧੯੫੧ ਵਿਚ ਨਵੀਂ ਦਿੱਲੀ ਵਿਚ ਹੋਏ ਪਹਿਲੇ ਏਸ਼ੀਆਡ ਜਿਸ ਵਿਚ ੧੧ ਦੇਸ਼ਾਂ ਦੇ ੬੦੦ ਖਿਡਾਰੀਆਂ ਨੇ ੬ ਖੇਡਾਂ ਦੇ ੫੫ ਮੁਕਾਬਲਿਆਂ ਵਿਚ ਹਿਸਾ ਲਿਆ, ਵਿਚ ਹਿੰਦ ੧੫ ਸੋਨੇ, ੧੬ ਚਾਂਦੀ ਤੇ ੨੧ ਕਾਂਸੀ ਦੇ ਤਮਗੇ ਹਾਸਲ ਕਰਕੇ ਜਪਾਨ ਤੋਂ ਬਾਅਦ ਦੂਜੇ ਨੰਬਰ ਤੇ ਰਿਹਾ ਸੀ। ਜਪਾਨ ਨੇ ੨੪ ਸੋਨੇ, ੨੦ ਚਾਂਦੀ ਤੇ ੧੬ ਕਾਂਸੀ ਦੇ ਤਮਗੇ ਜਿਤੇ ਸੀ।

ਇਸ ਏਸ਼ੀਆਡ ਵਿਚ ਹਾਕੀ ਨਹੀਂ ਸੀ ਸ਼ਾਮਲ ਕੀਤੀ ਗਈ ਪਰ ਫੁਟਬਾਲ ਵਿਚ ਈਰਾਨ ਨੂੰ ਹਰਾਕੇ ਹਿੰਦ

ਪਹਿਲਾ ਏਸ਼ੀਅਨ ਚੈਂਪੀਅਨ ਬਣਿਆ ਸੀ। ਬਾਸਕਟਬਾਲ ਵਿਚ ਫਿਲਪਾਈਨਜ਼ ਤੋਂ ਹਾਰਕੇ ਚਾਂਦੀ ਦੇ ਤਮਗੇ 'ਤੇ ਸਬਰ ਕਰਨਾ ਪਿਆ ਸੀ। ਵਾਟਰ ਪੋਲੋ 'ਚ ਸਿੰਘਾਪੁਰ ਨੂੰ ਹਰਾਕੇ ਸੋਨ ਤਮਗਾ ਜਿਤਿਆ ਸੀ। ਤੈਰਾਕੀ ਵਿਚ ਵੀ ਹਿੰਦ ਨੇ ੪ ਤਮਗੇ ਜਿਤੇ ਸੀ। ਸਾਈਕਲਿੰਗ 'ਚ ਦੂਜੇ ਨੰਬਰ ਤੇ ਆਏ ਸੀ। ਪਹਿਲਵਾਨੀ 'ਚ ੭ ਦੇ ੭ ਸੋਨ ਤਮਗੇ ਈਰਾਨ ਲੈ ਗਿਆ ਸੀ।

ਐਥਲੈਟਿਕਸ ਵਿਚ ਹਿੰਦ ਦੇ ਲੇਵੀ ਪਿੰਟੋ ਨੇ ੧੦੦ ਮੀਟਰ ਦੌੜ ਵਿਚ ੧੦.੮ ਸਕਿੰਟ ਦਾ ਰਿਕਾਰਡ ਕਾਇਮ ਕਰਕੇ, ਮਦਨ ਲਾਲ ਨੇ ੪੫ ਫੁਟ ਢਾਈ ਇੰਚ ਗੋਲਾ ਸੁਟ ਕੇ ਤੇ ਮਖਣ ਸਿੰਘ ਨੇ ੧੩੦ ਫੁਟ ਪੌਣੇ ਗਿਆਰਾਂ ਇੰਚ ਚੱਕਾ (ਡਿਸਕਸ) ਸੁਟ ਕੇ ਸੋਨੇ ਦੇ ਤਮਗੇ ਜਿਤੇ ਸਨ। ਇਸ ਤੋਂ ਇਲਾਵਾ ਮੈਰਾਥਨ ਦੌੜ ਵਿਚ ਛੋਟਾ ਸਿੰਘ ਨੇ ੨ ਘੰਟੇ

Sri Satguru Jagjit Singh Ji Elibrary NamdhariElibrary@gmail.com

੪੨ ਮਿੰਟ ੫੮.੬ ਸਕਿੰਟਾਂ ਨਾਲ ਸੋਨ ਤੇ ਸੁਰਤ ਸਿੰਘ ਨੇ ਕਾਂਸੀ ਦਾ ਤਮਗਾ ਜਿਤਿਆ। ਮਹਾਂ ਵੀਰ ਨੇ ੧੦ ਹਜ਼ਾਰ ਮੀਟਰ ਪੈਦਲ ਚਾਲ; ਬਖਤਾਵਰ ਸਿੰਘ ਨੇ ੫੦ ਹਜ਼ਾਰ ਮੀਟਰ ਵਿਚ ਸੋਨ ਤਮਗੇ ਤੇ ਕੇਸਰ ਸਿੰਘ ਤੇ ਵੀ. ਦਾਸ ਨੇ ਕ੍ਰਮਵਾਰ ਕਾਂਸੀ ਤੇ ਚਾਂਦੀ ਦੇ ਤਮਗੇ ਜਿਤੇ।

ਮਹਿਲਾ ਐਥਲੀਟਾਂ ਨੇ ੨ ਚਾਂਦੀ ਤੇ ੧ ਕਾਂਸ਼ੀ ਦੇ ਤਮਗੇ ਜਿਤੇ ਸੀ।

ਮਨੀਲਾ

੧੯੫੪ ਵਿਚ ਮਨੀਲਾ ਵਿਚ ਦੂਜੇ ਏਸ਼ੀਆਡ ਦੌਰਾਨ ੧੮ ਦੇਸ਼ਾਂ ਦੇ ੧੦੨੧ ਖਿਡਾਰੀਆਂ ਨੇ ੮ ਖੇਡਾਂ ਦੇ ੭੭ ਮੁਕਾਬਲਿਆਂ ਵਿਚ ਹਿਸਾ ਲਿਆ ਸੀ। ਇਥੇ ਜਪਾਨ ੩੮ ਸੋਨ ਤਮਗਿਆਂ ਨਾਲ ਪਹਿਲੇ ਤੇ ਪਿਛਲੇ ਏਸ਼ੀਆਡ ਵਿਚ ਚੌਥੇ ਨੰਬਰ ਤੇ ਰਹਿਣ ਵਾਲਾ ਫਿਲਪਾਈਨਜ਼ ੧੪ ਸੋਨ ਤਮਗਿਆਂ ਨਾਲ ਦੂਜੇ ਨੰਬਰ ਤੇ ਰਿਹਾ ਸੀ ਤੇ ਹਿੰਦ ਚੌਥੇ ਸਥਾਨ ਤੇ ਜਾ ਪਿਆ ਸੀ। ਹੈਰਾਨਕੁੰਨ ਗਲ ਸੀ ਕਿ ਹਿੰਦ ਨੇ ਕੁਲ ੫ ਤਮਗੇ ਹੀ ਹਾਸਲ ਕੀਤੇ।

ਪ੍ਰਦੁਮਨ ਸਿੰਘ ਨੇ ੪੬ ਫੁਟ ਪੌਣੇ ਪੰਜ ਇੰਚ ਗੋਲਾ ਸੁਟਕੇ ਨਵੇਂ ਰਿਕਾਰਡ ਨਾਲ ਸੋਨ ਤਮਗਾ ਜਿਤਿਆ। ਈਸ਼ਵਰ ਸਿੰਘ ਨੇ ੪੬ ਫੁਟ ਅਧੀ ਇੰਚ ਸੁਟ ਕੇ ਕਾਂਸੀ ਦਾ ਤਮਗਾ ਜਿਤਿਆ। ਸਰਵਣ ਸਿੰਘ ਨੇ ੧੧੦ ਮੀਟਰ ਹਰਡਲਜ਼ ਦੌੜ ਵਿਚ ੧੪.੭ ਸਕਿੰਟ ਨਾਲ,ਅਜੀਤ ਨੇ ੬ ਫੁਟ ੪ ਇੰਚ ੭ ਸੂਟਰ ਉਚੀ ਛਾਲ ਮਾਰ ਕੇ, ਸੀ. ਬ੍ਰਾਊਨ, ਐਸ. ਡੀਸੂਜ਼ਾ, ਵੀ. ਪੀਟਰ ਤੇ ਐਮ. ਡੀਸੂਜ਼ਾ ਦੀ ਟੀਮ ਨੇ ੪ × ੪੦੦ ਮੀਟਰ ਰਿਲੇ ਵਿਚ ਸੋਨ ਤਮਗੇ ਜਿਤੇ।

ਟੋਕੀਓ

੧੯੫੮ ਵਿਚ ਟੋਕੀਓ ਵਿਚ ਹੋਏ ਤੀਜੇ ਏਸ਼ੀਆਡ ਵਿਚ ਹਾਕੀ, ਲਾਨ ਟੈਨਿਸ, ਟੇਬਲ ਟੇਨਿਸ, ਸਾਈਕਲਿੰਗ ਤੇ ਵਾਲੀਬਾਲ ਗੇਮਾਂ ਸ਼ਾਮਲ ਕੀਤੀਆਂ ਗਈਆਂ। ਇਸ ਵਿਚ ੨੦ ਦੇਸ਼ਾਂ ਦੇ ੧੪੦੦ ਖਿਡਾਰੀਆਂ ਨੇ ਹਿੱਸਾ ਲਿਆ। ਜਪਾਨ ਪਿਛੇ ਦੀ ਤਰ੍ਹਾਂ ਇਸ ਵਾਰ ਵੀ ਚੈਂਪੀਅਨ ਰਿਹਾ। ਉਸ ਨੇ ੧੧੧ ਵਿਚੋਂ ੬੭ ਸੋਨ ਤਮਗੇ ਜਿਤੇ। ਹਿੰਦ ਨੇ ੫ ਸੋਨੇ, ੪ ਚਾਂਦੀ ਤੇ ੪ ਕਾਂਸੀ ਦੇ ਤਮਗੇ ਜਿਤੇ ਤੇ ਇਹ ਜਪਾਨ, ਫਿਲਪਾਈਨਜ਼, ਦਖਣੀ ਕੋਰੀਆ, ਈਰਾਨ, ਤਾਈਵਾਨ ਪਾਕ ਤੋਂ ਬਾਅਦ ਸਤਵੇਂ ਨੰਬਰ ਤੇ ਜਾ ਪਿਆ।

ਇਥੇ ਮਿਲਖਾ ਸਿੰਘ ਨੇ ੨੦੦ ਮੀਟਰ (੨੧.੬ ਸਕਿੰਟ) ਤੇ ੪੦੦ ਮੀਟਰ (੪੬.੬ ਸਕਿੰਟ) ਵਿਚ ਨਵੇਂ ਰਿਕਾਰਡ ਕਾਇਮ ਕੀਤੇ। ਬਲਕਾਰ ਸਿੰਘ ਨੇ ੪੭.੯੦ ਮੀਟਰ ਤੇ ਪ੍ਰਦੁਮਣ ਸਿੰਘ ਨੇ ੪੫.੬੭ ਮੀਟਰ ਚੱਕਾ ਸੁਟ ਕੇ ਸੋਨੇ ਤੇ ਕਾਂਸੀ ਦੇ ਤਮਗੇ ਜਿਤੇ। ਪ੍ਰਦੁਮਨ ਸਿੰਘ ਨੇ ੧੫.੦੪ ਮੀਟਰ ਗੋਲਾ ਸੁਟਕੇ ਤੇ ਮਹਿੰਦਰ ਸਿੰਘ ਨੇ ਤੀਹਰੀ ਛਾਲ ਵਿਚ ਸੋਨ ਤਮਗੇ ਜਿਤੇ। ਹਾਕੀ ਵਿਚ ਹਿੰਦ ਪਾਕ ਤੋਂ ਹਾਰ ਗਿਆ ਸੀ।

ਜਕਾਰਤਾ

੧੯੬੨ ਵਿਚ ਜਕਾਰਤਾ ਵਿਚ ਚੌਥੇ ਏਸ਼ੀਆਡ ਵਿਚ ੧੭ ਦੇਸ਼ਾਂ ਦੇ ੨ ਹਜ਼ਾਰ ਤੋਂ ਵਧ ਖਿਡਾਰੀਆਂ ਨੇ ਹਿਸਾ ਲਿਆ। ਇਥੇ ਹਿੰਦ ਐਥਲੈਟਿਕਸ ਤੇ ਕੁਸ਼ਤੀ 'ਚ ਚੰਗੇ ਪ੍ਰਦਰਸ਼ਨ ਦੇ ਸਿਟੇ ਤੀਜੇ ਨੰਬਰ ਤੇ ਰਿਹਾ। ਇਸ ਨੇ ੧੧ ਸੋਨੇ, ੧੩ ਚਾਂਦੀ ਤੇ ੧੦ ਕਾਸੀ ਦੇ ਤਮਗੇ ਜਿਤੇ।

ਸਤ ਪਹਿਲਵਾਨਾਂ ਦੀ ਟੀਮ ਨੇ ੧੨ ਤਮਗੇ ਜਿਤੇ। ਗ੍ਰੀਕੋ ਰੋਮਨ ਕੁਸ਼ਤੀਆਂ ਵਿਚ ੨ ਸੋਨੇ, ੩ ਚਾਂਦੀ ਤੇ ਇਕ ਕਾਂਸੀ ਜਦਕਿ ਫ੍ਰੀਸਟਾਈਲ ਕੁਸ਼ਤੀਆਂ ਵਿਚ ਇਕ ਸੋਨੇ, ੩ ਚਾਂਦੀ ਤੇ ੨ ਕਾਂਸੀ ਦੇ। ਹਰ ਪਹਿਲਵਾਨ ਤਮਗਾ ਲੈਕੇ ਆਇਆ।

ਪੰਜਾਬ ਦੇ ਮਾਲਵਾ ਤੇ ਮਹਾਰਾਸ਼ਟਰ ਦੇ ਮਾਰੂਤੀ ਮਾਨੇ ਤੇ ਗਣਪਤ ਅਦਲਕਰ ਨੇ ਸੋਨ ਤਮਗੇ ਜਿਤੇ।

ਐਥਲੈਟਿਕਸ ਵਿਚ ਤ੍ਰਿਲੋਕ ਸਿੰਘ ਨੇ ੧੦ ਹਜ਼ਾਰ ਮੀਟਰ ਦੌੜ 'ਚ ਮਹਿੰਦਰ ਸਿੰਘ ਨੇ ੧੫ ਹਜ਼ਾਰ ਮੀਟਰ ਦੌੜ 'ਚ ਮਿਲਖਾ ਸਿੰਘ ਨੇ ੪੦੦ ਮੀਟਰ ਦੌੜ 'ਚ, ਗੁਰਚਰਨ ਸਿੰਘ ਨੇ ਡਿਕੈਥਲੋਨ ਵਿਚ ਤੇ ੪ × ੧੦੦ ਮੀਟਰ ਰਿਲੇ ਟੀਮ ਨੇ ਸੋਨ ਤਮਗੇ ਜਿਤੇ।

ਫੁਟਬਾਲ ਫਾਈਨਲ 'ਚ ਹਿੰਦ ਨੇ ਬਹੁਤ ਫਸਵੇਂ ਮੈਚ ਵਿਚ ਦਖਣੀ ਕੋਰੀਆ ਨੂੰ ੨-੧ ਨਾਲ ਹਰਾਇਆ। ਜਰਨੈਲ ਸਿੰਘ ਇਸ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਰੋਮਾਂਚਕਾਰੀ ਮੈਚ ਮੰਨਦੇ ਹਨ। ਹਾਕੀ 'ਚ ਹਿੰਦ ਪਾਕ ਤੋਂ ਫੇਰ ਹਾਰ ਗਿਆ। ਇਥੇ ਪਾਕ ਨੂੰ ਕੁਲ ਮੈਚਾਂ ਵਿਚ ਵਧ ਗੋਲਾਂ ਦੇ ਅਧਾਰ ਤੇ ਜੇਤੂ ਕਰਾਰ ਦਿਤਾ ਗਿਆ ਸੀ।

ਬੈਂਕਾਕ

੧੯੬੬ ਵਿਚ ਬੈਂਕਾਕ ਵਿਚ ਪੰਜਵੇਂ ਏਸ਼ੀਆਡ ਵਿਚ ੧੮ ਦੇਸ਼ਾਂ ਦੇ ੨ ਹਜ਼ਾਰ ਤੋਂ ਵਧ ਖਿਡਾਰੀਆਂ ਨੇ ਹਿਸਾ ਲਿਆ। ੫੫ ਸੋਨ ਸਮੇਤ ਕੁਲ ੧੨੨ ਤਮਗੇ ਜਿਤ ਕੇ ਜਪਾਨ ਫਿਰ ਚੈਂਪੀਅਨ ਬਣਿਆ। ਤੇ ਹਿੰਦ ਜਪਾਨ, ਦਖਣੀ

Sri Satguru Jagjit Singh Ji Elibrary NamdhariElibrary@gmail.com

ਕੋਰੀਆ, ਥਾਈਲੈਂਡ ਤੇ ਮਲੇਸ਼ੀਆ ਤੋਂ ਬਾਅਦ ਪੰਜਵੇਂ ਨੰਬਰ ਤੇ ਰਿਹਾ। ਇਸ ਨੇ ੭ ਸੋਨੇ, ੩ ਚਾਂਦੀ ਤੇ ੧੧ ਕਾਂਸੀ ਤਮਗੇ ਜਿਤੇ।

ਹਿੰਦ ਦੇ ਭੀਮ ਸਿੰਘ ਨੇ ੨.੦੫ ਮੀਟਰ ਉਚੀ ਛਾਲ ਮਾਰ ਕੇ, ਮੁਗੇਸ਼ਵਰ ਬਰੂਆ ਨੇ ੮੦੦ ਮੀਟਰ ਵਿਚ ੧ ਮਿੰਟ ੪੯.੪ ਦੇ ਰਿਕਾਰਡ ਨਾਲ ਸੋਨ ਤਮਗੇ ਜਿਤੇ। ਦਿਆਲ ਸਿੰਘ ਨੇ ੮੦੦ ਮੀਟਰ ਵਿਚ ਕਾਂਸੀ ਦਾ ਤਮਗਾ ਜਿਤਿਆ। ਜੁਗਿੰਦਰ ਸਿੰਘ ਨੇ ੧੬.੨੨ ਮੀਟਰ ਗੋਲਾ ਸੁਟਕੇ ਸੋਨੇ, ਪ੍ਰਵੀਨ ਕੁਮਾਰ ਨੇ ੬੦.੧੨ ਮੀਟਰ ਤਾਰ ਗੋਲਾ (ਹੈਮਰ) ਸੁਟ ਕੇ ਚਾਂਦੀ ਤੇ ੪੯.੬੦ ਮੀਟਰ ਚੱਕਾ ਸੁਟ ਕੇ ਸੋਨ ਤਮਗਾ ਜਿਤਿਆ। ਅਜਮੇਰ ਸਿੰਘ ਨੇ ੪੦੦ ਮੀਟਰ ਦੌੜ 'ਚ ਸੋਨੇ ਤੇ ੨੦੦ ਮੀਟਰ ਦੌੜ 'ਚ ਚਾਂਦੀ ਦਾ ਤਮਗਾ ਜਿਤਿਆ। ਕੁੜੀਆਂ 'ਚ ਕ੍ਰਿਸਟਾਈਨ ਫੋਰੇਜ ਲੰਮੀ ਛਾਲ 'ਚ ਮੁਸ਼ਕਲ ਨਾਲ ਹੀ ਕਾਂਸੀ ਦਾ ਤਮਗਾ ਜਿੱਤ ਸਕੀ।

੧੫੦੮ ਮੀਟਰ 'ਚ ਭਾਰਤ ਦੇ ਐਡਵਰਡ ਸਕਵੀਰਾ ਤੋਂ ਸੋਨ ਤਮਗੇ ਦੀ ਆਸ ਸੀ ਪਰ ਉਹ ੧੦੦ ਮੀਟਰ ਦੀ ਦੂਰੀ ਤੇ ਹੀ ਡਿਗ ਪਿਆ। ਉਸ ਨੇ ਕਿਹਾ ਕਿ ਉਸ ਨੂੰ ਦੋ ਵਾਰ ਧੱਕਾ ਮਾਰਿਆ ਗਿਆ।

ਪਹਿਲਵਾਨੀ 'ਚ ਕੇਵਲ ਇਕ ਚਾਂਦੀ ਤੇ ੫ ਕਾਂਸੀ ਦੇ ਤਮਗੇ ਹੀ ਮਿਲੇ। ਪਰ ਮੁਕੇਬਾਜ਼ੀ 'ਚ ਹਵਾ ਸਿੰਘ (ਹੈਵੀਵੇਟ) ਨੇ ਸੋਨ ਤੇ ਮਾਨਦੇਵ ਮੋਰੇ (ਬੈਂਟਮਵੇਟ) ਨੇ ਚਾਂਦੀ ਦਾ ਤਮਗਾ ਜਿਤਿਆ।

ਭਾਰਤੀ ਮਹਿਲਾ ਦੌੜਾਕ ਮਨਜੀਤ ਵਾਲੀਆ ਨੇ ੮੦ ਮੀਟਰ ਹਰਡਲਜ਼ 'ਚ ਕਾਂਸੀ ਦਾ ਤਮਗਾ ਜਿਤਿਆ।

ਹਾਕੀ, ਜਿਸ ਵਿਚ ਭਾਰਤ ਵਲੋਂ ਤਿੰਨ ਬਲਬੀਰ ਸਿੰਘ ਖੇਡੇ ਸਨ, ਵਿਚ ਹਿੰਦ ਨੇ ਪਾਕ ਨੂੰ ਪਹਿਲੀ ਵਾਰ ਇਕ ਗੋਲ ਨਾਲ ਹਰਾਇਆ। ਇਹ ਗੋਲ ਵਾਧੂ ਸਮੇਂ ਵਿਚ ਬਲਬੀਰ ਨੇ ਕੀਤਾ ਸੀ।

ਬੈਂਕਾਕ

੧੯੭੦ ਵਿਚ ਛੇਵਾਂ ਏਸ਼ੀਆਡ ਵੀ ਬੈਂਕਾਕ ਵਿਚ ਹੀ ਹੋਇਆ। ਇਸ ਵਾਰ ੧੮ ਦੇਸ਼ਾਂ ਦੇ ੨ ਹਜ਼ਾਰ ਤੋਂ ਵਧ ਖਿਡਾਰੀਆਂ ਨੇ ੧੩ ਖੇਡਾਂ ਵਿਚ ਹਿਸਾ ਲਿਆ। ਇਥੇ ਹਿੰਦ ੬ ਸੋਨੇ, ੯ ਚਾਂਦੀ ਤੇ ੧੦ ਕਾਂਸੀ ਦੇ ਤਮਗੇ ਜਿਤ ਕੇ ਜਪਾਨ ਦਖਣੀ ਕੋਰੀਆ, ਥਾਈਲੈਂਡ ਤੇ ਈਰਾਨ ਤੋਂ ਬਾਅਦ ਪੰਜਵੇਂ ਨੰਬਰ ਤੇ ਆਇਆ।

ਜੋਗਿੰਦਰ ਸਿੰਘ ਨੇ ੧੭.੦੯ ਮੀਟਰ ਗੋਲਾਂ ਸੁਟਕੇ (ਨਵਾਂ ਰਿਕਾਰਡ), ਪ੍ਰਵੀਨ ਕੁਮਾਰ ਨੇ ੫੨.੩੨ ਮੀਟਰ ਚੱਕਾ ਸੁਟਕੇ (ਆਪਣਾ ਰਿਕਾਰਡ ਸੋਧਿਆ) ਸੋਨ ਤਮਗੇ ਜਿਤੇ। ਮਹਿੰਦਰ ਸਿੰਘ ਨੇ ਤੀਹਰੀ ਛਾਲ 'ਚ ੧੬.੧੧ ਮੀਟਰ ਦੇ ਨਵੇਂ ਰਿਕਾਰਡ ਨਾਲ ਸੋਨੇ ਤੇ ਲਾਭ ਸਿੰਘ ਨੇ ਚਾਂਦੀ ਦਾ ਤਗਮਾ ਜਿਤਿਆ।

ਸਭ ਤੋਂ ਅਹਿਮ ਪ੍ਰਾਪਤੀ ਚੰਡੀਗੜ੍ਹ ਦੀ ਕੰਵਲਜੀਤ ਸੰਧੂ ਵਲੋਂ ੪੦੦ ਮੀਟਰ 'ਚ ਸੋਨ ਤਗਮਾ ਜਿਤਣਾ ਸੀ। (ਸੰਸਾਰ ਚੈਂਪੀਅਨ ਤਾਈਵਾਨ ਦੀ ਚੀਚੇਂਗ ੧੫੦ ਮੀਟਰ ਤੇ ਡਿਗ ਪਈ ਸੀ)। ਐਡਵਰਡ ਸਕਵੀਰਾ ਨੇ ੫ ਹਜ਼ਾਰ ਮੀਟਰ 'ਚ, ਭੀਮ ਸਿੰਘ ਨੇ ਉਚੀ ਛਾਲ 'ਚ ੧੦੦ ਮੀਟਰ ਰਿਲੇ ਟੀਮ, ਤੇ ਗੁਰਮੇਜ ਸਿੰਘ ਨੇ ਸਟੀਪਲਚੇਜ਼ 'ਚ ਕਾਂਸੀ ਤੇ ਰਾਮ ਸਿੰਘ ਨੇ ੮੦੦ ਮੀਟਰ 'ਚ ਚਾਂਦੀ ਦੇ ਤਗਮੇ ਜਿਤੇ।

ਕੁਸ਼ਤੀ 'ਚ ੧੦੦ ਕਿਲੋਗਰਾਮ ਭਾਰ 'ਚ ਮਾਸਟਰ ਚੰਦਗੀ ਰਾਮ ਨੇ ਪਹਿਲੀ ਵਾਰ ਹਿੱਸਾ ਲੈਂਦਿਆਂ ਜਪਾਨ ਦੇ ਸ਼ਿਜੁਓਯਾਦਾ ਨੂੰ ਹਰਾਕੇ ਸੋਨ ਤਮਗਾ ਜਿਤਿਆ। ਜੀਤ ਸਿੰਘ ਨੇ ੯੦ ਕਿਲੋ 'ਚ ਚਾਂਦੀ ਤੇ ਓਮ ਪ੍ਰਕਾਸ਼, ਮੁਖਤਿਆਰ ਸਿੰਘ ਅਤੇ ਨੇਤ੍ਰਪਾਲ ਨੇ ਆਪਣੇ ਆਪਣੇ ਵਰਗ ਵਿਚ ਕਾਂਸੀ ਦੇ ਤਮਗੇ ਜਿਤੇ।

ਵਾਟਰ ਪੋਲੋ 'ਚ ਹਿੰਦ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ। ਮੁਕੇਬਾਜ਼ੀ 'ਚ ਹਵਾ ਸਿੰਘ ਨੇ ਹੈਵੀਵੇਟ 'ਚ ਸੋਨ ਤੇ ਮੁੰਨੂਸਵਾਮੀ ਨੇ ਫੀਦਰਵੇਟ 'ਚ ਚਾਂਦੀ ਦਾ ਤਮਗਾ ਜਿਤਿਆ। ਹਿੰਦ ਨੇ ਰੋਇੰਗ (ਚੱਪੂ ਕਿਸ਼ਤੀ ਦੌੜ) ਵਿਚ ਪਹਿਲੀ ਵਾਰ ਹਿੱਸਾ ਲੈਂਦਿਆਂ ਕਾਂਸੀ ਦਾ ਤਮਗਾ ਜਿਤਿਆ। ਬੈਡਮਿੰਟਨ, ਨਿਸ਼ਾਨੇਬਾਜ਼ੀ, ਸਾਈਕਲਿੰਗ ਤੇ ਤੈਰਾਕੀ ਵਿਚ ਕੋਈ ਤਮਗਾ ਨਹੀਂ ਮਿਲਿਆ। ਫੁਟਬਾਲ 'ਚ ਕਾਂਸੀ ਤੇ ਹਾਕੀ 'ਚ ਚਾਂਦੀ ਦਾ ਤਗਮਾ ਹੀ ਨਸੀਬ ਹੋਇਆ।

ਤਹਿਰਾਨ

ਸਤਵੇਂ ਏਸ਼ੀਆਡ ਵਿਚ ੧੬ ਮੁਕਾਬਲਿਆਂ ਲਈ ੨੫ ਦੇਸ਼ਾਂ ਦੇ ੩ ਹਜ਼ਾਰ ਤੋਂ ਵਧ ਖਿਡਾਰੀਆਂ ਨੇ ਹਿੱਸਾ ਲਿਆ। ਇਥੇ ਹਿੰਦ ਜਪਾਨ, ਈਰਾਨ, ਚੀਨ, ਦਖਣੀ ਕੋਰੀਆ, ਉਤਰੀ ਕੋਰੀਆ, ਇਜ਼ਰਾਈਲ ਤੋਂ ਬਾਅਦ ੪ ਸੋਨੇ, ੧੨ ਚਾਂਦੀ ਤੇ ੧੨ ਕਾਂਸੀ ਦੇ ਤਮਗੇ ਜਿਤਕੇ ਸਤਵੇਂ ਨੰਬਰ ਤੇ ਰਿਹਾ। ਜਪਾਨ ੭੫ ਸੋਨੇ, ੫੦ ਚਾਂਦੀ ਤੇ ੫੧ ਕਾਂਸੀ ਦੇ ਤਮਗੇ ਜਿਤਕੇ ਚੈਂਪੀਅਨ ਬਰਕਰਾਰ ਰਿਹਾ।

Sri Satguru Jagjit Singh Ji Elibrary NamdhariElibrary@gmail.com

ਇਸ ਵਾਰ ਹਾਕੀ 'ਚ ਚਾਂਦੀ ਤੇ ਬੈਡਮਿੰਟਨ 'ਚ ਕਾਂਸੀ ਦੇ ਤਮਗੇ ਨੂੰ ਛਡਕੇ ਹੋਰ ਕਿਸੇ ਗੇਮ ਵਿਚ ਕੋਈ ਤਮਗਾ ਨਹੀਂ ਮਿਲਿਆ। ਡਿਕੈਥਲੋਨ 'ਚ ਵਿਜੇ ਸਿੰਘ ਚੋਹਾਨ, ਲੰਮੀ ਛਾਲ 'ਚ ਸੀ. ਯੋਹਾਨਾਨ, ੮੦੦ ਮੀਟਰ 'ਚ ਸ੍ਰੀ ਰਾਮ ਸਿੰਘ, ੫ ਹਜ਼ਾਰ ਮੀਟਰ 'ਚ ਸ਼ਿਵਨਾਥ ਸਿੰਘ ਨੇ ਸੋਨੇ ਤੇ ਵਿਅਕਤੀਗਤ ਟਰੈਪ ਸ਼ੂਟਿੰਗ 'ਚ ਡਾ: ਕਰਣੀ ਸਿੰਘ, ੧੦ ਹਜ਼ਾਰ ਮੀਟਰ 'ਚ ਸ਼ਿਵਨਾਥ ਸਿੰਘ, ਹੈਮਰ ਥਰੋ 'ਚ ਨਿਰਮਲ ਸਿੰਘ, ਡਿਸਕਸ 'ਚ ਪ੍ਰਵੀਨ ਕੁਮਾਰ, ੩ ਹਜ਼ਾਰ ਸਟੀਪਲਚੇਜ਼ 'ਚ ਗੁਰਮੇਜ਼ ਸਿੰਘ, ਤੀਹਰੀ ਛਾਲ 'ਚ ਮਹਿੰਦਰ ਸਿੰਘ ਗਿਲ, ਗੋਲਾ ਸੁਟਣ 'ਚ ਬਹਾਦਰ ਸਿੰਘ, ਲਾਈਟ ਹੈਵੀਵੇਟ (ਮੁਕੇਬਾਜ਼ੀ) 'ਚ ਦਿਲ ਬਹਾਦਰ ਬੂਰਾ ਨੇ ਚਾਂਦੀ ਦੇ ਤਮਗੇ ਜਿਤੇ। ੪×੪੦੦ ਮੀਟਰ ਰਿਲੇ ਟੀਮ ਨੇ ਵੀ ਚਾਂਦੀ ਦਾ ਤਮਗਾ ਜਿਤਿਆ।

ਡਿਕੈਥਲੋਨ 'ਚ ਸੁਰੇਸ਼ ਬਾਬੂ, ਲੰਮੀ ਛਾਲ 'ਚ ਸਤੀਸ਼ ਪਿਲੱਈ, ੪੦੦ ਮੀਟਰ ਹਰਡਲਜ਼ 'ਚ ਲਹਿੰਬਰ ਸਿੰਘ, ਵਿਅਕਤੀਗਤ ਸਕੀਟ 'ਚ ਡਾ. ਕਰਣੀ ਸਿੰਘ, ਫਲਾਈਵੇਟ ਤੇ ਲਾਈਟਵੇਟ (ਮੁਕੇਬਾਜ਼ੀ) 'ਚ ਕ੍ਰਮਵਾਰ ਚੰਦਰਨਰਾਇਣ ਤੇ ਮੰਨੂੰਸਵਾਮੀ ਵੇਨੂ, ਕੁਸ਼ਤੀ—ਗ੍ਰੀਕੋਰੋਮਨ 'ਚ ਸੁਖਚੈਨ ਸਿੰਘ, ੫੨ ਕਿਲੋ ਫ੍ਰੀ ਸਟਾਈਲ 'ਚ ਸਤਬੀਰ ਸਿੰਘ, ੮੨ ਕਿਲੋ ਫ੍ਰੀ ਸਟਾਈਲ 'ਚ ਸਤਪਾਲ ਨੇ ਕਾਂਸੀ ਦੇ ਤਮਗੇ ਜਿਤੇ। ਜਗਰਾਜ ਸਿੰਘ ਨੇ ਗੋਲਾ ਸੁਟਣ 'ਚ ਕਾਂਸੀ ਦਾ ਤਮਗਾ ਜਿਤਿਆ।

ਬੈਂਕਾਕ

੧੯੭੮ 'ਚ ਅਠਵਾਂ ਏਸ਼ੀਆਡ ਮੁੜ ਬੈਂਕਾਕ 'ਚ ਹੋਇਆ। ਇਥੇ ੨੭ ਦੇਸ਼ਾਂ ਦੇ ੫ ਹਜ਼ਾਰ ਤੋਂ ਵਧ ਖਿਡਾਰੀਆਂ ਨੇ ਹਿੱਸਾ ਲਿਆ। ਜਪਾਨ ੭੦ ਸੋਨ ਤਮਗੇ ਜਿਤਕੇ ਫਿਰ ਪਹਿਲੇ ਨੰਬਰ ਤੇ ਰਿਹਾ, ਚੀਨ ੫੧ ਸੋਨ ਤਮਗੇ ਹਾਸਲ ਕਰਕੇ ਦੂਜੇ ਸਥਾਨ ਤੇ ਪਹੁੰਚ ਗਿਆ। ਹਿੰਦ ੧੧ ਸੋਨੇ ੧੧ ਚਾਂਦੀ ਤੇ ੭ ਕਾਂਸੀ ਦੇ ਤਮਗੇ ਹਾਸਲ ਕਰਕੇ ਦਖਣੀ ਕੋਰੀਆ, ਉਤਰੀ ਕੋਰੀਆ ਤੇ ਥਾਈਲੈਂਡ ਤੋਂ ਬਾਅਦ ਛੇਵੇਂ ਨੰਬਰ ਤੇ ਰਿਹਾ।

ਇਸ ਵਾਰ ਹਰੀ ਚੰਦ ਨੇ ੫ ਤੇ ੧੦ ਹਜ਼ਾਰ ਮੀਟਰ 'ਚ ਸੋਨ ਤਮਗੇ ਤੇ ਹਾਕਮ ਸਿੰਘ ਨੇ ੨੦ ਕਿਲੋਮੀਟਰ ਪੈਦਲ 'ਚ ੧ ਘੰਟੇ ੩੧ ਮਿੰਟ ਤੇ ੫੪.੯ ਸਕਿੰਟ ਦੇ ਨਵੇਂ ਰਿਕਾਰਡ ਨਾਲ ਸੋਨ ਤਮਗਾ ਜਿਤਿਆ। ਗੀਤਾ ਜੁਤਸ਼ੀ ਨੇ ੮੦੦ ਮੀਟਰ 'ਚ ਸੋਨ (ਦੂਜੀ ਭਾਰਤੀ ਇਸਤਰੀ) ਤੇ ੧੫੦੦ ਮੀਟਰ 'ਚ ਚਾਂਦੀ ਦਾ ਤਮਗਾ ਹਾਸਲ ਕੀਤਾ। ਸ੍ਰੀ ਰਾਮ ਸਿੰਘ ਨੇ ੮੦੦ ਮੀਟਰ 'ਚ ਤੇ ਸੁਰੇਸ਼ ਬਾਬੂ ਨੇ ੭.੮੫ ਮੀਟਰ ਦੀ ਰਿਕਾਰਡ ਲੰਮੀ ਛਾਲ ਮਾਰ ਕੇ ਸੋਨ ਤਮਗਾ ਜਿਤਿਆ।

ਬਹਾਦਰ ਸਿੰਘ ਨੇ ੧੭.੮੧ ਮੀਟਰ ਗੋਲਾ ਸੁਟਕੇ ਨਵੇਂ ਰਿਕਾਰਡ ਨਾਲ ਸੋਨ ਤਮਗਾ ਜਿਤਿਆ। ਰਾਮਾ ਸਵਾਮੀ ਨੇ ੧੦੦ ਮੀਟਰ 'ਚ ਤਾਂ ਕੋਈ ਤਮਗਾ ਨਹੀਂ ਪਰ ੨੦੦ ਮੀਟਰ 'ਚ ਸੋਨ ਤਮਗਾ ਜਿਤਿਆ। ਉਦੇ ਪ੍ਰਭੂ ਨੇ ੪੦੦ ਮੀਟਰ 'ਚ ਚਾਂਦੀ ਦਾ ਤਮਗਾ ਜਿਤਿਆ ਪਹਿਲਵਾਨਾਂ ਦਾ ਪ੍ਰਦਰਸ਼ਨ ਵੀ ਚੰਗਾ ਸੀ। ਰਾਜਿੰਦਰ ਸਿੰਘ ਨੇ ੭੪ ਕਿਲੋ ਤੇ ਕਰਤਾਰ ਸਿੰਘ ਨੇ ੯੦ ਕਿਲੋ 'ਚ ਸੋਨ ਤੇ ਸਤਪਾਲ ਨੇ ਚਾਂਦੀ ਦੇ ਤਮਗੇ ਜਿਤੇ।

ਨਿਸ਼ਾਨੇਬਾਜ਼ੀ 'ਚ ਟ੍ਰੈਪ ਸ਼ੂਟਿੰਗ 'ਚ ਰਣਧੀਰ ਸਿੰਘ ਨੇ ੨੦੦ ਵਿਚੋਂ ੧੮੮ ਨਿਸ਼ਾਨੇ ਲਾ ਕੇ ਸੋਨੇ ਦਾ ਤਮਗਾ ਜਿਤਿਆ। ਹਾਕੀ 'ਚ ਹਿੰਦ ਪਾਕਿਸਤਾਨ ਤੋਂ ਫਿਰ ਇਕ ਗੋਲ ਨਾਲ ਹਾਰ ਗਿਆ।

ਨਵੀਂ ਦਿੱਲੀ

ਨੌਵਾਂ ਏਸ਼ੀਆਡ, ਜਿਹੜਾ ੧੯ ਨਵੰਬਰ ਤੋਂ ੪ ਦਸੰਬਰ ਤੱਕ ਨਵੀਂ ਦਿਲੀ 'ਚ ਹੋਇਆ, ਵਿਚ ੨੧ ਖੇਡਾਂ ਦੇ ਵਖ ਵਖ ਮੁਕਾਬਲਿਆਂ ਵਿਚ ੩੩ ਦੇਸ਼ਾਂ ਦੇ ੫ ਹਜ਼ਾਰ ਤੋਂ ਵਧ ਖਿਡਾਰੀਆਂ ਨੇ ਹਿੱਸਾ ਲਿਆ। ਇਥੇ ਪਹਿਲੀ ਵਾਰ ਚੀਨ ਨੇ ਜਪਾਨ ਦੀ ਸਰਦਾਰੀ ਤੋੜੀ। ਭਾਵੇਂ ਚੀਨ ਨੇ ਜਪਾਨ ਦੇ ੧੫੪ ਦੇ ਮੁਕਾਬਲੇ ੧੫੧ ਤਮਗੇ ਜਿਤੇ ਪਰ ਸੋਨ ਤਮਗਿਆਂ ਵਿਚ ੪ ਵਧ ਹਾਸਲ ਕਰਕੇ ਉਹ ਚੈਂਪੀਅਨ ਬਣ ਗਿਆ। ਚੀਨ ਨੇ ੬੧ ਸੋਨੇ, ਜਦਕਿ ਜਪਾਨ ਨੇ ੫੭ ਸੋਨੇ, ਦੇ ਤਮਗੇ ਜਿਤੇ। ਹਿੰਦ ਦਖਣੀ ਕੋਰੀਆ (੯੦), ਉਤਰੀ ਕੋਰੀਆ (੫੨) ਤੋਂ ਬਾਅਦ ੧੩ ਸੋਨੇ, ੧੯ ਚਾਂਦੀ ਤੇ ੨੨ ਕਾਂਸੀ (ਕੁਲ ੫੪) ਦੇ ਤਮਗੇ ਜਿਤਕੇ ਪੰਜਵੇਂ ਸਥਾਨ ਤੇ ਰਿਹਾ। (ਉਤਰੀ ਕੋਰੀਆ ੧੬ ਸੋਨ ਤਮਗਿਆਂ ਕਰਕੇ ਚੌਥੇ ਸਥਾਨ ਤੇ ਰਿਹਾ) ਛੇਵੇਂ ਸਥਾਨ ਤੇ ਰਹਿਣ ਵਾਲੇ ਇੰਡੋਨੇਸ਼ੀਆ ਨੇ ਕੁਲ ੧੫ ਤਮਗੇ ਜਿਤੇ।

ਪਹਿਲੀ ਵਾਰ ਦਾਖਲ ਕੀਤੀਆਂ ਘੋੜ ਸਵਾਰੀ-ਖੇਡਾਂ ਵਿਚ ਹਿੰਦ ਦੇ ਰਘਬੀਰ ਸਿੰਘ, ਜੀ.ਐਮ. ਖਾਨ ਤੇ ਪ੍ਰਹਿਲਾਦ ਸਿੰਘ ਨੇ ਕ੍ਰਮਵਾਰ ਤਿੰਨੇ ਤਮਗੇ ਜਿਤੇ। ਟੀਮ ਨੂੰ ਚੈਂਪੀਅਨ

Sri Satguru Jagjit Singh Ji Elibrary NamdhariElibrary@gmail.com

ਵਜੋਂ ਵੀ ਸੋਨ ਤਮਗਾ ਮਿਲਿਆ। ਕਿੱਲਾ ਪੁਟਣ 'ਚ ਮੇਜਰ ਰੁਪਿੰਦਰ ਸਿੰਘ ਬਰਾੜ ਨੇ ਸੋਨ ਤਮਗਾ ਜਿਤਿਆ। ਇਕ ਚਾਂਦੀ ਦਾ ਤਮਗਾ ਟਰੈਪ ਸੂਟਿੰਗ ਟੀਮ ਨੇ ਜਿਤਿਆ।

ਪਹਿਲੀ ਵਾਰ ਸ਼ਾਮਲ ਕੀਤੀ ਗਈ ਗੌਲਫ ਵਿਚ ਲਛਮਣ ਸਿੰਘ ਨੇ ਸੋਨੇ ਤੇ ਰਾਜੀਵ ਮੋਹਤਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ। ਟੀਮ ਨੂੰ ਸੋਨ ਤਮਗਾ ਮਿਲਿਆ! ੨੦ ਕਿਲੋ ਮੀਟਰ ਵਿਚ ਚਾਂਦ ਰਾਮ ਨੇ ਸੋਨੇ ਸ਼ਾਟਪੁਟ 'ਚ ਬਹਾਦਰ ਸਿੰਘ ਨੇ ਸੋਨੇ ਤੇ ਬਲਵਿੰਦਰ ਸਿੰਘ ਨੇ ਕਾਂਸੀ ਦਾ ਤਮਗਾ ਜਿਤਿਆ। ਟਰੈਪ ਸੂਟਿੰਗ 'ਚ ਰਣਧੀਰ ਸਿੰਘ ਨੇ ਕਾਂਸੀ ਦਾ ਤਮਗਾ ਜਿਤਿਆ। ਚਪੂ ਕਿਸ਼ਤੀ ਦੌੜ 'ਚ ਇਕੋ ਇਕ ਕਾਂਸੀ ਦਾ ਤਮਗਾ ਮਿਲਿਆ। ਬਾਦਬਾਂ ਕਿਸ਼ਤੀ ਦੌੜ ਵਿਚ ਫਾਰੂਖ ਤੇ ਜ਼ੈੱਡ ਕਰੰਜੀਆ ਦੀ ਜੋੜੀ ਨੇ ਫਾਇਰਬਾਲ ਵਿਚ ਸੋਨ ਤਮਗਾ ਜਿਤਿਆ, ਇੰਟਰਪ੍ਰਾਈਜ਼ 'ਚ ਉਨਵਾਲਾ ਭਰਾਵਾਂ ਜੀਜੀ ਤੇ ਫਾਲੀ ਦੀ ਜੋੜੀ ਨੇ ਚਾਂਦੀ, ਓ. ਕੇ ਡਿੰਗੀ 'ਚ ਪ੍ਰਦੀਪ ਨੇ ਕਾਂਸੀ ਦਾ ਤਮਗਾ ਜਿਤਿਆ।

ਚਾਰਲਸ ਬਰੋਮੀਓ ਨੇ ੮੦੦ ਮੀਟਰ ਤੇ ਐਮ. ਡੀ. ਵਾਲਸੱਮਾ ਨੇ ੪੦੦ ਮੀਟਰ ਹਰਡਲਜ਼ ਵਿਚ ਸੋਨ ਤਮਗੇ ਜਿਤੇ ਜਦਕਿ ਗੀਤਾ ਜੁਤਸ਼ੀ ਨੇ ੮੦੦ ਤੇ ੧੫੦੦ ਮੀਟਰ ਵਿਚ, ਪੀ. ਟੀ. ਊਸ਼ਾ ਨੇ ੧੦੦ ਤੇ ੨੦੦ ਮੀਟਰ, ਗੋਪਾਲ ਸੈਣੀ ਨੇ ੩ ਹਜ਼ਾਰ ਮੀਟਰ ਸਟੀਪਲ ਚੇਜ਼, ਕੇ. ਕੇ ਪਰੇਮਚੰਦਰਨ ਨੇ ੪੦੦ ਮੀਟਰ, ਕੁਲਦੀਪ ਸਿੰਘ ਨੇ ਡਿਸਕਸ, ਮਰਸੀ ਮੈਥੀਊ ਨੇ ਲੰਮੀ ਛਾਲ, ਇਸਤਰੀਆਂ ਦੀ ੪੦੦ ਰਿਲੇ ਟੀਮ ਤੇ ਸ਼ਰਦ ਚੌਹਾਨ ਨੇ ਸੂਟਿੰਗ 'ਚ ਚਾਂਦੀ ਦੇ ਤਮਗੇ ਤੇ ਪਰਵੀਨ ਜੋਲੀ ਨੇ ੧੧੦ ਮੀਟਰ ਹਰਡਲਜ਼, ਗੁਰਤੇਜ ਸਿੰਘ ਨੇ ਜੈਵੇਲੀਅਨ ਥਰੋ, ਪਦਮਨੀ ਥੋਮਸ ਨੇ ਇਸਤਰੀਆਂ ਦੀ ੪੦੦ ਮੀਟਰ ਦੌੜ ਤੇ ਬਾਲਾਸੁਬਰਾਮਨੀਅਮ ਨੇ ਤੀਹਰੀ ਛਾਲ 'ਚ, ਰਾਜ ਕੁਮਾਰ ਨੇ ੧੫੦੦ ਮੀਟਰ ਤੇ ਸੀਤਾ ਰਾਮ ਨੇ ਮੈਰਾਥਨ ਵਿਚ ਕਾਂਸੀ ਦੇ ਤਮਗੇ ਜਿਤੇ। ਡਿਕੈਥਲੋਨ ਵਿਚ ਤਮਗੇ ਦੀ ਆਸ ਸਾਬਿਰ ਅਲੀ ਨੇ ਬਹੁਤ ਨਿਰਾਸ਼ ਕੀਤਾ।

ਕੁਸ਼ਤੀ ਵਿਚ ਸਤਪਾਲ ਨੇ ੧੦੦ ਕਿਲੋ ਭਾਰ 'ਚ ਸੋਨੇ, ਕਰਤਾਰ ਸਿੰਘ ਨੇ ੯੦ ਕਿਲੋ ਭਾਰ 'ਚ ਚਾਂਦੀ ਤੇ ਰਾਜਿੰਦਰ ਸਿੰਘ ਨੇ ੧੦੦ ਕਿਲੋ ਤੋਂ ਉਪਰ ਭਾਰ ਵਿਚ ਤੇ ਅਸ਼ੋਕ ਕੁਮਾਰ ਨੇ ੫੭ ਕਿਲੋ ਭਾਰ ਵਿਚ ਕਾਂਸੀ ਦੇ ਤਮਗੇ ਜਿੱਤੇ।

ਮੁੱਕੇਬਾਜ਼ੀ ਦੀ ੧੨ ਮੈਂਬਰੀ ਟੀਮ ਨੇ ੬ ਤਮਗੇ ਜਿਤੇ। ਕੌਰ ਸਿੰਘ ਨੇ ਹੈਵੀਵੇਟ 'ਚ ਸੋਨੇ, ਗੁਰਿਵਾਰ ਸਿੰਘ ਨੇ ਲਾਈਟ-ਹੈਵੀਵੇਟ ਤੇ ਰਾਜਿੰਦਰ ਪੁਨੇਦਾ ਨੇ ਮਿਡਲਵੇਟ 'ਚ ਚਾਂਦੀ ਅਤੇ ਸੀ. ਮਛਈਆ ਨੇ ਵਾਲਟਰਵੇਟ, ਮਲੂਕ ਸਿੰਘ ਨੇ ਮਿਡਲਵੇਟ ਤੇ ਜਸਲਾਲ ਪ੍ਰਧਾਨ ਨੇ ਲਾਈਟਵੇਟ 'ਚ ਕਾਂਸੀ ਦੇ ਤਮਗੇ ਜਿਤੇ।

ਵੇਟ ਲਿਫਟਿੰਗ 'ਚ ਸਿਰਫ ਜੀ. ਐਸ. ਚੀਮਾ ਤੇ ਤਾਰਾ ਸਿੰਘ ਹੀ ਕਾਂਸੀ ਦੇ ਤਮਗੇ ਜਿਤ ਸਕੇ। ਟੈਨਿਸ ਵਿਚ ਇਕੋ ਇਕ ਕਾਂਸੀ ਤਮਗਾ ਮਰਦਾਂ ਦੀ ਟੀਮ ਨੇ ਜਿਤਿਆ। ਵਾਟਰਪੋਲੋ ਟੀਮ ਨੇ ਵੀ ਕਾਂਸੀ ਦਾ ਹੀ ਤਮਗਾ ਜਿਤਿਆ। ਬੈਡਮਿੰਟਨ ਟੀਮ ਨੇ ਚੈਂਪੀਅਨਸ਼ਿਪ 'ਚ ਕਾਂਸੀ ਤੇ ਸਈਅਦ ਮੋਦੀ ਨੇ ਸਿੰਗਲਜ਼ 'ਚ, ਲਿਰਾਇ ਡੀਸਾ ਤੇ ਕੰਵਲ ਠਾਕੁਰ ਸਿੰਘ ਦੀ ਜੋੜੀ ਨੇ ਮਿਸ਼ਰਤ ਜੋੜੇ ਤੇ ਲਿਰਾਇ ਡੀਸਾ ਤੇ ਪ੍ਰਦੀਪ ਗਾਂਧੇ ਦੀ ਮਰਦ ਜੋੜੀ ਨੇ ਕਾਂਸੀ ਦੇ ਤਮਗੇ ਜਿਤੇ। ਇਸ ਤਰਾਂ ਬੈਡਮਿੰਟਨ 'ਚ ਕੁਲ ਚਾਰ ਕਾਂਸੀ ਦੇ ਤਮਗੇ ਮਿਲੇ।

ਹਾਕੀ ਵਿਚ ਜਿਥੇ ਲੜਕੀਆਂ ਨੇ ਸੋਨ ਤਮਗਾ ਜਿਤਿਆ ਉਥੇ ਮਰਦਾਂ ਦੀ ਟੀਮ ਨੇ ਪਾਕ ਹਥੋਂ ੭-੧ ਦੀ ਨਮੋਸ਼ੀ ਭਰੀ ਹਾਰ ਨਾਲ ਚਾਂਦੀ ਦਾ ਤਮਗਾ ਜਿਤਿਆ।

ਤੀਰਅੰਦਾਜ਼ੀ, ਬਾਸਕਟਬਾਲ, ਸਾਈਕਲਿੰਗ, ਫੁਟਬਾਲ ਹੈਂਡਬਾਲ, ਜਿਮਨਾਸਟਿਕਸ, ਟੇਬਲ ਟੈਨਿਸ ਤੇ ਵਾਲੀਬਾਲ ਵਿਚ ਕੁਝ ਹਥ ਨਹੀਂ ਲਗਾ।

ਇਸ ਵਾਰ ਐਥਲੈਟਿਕਸ ਵਿਚ ੨੭ ਰਿਕਾਰਡ ਟੁਟੇ ੧੬ ਮਰਦਾਂ ਤੇ ੧੧ ਇਸਤਰੀਆਂ ਦੇ ਵਰਗ ਵਿਚ। (੧੯੭੮ ਵਿਚ ੧੨ ਰਿਕਾਰਡ ਟੁਟੇ ਸੀ—੭ ਮਰਦਾਂ ਤੇ ੫ ਇਸਤਰੀਆਂ ਦੇ ਵਰਗ ਵਿਚ) ਐਤਕੀਂ ਹਿੰਦ ਦੇ ਬਹਾਦਰ ਸਿੰਘ ਨੇ ੧੮.੫੩ ਮੀਟਰ ਗੋਲਾ ਸੁਟਕੇ, ਚਾਂਦ ਰਾਮ ਨੇ ੨੦ ਕਿਲੋ ਮੀਟਰ ਪੈਦਲ ਇਕ ਘੰਟੇ ੨੯ ਮਿੰਟ ੨੯ ਸਕਿੰਟ ਵਿਚ ਤੈ ਕਰ ਕੇ, ਚਾਰਲਸ ਬਰੋਮੀਓ ਨੇ ੮੦੦ ਮੀਟਰ ਦੀ ਦੌੜ ੪੬.੮੧ ਸਕਿੰਟਾਂ ਵਿਚ ਪੂਰੀ ਕਰਕੇ ਨਵੇਂ ਰਿਕਾਰਡ ਕਾਇਮ ਕੀਤੇ। ਇਸਤਰੀਆਂ ਦੇ ਵਰਗ ਵਿਚ ਐਮ. ਡੀ ਵਾਲਸੱਮਾ ਨੇ ੪੦੦ ਮੀਟਰ ਹਰਡਲਜ਼ ੫੮.੪੭ ਸਕਿੰਟਾਂ ਵਿਚ ਪੂਰੀ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ। ●

Sri Satguru Jagjit Singh Ji Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

Manufacturers & Suppliers of :

TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.

Phones : Office : 258411
,, : 250345
Resi. : 213054

PLEASE CONTACT

Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE

"ਏਸ਼ੀਅਨ ਖੇਡਾਂ-ਅਣਗੌਲੇ ਪੱਖ"

—ਹਰਬੰਸ ਸਿੰਘ ਵਿਰਦੀ

ਇਸ ਨੂੰ ਅਸੀਂ ਇਕ ਬਦਕਿਸਮਤੀ ਵਾਲੀ ਗੱਲ ਕਹਿ ਸਕਦੇ ਹਾਂ ਕਿ ਜਿਥੇ ਖੇਡਾਂ ਦੇਸ਼ਾਂ ਵਿਚ ਮਿਤੱਰਤਾ ਜਾਂ ਫਿਰ ਸਦਭਾਵਨਾ ਆਦਿ ਪੈਦਾ ਕਰਨ ਵਿਚ ਸਹਾਈ ਹੋਣੀਆਂ ਚਾਹੀਦੀਆਂ ਹਨ, ਉਥੇ ਇਹ ਕ੍ਰਿਤਘਣ ਤੇ ਵੈਰ-ਭਾਵਨਾ ਆਦਿ ਨੂੰ ਵਧਾ ਰਹੀਆਂ ਹਨ।

ਵੈਸੇ ਤਾਂ ਇਕ ਨਿਯਮ ਮੁਤਾਬਕ ਕੌਮਾਂਤਰੀ ਮੁਕਾਬਲਿਆਂ, ਚਾਹੇ ਉਹ ਕਿਸੇ ਵੀ ਖੇਡ ਦੇ ਹੋਣ, ਵਿਚ ਸਿਵਾਏ ਖੇਡ ਭਾਵਨਾ ਦੇ ਕੋਈ ਹੋਰ ਪਹਿਲੂ ਨਹੀਂ ਹੋਣਾ ਚਾਹੀਦਾ, ਪਰ ਹੁੰਦਾ ਆਮ ਤੋਰ ਤੇ ਇਹ ਹੈ ਕਿ ਇਥ ਜ਼ਿਆਦਾ ਖੇਡ ਨਾਲੋਂ, ਰਾਜਨੀਤੀ ਖੁਲ੍ਹਕੇ ਸਾਹਮਣੇ ਆਉਂਦੀ ਹੈ। ਇਹੀ ਇਕ ਕਾਰਣ ਹੈ ਕਿ ਖੇਡਾਂ ਅਜ ਦੇ ਸਮਾਜ ਵਿਚ ਲੜਾਈ ਤੇ ਕੌਮਾਂਤਰੀ ਖਿਚਾਅ ਦਾ ਕਾਰਨ ਬਣ ਰਹੀਆਂ ਹਨ।

ਅਸੀਂ ਦੱਖਣੀ ਅਫਰੀਕਾ ਨਾਲ ਨਹੀਂ ਖੇਡਣਾ, ਚੀਨ ਨੇ ਤੈਵਾਨ ਦੇ ਹੁੰਦਿਆਂ ਨਹੀਂ ਖੇਡਣਾ, ਅਮਰੀਕਾ ਤੇ ਦੂਸਰੇ ਅਫਰੀਕੀ ਦੇਸ਼ਾਂ ਨੇ ਓਲੰਪਿਕ ਵਿਚ ਇਸ ਕਰਕੇ ਨਹੀਂ ਭਾਗ ਲੈਣਾ ਕਿਉਂਕਿ ਇਕ ਬੜੇ ਦੇਸ਼ ਨੇ ਇਕ ਹੋਰ ਦੇਸ਼ ਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਸੀ।

ਇਹ ਸਭ ਕੁਝ ਕੀ ਹੈ, ਕੀ ਇਹ ਸਿਰਫ ਰਾਜਨੀਤੀ ਨਹੀਂ? ਕੀ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਅਸੀਂ ਓਨਾ ਹੀ ਖੇਡਦੇ ਹਾਂ ਜਿੰਨਾ ਰਾਜਨੀਤੀ ਸਾਨੂੰ ਇਜਾਜ਼ਤ ਦਿੰਦੀ ਹੈ।

ਤੇ ਅਸੀਂ ਪਾਠਕਾਂ ਨੂੰ ਇਹ ਵੀ ਦਸਦੇ ਹਾਂ ਕਿ ਜੋ ਬਾਕੀ ਖੇਡ ਮੁਕਾਬਲਿਆਂ ਵਿਚ ਰਾਜਨੀਤੀ ਦਾ ਖੁਲ੍ਹਮ ਖੁੱਲ੍ਹਾ ਦਿਖਾਵਾ ਹੁੰਦਾ ਹੈ, ਤਾਂ ਸਾਡੀਆਂ ਨੌਵੀਆਂ ਏਸ਼ੀਅਨ ਖੇਡਾਂ ਵੀ ਇਸ ਪੱਖੋਂ ਸੱਖਣੀਆਂ ਨਹੀਂ ਰਹੀਆਂ।

ਇਥੇ ਵੀ ਜਿਸਨੂੰ ਵੀ ਮੌਕਾ ਮਿਲਿਆ, ਉਸਨੇ ਖੂਬ ਖੁਲ੍ਹਕੇ ਰਾਜਨੀਤਕ ਉਦੇਸ਼ਾਂ ਦਾ ਮੁਜ਼ਾਹਰਾ ਕੀਤਾ।

ਆਮ ਪਾਠਕ ਜਾਣਦੇ ਹੋਣਗੇ ਕਿ ਜਰਮਨੀ ਵਾਂਗੂੰ ਕੋਰੀਆ ਵੀ ਦੋ ਭਾਗਾਂ ਦਖਣੀ ਤੇ ਉੱਤਰੀ ਵਿਚ ਵੰਡਿਆ ਹੋਇਆ ਹੈ। ਇਹ ਦੋਵੇਂ ਦੇਸ਼ ਤੀਰ ਅੰਦਾਜ਼ੀ ਮੁਕਾਬਲਿਆਂ ਵਿਚ ਭਾਗ ਲੈ ਰਹੇ ਸਨ। ਹੋਇਆ ਇਹ ਕਿ ਇਸ ਵਿਚ ਦੱਖਣੀ ਕੋਰੀਆ ਦੀ ਟੀਮ ਪਹਿਲੇ ਨੰਬਰ ਤੇ ਆਈ ਪਰ ਉੱਤਰੀ ਕੋਰੀਆ ਦੀ ਟੀਮ ਤੀਸਰੇ ਨੰਬਰ ਤੇ ਰਹੀ। ਮੈਡਲ-ਸਮਾਰੋਹ ਵਿਚ ਇਹ ਹੁੰਦਾ ਹੈ ਕਿ ਪਹਿਲੇ ਨੰਬਰ ਤੇ ਰਹੇ ਦੇਸ਼ ਦਾ ਰਾਸ਼ਟਰੀ ਗਾਣਾ ਵਜਾਇਆ ਜਾਂਦਾ ਹੈ ਤੇ ਸਾਰੇ ਖਿਡਾਰੀ ਜਾਂ ਟੀਮਾਂ ਉਸ ਦੇਸ਼ ਦੇ ਝੰਡੇ ਵਲ ਮੂੰਹ ਕਰਕੇ ਖੜੀਆਂ ਰਹਿੰਦੀਆਂ ਹਨ, ਜਿੰਨਾ ਚਿਰ ਗਾਣਾ ਖਤਮ ਨਹੀਂ ਹੁੰਦਾ।

ਪਰ ਇਥੇ ਇਹ ਹੋਇਆ ਜਿਥੇ ਦੱਖਣੀ ਕੋਰੀਆ ਤੇ ਦੂਸਰੇ ਨੰਬਰ ਤੇ ਰਹੀ ਚੀਨ ਦੀਆਂ ਟੀਮਾਂ ਨੇ ਤਾਂ ਝੰਡੇ ਵਲ ਨੂੰ ਮੂੰਹ ਕਰ ਲਿਆ ਉਤਰੀ ਕੋਰੀਆ ਦੀ ਟੀਮ ਦੂਸਰੇ ਪਾਸੇ ਵਲ ਮੂੰਹ ਕਰਕੇ ਖੜੀ ਰਹੀ ਇਹ ਦਰਸਾਉਣ ਲਈ ਕਿ ਉਨ੍ਹਾਂ ਨੂੰ ਦੱਖਣੀ ਕੋਰੀਆ ਜਾਂ ਉਸਦੇ ਝੰਡੇ ਤੋਂ ਕੋਈ ਲੈਣਾ ਦੇਣਾ ਨਹੀਂ।

ਇਸੇ ਤਰ੍ਹਾਂ ਇਹ ਦੋਵੇਂ ਦੇਸ਼ ਇਕ ਹੋਰ ਥਾਂ ਉਲਝ ਪਏ। ਆਮ ਤੌਰ ਤੇ ਜ਼ਿਆਦਾ ਤੌਰ ਵਿਦੇਸ਼ੀ ਪੱਤਰਕਾਰ ਨਵੇਂ ਬਣੇ ਯਾਤਰੀ ਨਿਵਾਸ ਹੋਟਲ ਵਿਚ ਠਹਿਰੇ ਹੋਏ ਸਨ। ਇਥੇ ਹੀ ਉਤਰੀ ਤੇ ਦਖਣੀ ਕੋਰੀਆ ਦੇ ਪੱਤਰਕਾਰ ਵੀ ਸਨ। ਹੋਇਆ ਇਸ ਤਰਾਂ ਕਿ ਦਖਣੀ ਕੋਰੀਆ ਵਾਲਿਆਂ ਨੇ ਇਕ ਕਾਊਂਟਰ ਬਣਾਇਆ ਜਿਥੋਂ ਉਨ੍ਹਾਂ ੧੯੮੬ ਵਿਚ ਸਿਓਲ ਵਿਚ ਕਰਾਈਆਂ ਜਾਣ ਵਾਲੀਆਂ ੧੦ਵੀਆਂ ਏਸ਼ੀਅਨ ਖੇਡਾਂ ਦਾ ਪਰਚਾਰ ਸਾਹਿਤ ਦੇਣਾ ਸ਼ੁਰੂ ਕਰ ਦਿੱਤਾ। ਉਤਰੀ ਕੋਰੀਆ ਵਾਲਿਆਂ ਨੇ ਇਸ ਤੇ ਇਤਰਾਜ਼ ਕੀਤਾ ਤੇ ਭਾਰਤੀ ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਜਿਨ੍ਹਾਂ ਨੇ ਕਹਿ ਕਹਾਕੇ ਗੱਲ ਨੂੰ ਰਫਾ ਦਫਾ ਕੀਤਾ।

ਇਸੇ ਤਰਾਂ ਜਦੋਂ ਏਸ਼ੀਅਨ ਖੇਡਾਂ ਦੀ ਮਾਰਚ ਪਾਸਟ ਹੋਣੀ ਸੀ ਉਦੋਂ ਹਰ ਦੇਸ਼ ਦਾ "ਸ਼ਾਈਨ-ਬੋਰਡ" ਇਕ ਭਾਰਤੀ ਕੁੜੀ ਨੇ ਚੁੱਕ ਕੇ ਅਗੇ ਅਗੇ ਤੁਰਨਾ ਸੀ, ਮਗਰ ਈਰਾਨੀਆਂ ਨੇ ਇਸ ਤੇ ਇਤਰਾਜ਼ ਕੀਤਾ ਤੇ ਕਿਹਾ ਕਿ ਉਹ ਕਿਸੇ ਦੇ ਮਗਰ ਲਗਣ ਨੂੰ ਤਿਆਰ ਨਹੀਂ ਹਨ।

ਇਸੇ ਤਰਾਂ ਜਦੋਂ "ਸਮਾਪਤੀ-ਮਾਰਚ ਪਾਸਟ ਹੋ" ਰਿਹਾ ਸੀ ਤਾਂ ਈਰਾਨ ਦੇ ਖਿਡਾਰੀ ਅਗੇ ਅਗੇ ਇਕ ਬੈਨਰ ਚੁੱਕੀ ਜਾ ਰਹੇ ਸਨ। ਜਿਥੇ ਇਹ ਲਿਖਿਆ ਸੀ ਕਿ "ਦਸੋ ਕਿਉ ੬੫ ਈਰਾਨੀ ਬਗਲੋਰ ਜੇਲ ਵਿਚ ਕੈਦ ਹਨ?"

ਉਹ ਇਹ ਬੈਨਰ ਵਾਰ ਵਾਰ ਉਸ ਰੌਇਲ-ਬਾਕਸ ਦੇ ਸਾਹਮਣੇ ਕਰ ਰਹੇ ਸਨ ਜਿਥੇ ਪ੍ਰਧਾਨ ਮੰਤਰੀ ਰਾਸ਼ਟਰੀ-ਪਤੀ, ਉਪ ਰਾਸ਼ਟਰੀਪਤੀ ਆਦਿ ਬੈਠੇ ਸਨ।

ਸਾਨੂੰ ਨਹੀਂ ਪਤਾ ਇਨ੍ਹਾਂ ਰਾਜਨੀਤਿਕ ਵਿਖਾਵਿਆਂ ਨਾਲ ਕੋਈ ਮੁਸ਼ਕਲ ਹਲ ਵੀ ਹੁੰਦੀ ਹੋਵੇਗੀ ਕਿ ਨਹੀਂ ਪਰ ਇਕ ਗੱਲ ਜ਼ਰੂਰ ਹੈ ਕਿ ਇਹ ਰਾਜਨੀਤਿਕ ਢੋਂਗ ਖੇਡਾਂ ਦਾ ਹੀ ਇਕ ਪਹਿਲੂ ਬਣਦੇ ਜਾ ਰਹੇ ਹਨ। ★

Sri Satguru Jagjit Singh Ji Elibrary NamdhariElibrary@gmail.com

ਸੰਤ ਵਿਨੋਬਾ ਚਲੇ ਗਏ

ਭੈਣੀ ਸਾਹਿਬ ਦੀਵਾਲੀ ਦੇ ਸਮਾਗਮ ਦੇ ਸਬੰਧ ਵਿਚ ਦੀਵਾਨ ਲਗੇ ਹੋਏ ਸਨ ਜਦੋਂ ਆਚਾਰੀਆ ਵਿਨੋਬਾ ਭਾਵੇ ਜੀ ਦੇ ਸਰੀਰ ਤਿਆਗ ਕਰਕੇ ਬ੍ਰਹਮ ਵਿਚ ਲੀਨ ਹੋ ਜਾਣ ਦੀ ਖਬਰ ਸੁਣੀ। ਵਿਨੋਬਾ ਜੀ ਨੇ ਅੰਤ ਵਿਚ ਆਪਣੇ

ਸਰੀਰ ਨੂੰ ਸ਼ਾਂਤ ਕਰ ਲਿਆ। ਅਜੇ ਪਿਛਲੇ ਹੀ ਸਾਲ ਇਹਨਾਂ ਦਿਨਾਂ ਵਿਚ ਅਸੀਂ ਇਸ ਤਪਸਵੀ ਸੰਤ ਜੀ ਦੇ ਦਰਸ਼ਨ ਇਹਨਾਂ ਦੇ ਪੌਨਾਰ ਆਸ਼ਰਮ ਵਿਚ ਜਾ ਕੇ ਕੀਤੇ ਸਨ।

ਵਿਨੋਬਾ ਜੀ ਕਰਮਜੋਗੀ, ਬਹੁਤ ਵਿਦਵਾਨ, ਕਈ ਭਾਸ਼ਾਵਾਂ ਦੇ ਜਾਣੂ, ਭੂ ਦਾਨ ਤਹਿਰੀਕ ਦੇ ਸੰਚਾਲਕ ਅਤੇ ਮਹਾਤਮਾ ਗਾਂਧੀ ਜੀ ਦੇ ਰੂਹਾਨੀ ਜਾਨਸ਼ੀਨ ਸਨ। ਆਪ ਨੇ ਗੀਤਾ ਦਾ ਮਰਾਠੀ ਵਿਚ ਸਮ ਸ਼ਲੋਕੀ ਅਨੁਵਾਦ ਕੀਤਾ। ਗੀਤਾ ਪ੍ਰਵਚਨ ਆਪ ਦੀ ਇਕ ਪ੍ਰਸਿਧ ਪੁਸਤਕ ਹੈ। ਇਸ ਗ੍ਰੰਥ ਦੇ ਨਾਲ ਨਾਲ ਆਪ ਦੀਆਂ ਹੋਰ ਵੀ ਅਨੇਕਾਂ ਪੁਸਤਕਾਂ ਭਾਰਤੀ ਅਤੇ ਵਿਦੇਸ਼ੀ ਬੋਲੀਆਂ ਵਿਚ ਅਨੁਵਾਦ ਹੋਈਆਂ। ਮਹਾਰਾਸ਼ਟਰ ਵਿਚ ਵਰਧਾ ਸ਼ਹਿਰ ਦੇ ਲਾਗੇ ਧਾਮਨਦੀ ਦੇ ਕੰਢੇ ਵਸਿਆ ਪੌਨਾਰ ਆਸ਼ਰਮ ਇਕ ਸ਼ਾਂਤ ਅਤੇ ਸੁਖਦਾਈ ਆਸ਼ਰਮ ਆਪ ਦੀ ਯਾਦ ਸਾਂਭੀ ਬੈਠਾ ਹੈ।

ਵਿਨੋਬਾ ਜੀ ਦਾ ਜਨਮ ੧੧ ਸਤੰਬਰ ੧੮੯੫ ਨੂੰ ਮਹਾਰਾਸ਼ਟਰ ਦੇ ਜ਼ਿਲੇ ਰਾਇਗੜ੍ਹ ਦੇ ਪਿੰਡ ਗਨੋਡਾ ਵਿਚ ਹੋਇਆ। ਗਿਆਰਾਂ ਸਾਲ ਦੀ ਉਮਰ ਵਿਚ ਹੀ ਆਪ ਨੇ ਬ੍ਰਹਮਚਾਰੀ ਰਹਿਣ ਦਾ ਪ੍ਰਣ ਲਿਆ ਅਤੇ ਆਪਣਾ ਜੀਵਨ ਦੇਸ਼ ਦੇ ਸਮਰਪਤ ਕਰ ਦਿਤਾ। ੧੯ ਸਾਲਾਂ ਦੀ ਉਮਰ ਵਿਚ ਉਹਨਾ ਮਹਾਤਮਾ ਗਾਂਧੀ ਜੀ ਦੇ ਸਾਬਰਮਤੀ ਆਸ਼ਰਮ ਵਿਚ ਆਏ ਅਤੇ ਮਹਾਤਮਾ ਜੀ ਦੇ ਵਰਧਾ ਆਸ਼ਰਮ ਦੇ ਉਹ ਮੁਖ ਪਰਬੰਧਕ ਰਹੇ। ਬਾਅਦ ਵਿਚ ਪੌਨਾਰ ਵਿਚ ਉਹਨਾਂ ਆਪਣਾ ਆਸ਼ਰਮ ਸਥਾਪਤ ਕੀਤਾ।

੧੯੪੦ ਦੇ ਸਤਿਆ ਗ੍ਰਹਿ ਵੇਲੇ ਗਾਂਧੀ ਜੀ ਨੇ ਉਹਨਾ ਨੂੰ ਪਹਿਲਾ ਸਤਿਆ ਗ੍ਰਾਹੀ ਨਿਯੁਕਤ ਕੀਤਾ ਅਤੇ ਆਪਣੇ ਜੀਵਨ ਵਿਚ ਉਹ ਕਈ ਵਾਰ ਜੇਲ੍ਹ ਗਏ।

ਆਜ਼ਾਦੀ ਬਾਅਦ ਉਹਨਾਂ ਨੇ ਭੂਦਾਨ ਲਹਿਰ ਚਲਾਈ ਅਤੇ ਬੜੇ ਬੜੇ ਜ਼ਿਮੀਦਾਰਾਂ ਕੋਲੋਂ ਜ਼ਮੀਨ ਦਾਨ ਵਿਚ ਲੈ ਕੇ ਗਰੀਬਾਂ ਅਤੇ ਹਰੀਜਨਾਂ ਨੂੰ ਵੰਡੀ। ਇਸ ਕੰਮ ਵਾਸਤੇ ਉਹਨਾਂ ਸਾਰੇ ਦੇਸ਼ ਵਿਚ ਹਜ਼ਾਰਾਂ ਮੀਲ ਦਾ ਸਫਰ ਪੈਦਲ ਕੀਤਾ।

ਪਿਛਲੇ ਸਮੇਂ ਉਹਨਾਂ ਨੇ ਭਾਰਤ ਵਿਚੋਂ ਸੰਪੂਰਨ ਗਊ ਹਤਿਆ ਬੰਦ ਕਰਾਉਣ ਵਾਸਤੇ ਵਰਤ ਵੀ ਰਖਿਆ ਅਤੇ ਅੰਦੋਲਣ ਵੀ ਕੀਤਾ। ਪਰ ਉਹਨਾਂ ਦਾ ਇਹ ਪ੍ਰੋਗਰਾਮ ਅਜ ਤਕ ਅਧੂਰਾ ਹੈ। ਉਹਨਾਂ ਲੋਕ ਕਲਿਆਣ ਲਈ ਸਰਵ ਸੇਵਾ ਸੰਘ ਦੀ ਸਥਾਪਨਾ ਵੀ ਕੀਤੀ।

ਨਾਮਧਾਰੀ ਦਰਬਾਰ ਨੇ ਇਕ ਤਾਰ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਇਕ ਹਮਦਰਦੀ ਦਾ ਸੰਦੇਸ਼ ਪੌਨਾਰ ਆਸ਼ਰਮ ਦੇ ਸ੍ਰੀ ਰਾਮ ਕ੍ਰਿਸ਼ਨ ਬਜਾਜ ਦੇ ਨਾਮ ਭੇਜਿਆ।

ਇਸ ਵਿਦਵਾਨ ਸੰਤ ਫਿਲਾਸਫਰ, ਸੁਤੰਤਰਤਾ ਸੈਨਾਨੀ ਅਤੇ ਇਕ ਮਾਰਗ ਦਰਸ਼ਕ ਦੇ ਨਿਧਨ ਤੇ ਵਰਿਆਮ ਅਦਾਰਾ ਵੀ ਦੇਸ਼ ਦੇ ਗਮ ਵਿਚ ਸ਼ਰੀਕ ਹੁੰਦਾ ਹੈ।

—ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਨੌਵੀਆਂ ਏਸ਼ੀਅਨ ਖੇਡਾਂ 1982

ਵੱਖ ਵੱਖ ਦੇਸ਼ਾਂ ਵਲੋਂ ਭਿੰਨ ਭਿੰਨ ਖੇਡਾਂ ਵਿਚ ਜਿਤੇ

	ਤੀਰ ਅੰਦਾਜ਼ੀ	ਅਥਲੈਟਿਕਸ	ਬੈਡਮਿੰਟਨ	ਬਾਸਕਿਟ ਬਾਲ	ਮੁੱਕੇਬਾਜ਼ੀ	ਸਾਈਕਲਿੰਗ	ਘੋੜਿਆਂ ਦੀਆਂ ਖੇਡਾਂ	ਫੁਟਬਾਲ	ਜਿਮਨਾਸਟਿਕ	ਗਾਲਫ
ਚੀਨ	0-0-2	12-11-11	4-2-3	1-1-0	—	0-0-1	—	—	12-9-3	—
ਜਾਪਾਨ	1-0-1	15-12-10	0-1-2	0-0-2	0-0-3	5-3-0	0-1-0	—	2-4-3	0-0-2
ਦੱਖਣੀ ਕੋਰੀਆ	2-1-0	3- 3- 4	1-1-4	1-1-0	7-2-3	2-3-1	—	—	0-0-2	0-1-0
ਉੱਤਰੀ ਕੋਰੀਆ	1-2-1	3- 1- 2	—	—	3-1-3	—	—	—	3-4-1	—
ਭਾਰਤ	—	4- 9- 8	0-0-5	—	1-2-3	—	3-1-1	—	—	2-1-0
ਇੰਡੋਨੇਸ਼ੀਆ	0-1-0	—	2-3-0	—	—	—	—	—	0-0-1	—
ਈਰਾਨ	—	—	—	—	—	0-0-2	—	—	—	—
ਪਾਕਿਸਤਾਨ	—	—	—	—	0-2-5	—	0-1-0	—	—	—
ਮੰਗੋਲੀਆ	—	—	—	—	0-0-1	—	—	—	—	—
ਫਿਲਪੀਨਜ਼	—	1-0-1	—	—	0-1-2	0-0-3	0-0-1	—	—	—
ਇਰਾਕ	—	1-1-1	—	—	0-1-1	—	0-0-1	1-0-0	—	—
ਥਾਈਲੈਂਡ	—	0-2-1	—	—	1-2-0	—	—	—	—	—
ਕੁਵੈਤ	—	0-1-0	—	—	0-0-2	—	1-1-1	0-1-0	—	—
ਮਲਾਇਸ਼ੀਆ	—	1-0-1	—	—	—	—	—	—	—	—
ਸਿੰਘਾਪੁਰ	—	—	—	—	—	—	—	—	—	—
ਸੀਰੀਆ	—	—	—	—	0-1-1	—	—	—	—	—
ਲੈਬਨਾਨ	—	—	—	—	—	—	—	—	—	—
ਅਫਗਾਨਿਸਤਾਨ	—	—	—	—	—	—	—	—	—	—
ਹਾਂਗਕਾਂਗ	—	—	—	—	—	—	—	—	—	—
ਵੀਤਨਾਮ	—	—	—	—	—	—	—	—	—	—
ਬਹਿਰੀਨ	—	0-0-1	—	—	—	—	—	—	—	—
ਕਤਾਰ	—	0-0-1	—	—	—	—	—	—	—	—
ਸਾਊਦੀਅਰਬ	—	—	—	—	—	—	—	0-0-1	—	—

ਗਰਿਆਮ/੪੨

Sri Satguru Jagjit Singh Ji Elibrary NamdhariElibrary@gmail.com

ਦਿੱਲੀ ਦੀ ਪਦਕ ਤਾਲਿਕਾ

ਕਰਮਵਾਰ ਸੋਨਾ, ਚਾਂਦੀ ਅਤੇ ਕਾਂਸੀ ਮੈਡਲਾਂ ਦਾ ਵੇਰਵਾ

ਹੈਂਡਬਾਲ	ਹਾਕੀ	ਕਿਸ਼ਤੀ ਦੌੜ	ਨਿਸ਼ਾਨ ਬਾਜ਼ੀ	ਤੈਰਾਕੀ	ਟੇਬਲ ਟੈਨਿਸ	ਲਾਨ ਟੈਨਿਸ	ਵਾਲੀਬਾਲ	ਭਾਰ ਤੋਲਣਾ	ਕੁਸ਼ਤੀ	ਬਾਦਬਾਨੀ ਕਿਸ਼ਤੀ ਮੁਕਾਬਲੇ	ਕੁਲ ਜੋੜ
1-0-0	—	4-0-0	8-7-4	9-14-9	6-3-2	0-1-3	1-1-0	4-2-3	—	—	61-51-41
0-1-0	—	0-3-0	3-4-6	21-13-10	1-2-4	1-2-1	1-1-0	2-2-0	4-1-1	1-2-1	57-52-44
0-0-1	0-1-0	0-0-1	3-3-4	3- 4- 5	0-2-3	4-3-0	0-1-2	2-0-1	0-2-3	—	28-28-37
—	—	0-1-0	7-4-3	0- 2- 0	0-0-5	—	—	0-3-2	0-1-2	—	17-19-20
—	1-1-0	0-0-1	0-2-1	0- 0- 1	—	0-1-0	—	0-0-2	1-1-2	1-1-1	13-19-25
—	—	—	—	0- 0- 5	—	2-0-0	—	—	0-0-1	—	4 - 4- 7
—	—	—	—	—	—	—	—	1-2-0	3-2-2	—	4 - 4- 4
—	1-0-0	—	—	—	—	—	—	—	—	2-0-0	3 - 3- 5
—	—	—	1-1-0	—	—	—	—	—	2-1-0	—	3 - 3- 1
—	—	—	0-0-1	1-1-0	—	—	—	—	—	0-1-1	2 - 3- 9
—	—	—	—	—	—	—	—	0-0-1	0-1-0	—	2 - 3- 4
—	—	—	0-1-2	—	—	—	—	—	—	0-0-1	1 - 5- 4
—	—	—	—	—	—	—	—	—	—	—	1 - 3- 3
—	0-0-2	—	—	—	—	—	—	—	—	—	1 - 0- 3
—	—	—	—	1-0-2	—	—	—	—	—	—	1 - 0- 2
—	—	—	—	—	—	—	—	1-0-0	—	—	1 - 1- 1
—	—	—	—	|	—	—	—	0-1-0	—	—	0 - 1- 0
—	—	—	—	—	—	—	—	—	0-1-0	—	0 - 1- 0
—	—	—	—	—	—	—	—	—	—	0-0-1	0 - 0- 1
—	—	—	0-0-1	—	—	—	—	—	—	—	0 - 0- 1
—	—	—	—	—	—	—	—	—	—	—	0 - 0- 1
—	—	—	—	—	—	—	—	—	—	—	0 - 0- 1
—	—	—	—	—	—	—	—	—	—	—	0 - 0- 1

Sri Satguru Jagjit Singh Ji Elibrary NamdhariElibrary@gmail.com

ਇੰਦਰਾ, ਕਾਂਗਰਸ, ਖੱਬੀਆਂ ਸੱਜੀਆਂ ਸ਼ਕਤੀਆਂ ਅਤੇ ਦੇਸ਼ ਦਾ ਭਵਿੱਖ

ਡਾ: ਰੋਸਤੀਸਲਾਵ ਓਲੀਆਨੋਵਸਕੀ

ਡਾਕਟਰ ਰੋਸਤੀਸਲਾਵ ਉਲੀਆ ਨੋਵਸਕੀ ਸਿਰਮੌਰ ਸੋਵੀਅਤ ਹਿੰਦ ਵਿਗਿਆਨੀ ਹਨ। ਉਹਨਾਂ ਨੂੰ ਕੌਮੀ ਆਜ਼ਾਦੀ ਲਹਿਰਾਂ, ਨਵ ਆਜ਼ਾਦ ਦੇਸ਼ਾਂ ਦੀਆਂ ਪ੍ਰਸਥਿਤੀਆਂ ਅਤੇ ਸਮੱਸਿਆਵਾਂ ਉਤ ਅਥਾ-ਰਟੀ ਮੰਨਿਆ ਜਾਂਦਾ ਹੈ। ਉਹਨਾਂ ਨੇ ਭਾਰਤ ਦੀ ਸਿਆਸਤ, ਇਥੋਂ ਦੇ ਨਿਜ਼ਾਮ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਬਾਰੇ ਇਕ ਅਹਿਮ ਲੇਖ ਲਿਖਿਆ ਹੈ। ਇਸ ਲੇਖ ਤੇ ਸਾਡੇ ਬੁਧੀਜੀਵੀਆਂ ਵਿਚ ਤਿੱਖੀ ਚਰਚਾ ਛਿੜ ਪਈ ਹੈ। ਅਗਲੇ ਦਿਨਾਂ ਵਿਚ ਇਸ ਚਰਚਾ ਦੇ ਚੋਖਾ ਭੱਖ ਉਠਣ ਦੀ ਸੰਭਾਵਨਾ ਹੈ। ਇਸ ਲੇਖ ਦਾ ਅੰਤਲਾ ਹਿੱਸਾ, ਜੋਕਿ ਸਾਰੇ ਹੀ ਭਾਰਤੀਆਂ ਦੀ ਡੂੰਘੀ ਦਿਲਚਸਪੀ ਲੋੜਦਾ ਹੈ, ਹੇਠਾਂ ਦੇ ਰਹੇ ਹਾਂ।

[ਸੰਪਾਦਕ]

ਇਹ ਗਲ ਨਿਰਵਿਵਾਦ ਹੈ ਕਿ ਭਾਰਤ ਵਿਚ ਸਜ ਪਿਛਾਖੜੀ ਤਾਕਤਾਂ ਕੌਮੀ ਪਧਰ ਉੱਤੇ ਕਾਂਗਰਸ ਦਾ ਇਕ ਖਤਰਨਾਕ ਬਦਲ ਪੇਸ਼ ਕਰਦੀਆਂ ਹਨ। ਇਹ ਇਸ ਦੇ ਸਿਆਸੀ ਦਿਸਹਦਿਆਂ ਤੇ ਮੰਡਲਾ ਰਿਹਾ ਮੁਖ ਖਤਰਾ ਹੈ। ਇਸ ਵਿਰੁਧ ਸੰਘਰਸ਼, ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਹੇਠਲੀ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਇਕ ਵਿਸ਼ਾਲ ਸੰਗਠਣ ਦਾ ਰੂਪ ਦੇ ਰਿਹਾ ਹੈ। ਇਹ ਸੰਗਠਨ ਮੁਕਾਬਲਤਨ ਇਤਿਹਾਸਕ ਪ੍ਰਗਤੀਸ਼ੀਲਤਾ ਦਾ ਧਾਰਣੀ ਹੈ। ਜਿਸਨੂੰ ਉਹ ਆਪਣੀ ਲੋਕ ਪ੍ਰੀਯਤਾ ਅਤੇ ਹੱਕੀ ਅਧਿਕਾਰਤਾ ਨੂੰ ਮਜ਼ਬੂਤ ਬਣਾਉਣ ਲਈ ਵਰਤਦਾ ਹੈ।

ਸਿਆਸੀ ਸੰਘਰਸ਼ ਵਿਚ ਲੀਡਰ ਹਮੇਸ਼ਾ ਹੀ ਇਕ ਵਡਾ ਰੋਲ ਅਦਾ ਕਰਦੇ ਹਨ ਅਤੇ ਭਾਰਤ ਜੋ ਇਕ ਕਲਾਸੀ-ਕਲ ਪੂਰਬੀ ਦੇਸ਼ ਹੈ, ਵਿਚ ਉਹਨਾਂ ਦੀ ਖਾਸ ਮਹੱਤਤਾ ਹੈ ਕਿਉਂਕਿ ਲੀਡਰ ਜਨਤਕ ਚੇਤਨਤਾ, ਸਥਿਰ ਜਨਤਕ ਪ੍ਰਵਿਰਤੀ, ਨਿਜੀ ਵਿਸ਼ਵਾਸ ਅਤੇ ਇਥੋਂ ਤਕ ਕੇ ਸ਼ਰਧਾ ਦੇ ਵੀ ਪ੍ਰਤੀਕ ਹੁੰਦੇ ਹਨ। ਇਥੇ ਆਮ ਵੋਟਰਾਂ ਦੀਆਂ ਨਜ਼ਰਾਂ ਵਿਚ ਸਭ ਤੋਂ ਵੱਧ ਅਗਾਂ ਵਧੂ ਸਿਆਸੀ ਰੁਖ ਵੀ ਕਾਇਮ ਨਹੀਂ ਰਹਿ ਸਕਦਾ, ਜੇਕਰ ਇਹ ਇਕ ਖਾਸ ਸ਼ਖਸੀਅਤ ਨਾਲ ਨਾ ਜੁੜਿਆ ਹੋਵੇ। ਭਾਰਤ ਦੀ ਆਜ਼ਾਦੀ ਦੇ ਪੈਂਤੀ ਸਾਲਾਂ ਦੌਰਾਨ ਵਿਰੋਧੀ ਧਿਰ ਦਾ ਕੋਈ ਵੀ ਪ੍ਰਤੀਨਿਧ ਕੌਮੀ ਮਹੱਤਤਾ ਵਾਲੀ ਵੱਡੀ ਸ਼ਖਸ਼ੀਅਤ ਨਹੀਂ ਬਣਿਆ।

ਇੰਡੀਅਨ ਨੈਸ਼ਨਲ ਕਾਂਗਰਸ ਦੀ ਗਲ ਵਖਰੀ ਹੈ। ਚੋਖੀ ਹੱਦ ਤਕ ਇਸ ਦਾ ਵਿਕਾਰ ਇਸ ਹਕੀਕਤ ਦੁਆਰਾ ਨਿਰਧਾਰਤ ਹੁੰਦਾ ਹੈ ਕਿ ਇਹ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਦੀ ਪਾਰਟੀ ਹੈ। ਹਣ ਤਕ ਕਾਂਗਰਸ ਇਕ ਲੀਡਰ ਦੁਆਲੇ ਘੁੰਮਦੀ ਚਲੀ ਆਈ ਹੈ। ਇਹ ਗਲ ਹੈ ਵੀ ਬੜੀ ਸਪਸ਼ਟ, ਕਿਉਂਕਿ ਬੀਤੇ ਕੁਝ ਸਾਲਾਂ ਦੀਆਂ ਸਾਰੀਆਂ ਚੁਣੋਤਾਂ ਦੌਰਾਨ ਭਾਰਤੀ ਵੋਟਰਾਂ ਦੀ ਭਾਰੀ ਬਹੁ ਗਿਣਤੀ ਨੇ ਆਪਣੀ ਹਮਾਇਤ ਉਨ੍ਹਾਂ ਨੂੰ ਦਿਤੀ ਜਿਹੜੇ ਇੰਦਰਾ ਗਾਂਧੀ ਮਗਰ ਸਨ। ਇਸਤਰ੍ਹਾਂ ਵੋਟਰਾਂ ਨੇ ਆਪਣੇ ਉਸ ਸਮਰਥਨ ਦਾ ਭਰਪੂਰ ਹਿਸਾ ਇਹਨਾਂ ਦੀ ਝੋਲੀ ਪਾ ਦਿਤਾ ਜਿਹੜਾ ਕਿ ਉਹ ਪਹਿਲਾਂ ਸਾਂਝੀ ਕਾਂਗਰਸ ਦੀ ਝੋਲੀ ਪਾਇਆ ਕਰਦੇ ਸਨ।

ਇੰਦਰਾ ਗਾਂਧੀ ਨੂੰ ਇਸ ਪੱਖ ਤੋਂ ਵੀ ਵੱਡੀ ਮਦਦ ਮਿਲੀ ਕਿ ਉਹ ਨਹਿਰੂ ਦੀ ਧੀ ਹੈ ਪਰ ਉਹਦੇ ਨਿਜੀ ਗੁਣ ਵੀ ਹਨ। ਉਹ ਏਸ਼ੀਆ ਦੀ ਸਿਰਕੱਢ ਨੀਤੀਵਾਨ ਹੈ। ਉਹਦੀ ਮਿਕਨਾਤੀਸੀ ਸ਼ਖਸੀਅਤ, ਸ਼ਕਤੀ, ਦ੍ਰਿੜ੍ਹਤਾ, ਇਛਾ ਸ਼ਕਤੀ ਅਤੇ ਔਖੇ ਸੌਖੇ ਦਿਨਾਂ ਵਿਚ ਲੋਕਾਂ ਨਾਲ ਘੁਲ ਮਿਲ ਜਾਣ ਅਤੇ ਉਹਨਾਂ ਦਾ ਪਿਆਰ ਜਿਤਣ ਦੀ ਕਲਾ ਨੇ ਉਸ ਦੇ ਅਸਰ ਰਸੂਖ ਨੂੰ ਤਗੜਾ ਕੀਤਾ ਹੈ। ਇਸ ਦ੍ਰਿਸ਼ਟੀ ਤੋਂ

Sri Satguru Jagjit Singh Ji Elibrary NamdhariElibrary@gmail.com

ਇੰਡੀਅਨ ਨੈਸ਼ਨਲ ਕਾਂਗਰਸ ਨੂੰ ਅਜੇ ਵੀ ਕੁਝ ਲਾਭ ਪ੍ਰਾਪਤ ਹਨ ਜੋ ਸਭ ਤੋਂ ਵੱਧ ਕੇ ਭਾਰਤੀ ਲੋਕਾਂ ਦੀਆਂ ਕੌਮੀ, ਸਾਮਰਾਜ-ਵਿਰੋਧੀ ਅਤੇ ਪੁਰ ਅਮਨ ਭਾਵਨਾਵਾਂ ਅਤੇ ਆਸਾਂ ਤੋਂ ਫੁਟਦੇ ਹਨ।

ਭਾਰਤ ਦੇ ਸਿਆਸੀ ਵਿਕਾਸ ਦੇ ਭਵਿੱਖ ਨਕਸ਼ ਦੇ ਸਬੰਧ ਵਿਚ ਬਹੁਤ ਸਾਰੇ ਕਿਆਫੇ ਪੇਸ਼ ਕੀਤੇ ਗਏ ਹਨ। ਕਈ ਦਰਸ਼ਕ ਇਕ ਵਿਅਕਤੀ ਦੇ ਹੱਥਾਂ ਵਿਚ ਸੱਤਾ ਦੇ ਹੋਰ ਕੇਂਦਰੀ ਕਰਨ ਦੇ ਰੁਝਾਣ ਨੂੰ ਰੱਦ ਨਹੀਂ ਕਰਦੇ। ਕੌਮੀ ਸਰਮਾਏ ਦੇ ਅਸਰਦਾਇਕ ਹਲਕੇ ਯਕੀਨਨ ਇਸ ਲਈ ਕੋਸ਼ਿਸ਼ ਕਰ ਰਹੇ ਹਨ। ਕਈ ਮੌਕਿਆਂ ਤੇ ਵਿਧਾਨ ਨੂੰ ਸੋਧਣ ਲਈ ਖੁਲ੍ਹਮਖੁਲ੍ਹਾ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਅਤੇ ਇਹੋ ਜਿਹੀ ਤਹਿਰੀਕ ਲਈ ਲੋਕਾਂ ਦੀ ਹਮਾਇਤ ਜਿੱਤਣ ਦੇ ਉਪਰਾਲੇ ਤਕ ਵੀ ਕੀਤੇ ਗਏ।

ਕੀ ਕਾਂਗਰਸ ਸੱਤਾ ਤੇ ਕਾਇਮ ਰਹਿਣ ਲਈ ਅਜਿਹੇ ਸਾਧਨਾਂ ਦਾ ਆਸਰਾ ਲਵੇਗੀ ਜਾਂ ਕੀ ਉਹ ਨਹਿਰੂ ਵਲੋਂ ਕਾਇਮ ਕੀਤੀਆਂ ਜਮਹੂਰੀ ਸੰਸਥਾਵਾਂ ਪ੍ਰਤੀ ਵਫ਼ਾਦਾਰ ਰਹੇਗੀ। ਜਿਥੋਂ ਤਕ ਦੂਜੀ ਗਲ ਦਾ ਸੰਬੰਧ ਹੈ, ਹਾਲਾਤ ਵਧੇਰੇ ਢੁਕਵੇਂ ਲਗਦੇ ਹਨ। ਇੰਡੀਅਨ ਨੈਸ਼ਨਲ ਕਾਂਗਰਸ ਕੋਲ ਆਪਣੀ ਤਾਕਤ ਮਜ਼ਬੂਤ ਕਰਨ ਲਈ ਹਕੀਕੀ ਰਾਹ ਇਹੋ ਹੈ ਕਿ ਭਾਰਤੀ ਜਨਤਾ ਦੀ ਵਿਸ਼ਾਲ ਬਹੁਗਿਣਤੀ, ਇਹਦੇ ਮਿਹਨਤੀ ਲੋਕਾਂ, ਦੇ ਹਿਤ ਵਿਚ ਸਮਾਜੀ ਪ੍ਰਗਤੀ ਦੀ ਪਾਲਿਸੀ ਰਾਹੀਂ ਨਹਿਰੂ ਦੇ ਸੋਸ਼ਲਿਸਟ ਆਦਰਸ਼ਾਂ ਨੂੰ ਯਥਾਰਥਕ ਤੱਤ ਪ੍ਰਦਾਨ ਕੀਤਾ ਜਾਵੇ।

ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਭਾਰਤ ਦਾ ਵਿਕਾਸ ਗੁੰਝਲਦਾਰ ਸਿਆਸੀ ਸੰਘਰਸ਼ ਦੇ ਮਾਹੌਲ ਵਿਚ ਹੋਵੇਗਾ। ਇਹ ਵੱਡੀ ਹੱਦ ਤਕ ਜਨਤਕ ਲਹਿਰ, ਉਸ ਦੇਸ਼ ਦੀਆਂ ਖੱਬੇ ਪੱਖੀ ਜਮਹੂਰੀ ਅਤੇ ਅਗੇ ਵਧੂ ਸ਼ਕਤੀਆਂ ਦੀ ਸਰਗਰਮੀ ਉਤੇ ਨਿਰਭਰ ਕਰੇਗਾ।

ਉਸ ਸੰਘਰਸ਼ ਦੇ ਥੋੜ੍ਹ-ਚਿਰੇ ਨਤੀਜਿਆਂ ਬਾਰੇ ਕੋਈ ਪੂਰਵ ਨਿਸਚਿਤ ਸਿਟੇ ਕੱਢਣ ਦੀ ਕੋਸ਼ਸ਼ ਤੋਂ ਬਚਦਿਆਂ ਅਸੀਂ ਕੁਝ ਕੁ ਹੋਰ ਟਿਪਣੀਆਂ ਕਰਨੀਆਂ ਚਾਹਾਂਗੇ।

ਬੀਤੇ ਬਹੁਤ ਸਾਰੇ ਸਾਲਾਂ ਦੌਰਾਨ ਭਾਰਤ ਨੂੰ ਇਸ ਕਰਕੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਹੈ ਕਿ ਰਾਸ਼ਟਰੀ ਪੱਧਰ ਤੇ ਇਸ ਦੀ ਜਮਹੂਰੀ ਲਹਿਰ ਵਿਚ ਫੁਟ ਸੀ, ਅਤੇ ਇਹ ਆਪਸੀ ਸਮਝ ਅਤੇ ਅਮਲ ਦਾ ਸਾਂਝਾ ਪ੍ਰੋਗਰਾਮ ਬਨਾਉਣ ਵਿਚ ਨਾਕਾਮ ਰਹੀ। ਸੱਜੇ ਪੱਖੀ ਤਾਕਤਾਂ ਇਸ ਹਾਲਤ ਦੀ ਭਰਪੂਰ ਵਰਤੋਂ ਕਰਦੀਆਂ ਹਨ। ਇਹ ਤਾਕਤਾਂ ਭਾਰਤੀ ਜੀਵਨ ਅੰਦਰ ਜਗੀਰਦਾਰੀ ਦੀ ਬਹੁਤ ਸਾਰੀ ਰਹਿੰਦ-ਖੂੰਦ ਵਲੋਂ ਉਹਨਾਂ ਲਈ ਕਾਇਮ ਕੀਤੀਆਂ ਗਈਆਂ ਸਾਰੀਆਂ ਸਾਜ਼ਗਾਰ ਹਾਲਤਾਂ ਦਾ ਬੜੇ ਸ਼ਾਤਰਾਨਾ ਤਰੀਕੇ ਨਾਲ ਲਾਭ ਉਠਾ ਰਹੀਆਂ ਹਨ।

ਇਸੇ ਕਰਕੇ ਜਮਹੂਰੀ ਲਹਿਰ ਅਤੇ ਸਮਾਜੀ ਪ੍ਰਗਤੀ ਦੀਆਂ ਸ਼ਕਤੀਆਂ ਵਿਚਲੀ ਫੁਟ ਦਾ ਕੀਰਤਨ ਸੋਹਿਲਾ ਪੜ੍ਹਨਾ ਤੇ ਸਜੇ ਪੱਖੀ ਖਤਰੇ ਵਿਰੁਧ ਅਜਿਹੀਆਂ ਹੋਰਨਾਂ ਤਾਕਤਾਂ ਨਾਲ ਇਸ ਸੇਧ ਵਿਚ ਗਠਜੋੜ ਕਰਨਾ ਭਾਰਤੀ ਸਮਾਜ ਦੇ ਅਗਲੇਰੇ ਵਿਕਾਸ ਤੇ ਨਵੀਨੀਕਰਨ ਲਈ ਬਾਹਰ-ਮੁਖੀ ਤੌਰ ਤੇ ਬੁਨਿਆਦੀ ਮਹੱਤਤਾ ਵਾਲਾ ਕਾਰਜ ਬਣਦਾ ਜਾ ਰਿਹਾ ਹੈ।

ਸਫ਼ਲਤਾ

— ਸਚਾਈ, ਸਵੈਕਾਬੂ, ਤਿਆਗ, ਨੇਕੀ, ਅਹਿੰਸਾ, ਪਵਿੱਤਰਤਾ ਵਿਚ ਵਿਸ਼ਵਾਸ—ਇਹ ਸਫਲਤਾ ਦੇ ਸਾਧਨ ਹਨ, ਜਾਤੀ ਜਾਂ ਘਰਾਣਾ ਨਹੀਂ।

—ਮਹਾਂਭਾਰਤ

— ਸਫਲਤਾ ਲਈ ਛੇਤੀ ਫੈਸਲਾ ਕਰਨ ਦੀ ਸ਼ਕਤੀ ਜ਼ਰੂਰੀ ਹੈ।

—ਫੇਬਰ

— ਸੰਸਾਰ ਵਿਚ ਸਫਲਤਾ ਪ੍ਰਾਪਤ ਕਰਨ ਦੇ ਕੇਵਲ ਦੋ ਹੀ ਰਾਹ ਹਨ। ਇਕ ਤਾਂ ਆਪ ਆਪਣੀ ਘਾਲਣਾ ਦੁਆਰਾ ਤੇ ਦੂਸਰਾ ਹੋਰਾਂ ਦੀ ਮੂਰਖਤਾ ਤੋਂ ਫਾਇਦਾ ਉਠਾਉਣਾ।

—ਲਾ ਬਰੂਇਰ

— ਕਾਮਯਾਬੀ ਕੋਈ ਫੌਰੀ ਮੰਤਰ ਨਹੀਂ। ਕਾਮਯਾਬੀ ਇਕ ਸਾਧਨਾ ਹੈ, ਅਭਿਮਾਨ ਹੈ, ਸਿਮਰਨ ਹੈ।

—ਗੁਰਬਖਸ਼ ਸਿੰਘ

— ਓਹ ਹੀ ਪਹੁੰਚੇ ਸਫਲਤਾ ਦੇ ਦੁਆਰੇ ਸਦਾ,
ਲੰਘੇ ਆਕੜ ਕੇ ਜੋ ਔਕੜਾਂ ਦੀ ਗਲੀ।

—ਦਿਆਲ ਚੰਦ ਮਿਗਲਾਨੀ

Sri Satguru Jagjit Singh Ji Elibrary NamdhariElibrary@gmail.com

(ਸਫਾ ੫ ਦੀ ਬਾਕੀ)

(ਅੱਖੀਂ ਡਿੱਠਾ ਏਸ਼ੀਆਡ)

ਪਹਿਲਾਂ ਲੁਕਾਏ ਵੀ ਜਾਂਦੇ ਹਨ। ਪਾਕਿਸਤਾਨ ਵਲੋਂ ਅੱਜ ਦਾ ਪ੍ਰਦਰਸ਼ਨ ਵੀ ਇਸੇ ਸਕੀਮ ਦਾ ਹੀ ਸਿਟਾ ਜਾਪਦਾ ਸੀ। ਮੈਂ ਇਹ ਖਦਸ਼ਾ ਸਾਥੀਆਂ ਨਾਲ ਸਾਂਝਾ ਕੀਤਾ ਅਤੇ ਇਹ ਬਾਅਦ ਵਿਚ ਠੀਕ ਸਾਬਤ ਹੋਇਆ। ਪਾਕਿਸਤਾਨ ਦੀ ਇਕ ਸਿਫਤ, ਹਰ ਹਾਲਤ ਵਿਚ ਗੋਲ ਕਰਨ ਦੀ ਸਭ ਟੀਮਾਂ ਨਾਲੋਂ ਵਧੀਆ ਸੀ। ਬਾਕੀ ਮੈਦਾਨੀ ਖੇਡ ਵਿਚ ਹੋਰ ਵੀ ਟੀਮਾਂ ਚੰਗਾ ਜ਼ੋਰ ਲਾ ਰਹੀਆਂ ਸਨ। ਪਾਕਸਤਾਨੀਆਂ ਦੀ ਪਰਵੀ-ਨਤਾ ਦਾ ਜੁਆਬ ਨਹੀਂ ਸੀ।

ਪਾਕਿਸਤਾਨੀ ਦਰਸ਼ਕ —

ਅੱਜ ਪਾਕਿਸਤਾਨ ਤੋਂ ਆਏ ਕੁਝ ਦਰਸ਼ਕਾਂ ਨਾਲ ਮੁਲਾਕਾਤ ਹੋਈ ਇਹ ਵੀਰ ਗੁਜਰਾਂਵਾਲੇ ਤੋਂ ਆਏ ਸਨ। ਉਹਨਾਂ ਦਸਿਆ ਕਿ ਪਾਕਿਸਤਾਨ ਵਿਚ ਇਹਨਾਂ ਖੇਡਾਂ ਦੇ ਵੇਖਣ ਵਾਸਤੇ ਬਹੁਤ ਉਤਸ਼ਾਹ ਸੀ। ਹਜ਼ਾਰਾਂ ਦੀ ਤਾਦਾਦ ਵਿਚ ਲੋਕ ਖੇਡਾਂ ਵੇਖਣ ਆਉਣਾ ਚਾਹੁੰਦੇ ਸਨ। ਪਰ ਮੌਕੇ ਸਿਰ ਟਿਕਟ ਨਾ ਦਿਤੇ ਗਏ ਅਤੇ ਅੰਤ ਜਦੋਂ ਟਿਕਟਾਂ ਦੇ ਭੰਡਾਰ ਖੋਹਲੇ ਗਏ ਤਾਂ ਬਾਕੀ ਤਿਆਰੀਆਂ ਅਤੇ ਸਰਕਾਰੀ ਕਾਨੂੰਨੀ ਫਾਰਮੈਲਟੀਆਂ ਵਾਸਤੇ ਸਮਾਂ ਨਹੀਂ ਸੀ। ਅਕਾਲੀ ਐਜੀਟੇਸ਼ਨ ਕਰਕੇ ਵਾਹਗਾ ਰੂਟ ਰਾਹੀਂ ਆਉਣ ਦੀ ਮਨਾਹੀ ਸੀ। ਫਲ ਸਰੂਪ ਇਕ ਸੌ ਸਤਰ ਦਰਸ਼ਕ ਹੀ ਆ ਸਕੇ। ਪਾਕਿਸਤਾਨੀ ਆਪਣੀ ਵਿਸ਼ੇਸ਼ ਲਿਬਾਸ ਸਲਵਾਰ ਕਮੀਜ਼ ਤੋਂ ਹੀ ਪਛਾਣੇ ਜਾਂਦੇ ਸਨ। ਮਿਲਣਸਾਰ ਤੇ ਮਿਠੀ ਪੰਜਾਬੀ ਬੋਲਦੇ। ਭਾਰਤ—ਪਾਕ ਮੁਕਾਬਲੇ ਬਾਰੇ ਉਹਨਾਂ ਦਾ ਕਥਨ ਸੀ ਕਿ ਪਾਕਿਸਤਾਨ ਦੀ ਟੀਮ ਭਾਰਤੀ ਗਰਾਊਂਡ ਤੇ ਚੰਗੀ ਚਲਦੀ ਹੈ।

ਖੇਡਾਂ ਦਾ ਹਾਲ ਅਖਬਾਰਾਂ ਰੇਡੀਓ ਅਤੇ ਟੈਲੀਵੀਯਨ ਦੁਆਰਾ ਸਭ ਨੇ ਸੁਣਿਆ ਦੇਖਿਆ ਹੈ ਨਤੀਜੇ ਵੀ ਸੁਣ ਲਏ ਹਨ ਪਰ ਅਸੀਂ ਤਾਂ ਇਥੇ ਕੁਝ ਆਪਣੇ ਪ੍ਰਭਾਵ ਹੀ ਸਾਂਝੇ ਕਰਨੇ ਹਨ। ਹਾਕੀ ਫਾਈਨਲ ਦੀ ਗਲ ਫੇਰ ਕਰਾਂਗੇ ਪਹਿਲਾਂ ਹੋਰ ਸਟੇਡੀਅਮ ਵੇਖ ਲਈਏ।

ਇੰਦਰ ਪ੍ਰਸਥ ਇਨ ਡੋਰ ਸਟੇਡੀਅਮ :— ਜਮਨਾ ਦਰਿਆ ਦੇ ਕੰਢੇ ਉਸਰਿਆ ਇਹ ਗੋਲ ਛੱਤਿਆਂ ਹੋਇਆ ਸਟੇਡੀਅਮ ਦੁਨੀਆਂ ਵਿਚ ਬਹੁਤ ਨਵੀਨ ਪ੍ਰਕਾਰ ਦਾ ਤਿਆਰ ਹੋਇਆ ਹੈ। ਦਸਿਆ ਗਿਆ ਹੈ ਕਿ ਇਹ ਹਰ ਪ੍ਰਕਾਰ ਦੀਆਂ ਸਿਫਤਾਂ ਦੇ ਪਖੋਂ ਸੰਸਾਰ ਵਿਚ ਤੀਸਰੇ ਨੰਬਰ ਤੇ ਆਉਂਦਾ ਹੈ। ਸਟੇਡੀਅਮ ਵੇਖ ਕੇ ਇਹ ਯਕੀਨ ਨਹੀਂ ਸੀ ਆਉਂਦਾ ਕਿ ਇਹ ਉਹ ਹੀ ਥਾਂ ਹੈ ਜਿਥੇ ਪਹਿਲਾਂ ਮਲਬੇ ਦੇ ਅੰਬਾਰ ਲਗੇ ਹੁੰਦੇ ਸਨ। ਇਕ ਗੋਲ ਆਕਾਰ ਦਾ ਸਟੇਡੀਅਮ ਰੰਗ ਬਰੰਗੀਆਂ ਆਰਾਮਦੇਹ ਮਸਾਲੇ ਦੀਆਂ ਬਣੀਆਂ ਕੁਰਸੀਆਂ ਨਾਲ ਸੁਸਜਿਤ ਹੈ। ਜ਼ਮੀਨ ਤੋਂ ਲੈ ਕੇ 'ਆਕਾਸ਼ ਤਕ' ਕੁਰਸੀਆਂ ਦੀ ਫਿਟਿੰਗ ਇਵੇਂ ਕੀਤੀ ਗਈ ਹੈ ਕਿ ਹਰ ਇਕ ਦਰਸ਼ਕ ਨੂੰ ਖੇਡ ਵਧੀਆ ਦਿਖਾਈ ਦਿੰਦੀ ਹੈ। ਇਸ ਸਟੇਡੀਅਮ ਨੂੰ ਇਕ ੭ ਟਨ ਭਾਰੇ ਪਰਦੇ ਰਾਹੀਂ ਦੋਹਾਂ ਹਿਸਿਆਂ ਵਿਚ ਵੰਡਿਆ ਗਿਆ। ਇਹ ਪਰਦਾ ਸਤ ਮਿੰਟ ਵਿਚ ਕੀਤਾ ਜਾ ਹਟਾਇਆ ਜਾ ਸਕਦਾ ਹੈ। ੨੫੦੦੦ ਵਾਲੀ ਸਮਰਥਾ ਵਾਲੇ ਸਟੇਡੀਅਮ ਨੂੰ ਦੋ ਹਿਸਿਆਂ ਵਿਚ ਵੰਡ ਕੇ ਦੋ ਖੇਡਾਂ ਇਕੋ ਸਮੇਂ ਹੋ ਰਹੀਆਂ ਸਨ। ਇਕ ਪਾਸੇ ਵਾਲੀਬਾਲ ਦੇ ਮੈਚ ਹੋ ਰਹੇ ਸਨ ਅਤੇ ਦੂਸਰੇ ਪਾਸੇ ਜਿਮਨਾਸਟਿਕ ਮੁਕਾਬਲੇ। ਦੋਹੀਂ ਪਾਸੀਂ ਸਪੀਕਰਾਂ ਤੇ ਐਲਾਨ ਹੁੰਦੇ ਸੂਚਨਾਵਾਂ ਸੁਣਾਈਆਂ ਜਾਂਦੀਆਂ ਦਰਸ਼ਕਾਂ ਦਾ ਰੌਲਾ ਅਸਮਾਨ ਨੂੰ ਛੂੰਹਦਾ ਪਰ ਇਕ ਦੂਸਰੇ ਪਾਸੇ ਵਲ ਆਵਾਜ਼ ਬਿਲਕੁਲ ਨਾ ਜਾਂਦੀ।

ਵਾਲੀਬਾਲ ਦਾ ਮੈਚ ਇੰਡੋਨੇਸ਼ੀਆ ਅਤੇ ਭਾਰਤ ਵਿਚਕਾਰ ਸੀ। ਹਾਲ ਖਚਾਖੱਚ ਭਰਿਆ ਸੀ। ਵੱਖ ਵੱਖ ਦੇਸ਼ਾਂ ਦੇ ਗੋਰੇ ਕਾਲੇ ਪੀਲੇ ਲੰਮੇ ਮਧਰੇ ਫੀਨੇ ਲੋਕ ਦਰਸ਼ਕਾਂ ਵਿਚ ਬੈਠੇ ਸਨ। ਇਕ ਰੁਮਾਂਚਕਾਰੀ ਨਜ਼ਾਰਾ ਸੀ, ਬਹੁਤ ਪਿਆਰਾ ਪਿਆਰਾ ਮਾਹੌਲ ਸੀ। ਇਹ ਮੈਚ ਭਾਰਤ ਨੇ ਜਿਤਿਆ ਸੀ। ਇਕੱਲੇ ਇਕੱਲੇ ਪੁਆਇੰਟ ਵਾਸਤੇ ਇਕੱਲੀ ਇਕੱਲੀ ਸਰਵਿਸ ਵਾਸਤੇ ਖਿਡਾਰੀ ਲੜ ਮਰ ਰਹੇ ਸਨ। ਖੇਡ ਮਰਿਆਦਾ ਦਾ ਆਪਣਾ ਆਕਰਸ਼ਨ ਸੀ। ਵਾਲੀਬਾਲ ਨੂੰ ਫੜਣ ਵਾਸਤੇ ਆਲੇ ਦੁਆਲੇ ਬਾਵਰਦੀ ਲੜਕੇ ਖੜੇ ਸਨ। ਬਾਲ ਜਦੋਂ ਬਾਹਰ ਜਾਂਦਾ ਤਾਂ ਉਹ ਦੂਸਰਾ ਬਾਲ ਦੇ ਦਿੰਦੇ ਖੇਡ ਚਲਦੀ ਰਹਿੰਦੀ ਅਤੇ ਮੈਦਾਨ ਤੇ ਰੇੜ ਰੇੜ ਕੇ ਆਲੇ ਦੁਆਲਿਉਂ ਉਹ ਵਾਧੂ ਗੇਂਦ ਫਿਰ ਸਰਵਿਸ ਵਾਲੇ ਪਾਸੇ ਸਿਟੇ ਵਾਲੇ ਮੁੰਡੇ ਕੋਲ ਪਹੁੰਚਾ ਦਿਤੀ ਜਾਂਦੀ। ਜਿਵੇਂ ਸਾਈਕਲ ਦੀ ਚੇਨ ਆਪਣੇ ਆਪ ਚਲਦੀ ਜਾਂਦੀ ਹੈ ਇਵੇਂ ਹੀ ਇਹ ਕਰਮ ਜਾਰੀ ਰਹਿੰਦਾ। ਇਕੱਲੇ ਇਕੱਲੇ ਪੁਆਇੰਟ ਤੇ ਉਹ ਰੌਲਾ ਪੈਂਦਾ, ਸੁਵੇਟਰ ਰੁਮਾਲ ਹਲਾਏ ਜਾਂਦੇ ਅਤੇ ਸੀਟੀਆਂ ਵਜਦੀਆਂ, ਤਾਲੀਆਂ ਵਜਦੀਆਂ ਕਿ ਲੋਕ ਆਪਣੇ ਆਪ ਨੂੰ ਭੁਲ ਜਾਂਦੇ।

Sri Satguru Jagjit Singh Ji Elibrary NamdhariElibrary@gmail.com

ਦੂਸਰੇ ਪਾਸੇ ਜਮਨਾਸਟਿਕ ਮੁਕਾਬਲੇ ਸਾਨੂੰ ਬਹੁਤ ਨੇੜਿਉਂ ਵੇਖਣ ਦਾ ਮੌਕਾ ਮਿਲਿਆ। ਟੀ. ਵੀ. ਤੇ ਭਾਵੇਂ ਇਹ ਪ੍ਰੋਗਰਾਮ ਵੇਖੇ ਸਨ ਪਰ ਸ ਹਮਣੇ ਦੇਖਣ ਦਾ ਆਪਣਾ ਹੀ ਇਕ ਅਨੰਦ ਸੀ। ਜਮਨਾਸਟਿਕ ਵਿਚ ਕਈ ਪ੍ਰਕਾਰ ਦੇ ਕਰਤੱਬ ਸਨ। ਜ਼ਮੀਨ ਤੇ ਫਲੋਰ ਐਕਸਰਸਾਈਜ਼ਿਜ਼, ਪੈਰਲਲ ਬਾਰ ਮਸਨੂਈ ਘੋੜੇ ਜਿਹੇ ਤੇ ਕਰਤਬ ਛਲਾਂਗਾਂ ਅਤੇ ਉੱਚੇ ਰਿੰਗਾਂ ਵਿਚ ਕਰਤਬ ਸਨ।

ਜ਼ਮੀਨ ਤੇ ਰੰਗਦਾਰ ਕਾਲੀਨ ਵਿਛਿਆ ਹੋਇਆ ਸੀ। ਸੰਗੀਤ ਵਜਦਾ ਤੇ ਵੱਖ ਵੱਖ ਦੇਸ਼ਾਂ ਦੇ ਲੜਕੇ ਜਾਂ ਲੜਕੀਆਂ ਪੁਠੀਆਂ ਸਿਧੀਆਂ ਛਾਲਾਂ ਮਾਰਦੇ ਆਪਣੇ ਸਰੀਰ ਤੇ ਵੱਖ ਵੱਖ ਤਰ੍ਹਾਂ ਦੀਆਂ ਕਸਰਤਾਂ ਕਰਕੇ ਵਖਾਉਂਦੇ। ਐਸੇ ਐਸੇ ਕਰਤੱਬ ਦਿਖਾਉਂਦੇ ਕਿ ਦੇਖ ਕੇ ਵੀ ਇਤਬਾਰ ਨਾ ਆਉਂਦਾ ਕਿ ਇਵੇਂ ਹੋ ਵੀ ਸਕਦਾ ਹੈ। ਤੀਹਰੀਆਂ ਚੋਹਰੀਆਂ ਛਾਲਾਂ, ਪੁਠੀਆਂ ਛਾਲਾਂ ਮਾਰਦੇ ਫੇਰ ਲੰਮੇ ਸਾਰੇ ਡੰਡੇ (Balancing beam) ਤੇ ਤੁਰ ਕੇ ਛਾਲਾਂ ਮਾਰ ਕੇ ਮੁੜ ਆਪਣੇ ਪੈਰਾਂ ਤੇ ਖੜੇ ਹੁੰਦੇ। ਜਾਪਾਨ ਚੀਨ ਅਤੇ ਕੋਰੀਆ ਇਹਨਾਂ ਖੇਡਾਂ ਵਿਚ ਛਾਏ ਰਹੇ। ਵਿਸ਼ੇਸ਼ ਸਟੇਜ ਜਿਥੇ ਇਹ ਪ੍ਰੋਗਰਾਮ ਚਲਦਾ ਸੀ, ਦੇ ਆਲੇ ਦੁਆਲੇ ਜੱਜਾਂ ਦੀਆਂ ਟੀਮਾਂ ਬੈਠਦੀਆਂ ਉਹ ਹਰ ਖਿਡਾਰੀ ਨੂੰ ਨੰਬਰ ਦਿੰਦੇ ਇਲੈਕਟਰਾਨਿਕ ਮਸ਼ੀਨ ਰਾਹੀਂ ਉਹਨਾਂ ਦੇ ਨੰਬਰਾਂ ਦੀ ਔਸਤ ਕੱਢੀ ਜਾਂਦੀ ਅਤੇ ਤੁਰੰਤ ਉਹ ਨੰਬਰ ਇਲੈਕ-ਟ੍ਰਾਨਿਕ ਬੋਰਡ ਤੇ ਚਮਕ ਪੈਂਦੇ। ਕਿਸ ਦਾ ਜੀਅ ਕਰਦਾ ਸੀ ਕਿ ਇਹੋ ਜਿਹਾ ਪ੍ਰੋਗਰਾਮ ਛਡਿਆ ਜਾਵੇ। ਇਕ ਸਾਤਵਿਕ ਜਿਹਾ ਪ੍ਰਭਾਵ ਸਰੀਰ ਨੂੰ ਕਸਰਤੀ ਬਨਾਉਣ ਦੀ ਉਮੰਗ ਅਤੇ ਰੀਝ ਉਪਜਦੀ ਕਿ ਇਹੋ ਜਿਹੇ ਸਰੀਰ ਹੋਣ ਤੇ ਇਹੋ ਜਿਹੇ ਕਰਤਬਾਂ ਦੀ ਯੋਗਤਾ ਪਨਪ ਪਵੇ। ਇਕ ਤਰਤੀਬ ਦਾ ਪ੍ਰਭਾਵ ਜੋ ਜੱਜਾਂ ਨੇ ਆਉਣਾ ਹੈ ਤਾਂ ਬਕਾਇਦਾ ਲਾਈਨ ਬਣਾ ਕੇ ਜਾਣਾ ਹੈ ਤਾਂ ਵੀ। ਖਿਡਾਰੀਆਂ ਦੀ ਇਕ ਤਰਤੀਬ ਨਾਲ ਆਉਣਾ ਅਤੇ ਜਾਣਾ ਜਿਮਨਾਸਟਿਕ ਵਿਚ ਨਿਪੁੰਨਤਾ ਹੀ ਬਾਕੀਆਂ ਖੇਡਾਂ ਵਿਚ ਸਹਾਈ ਹੁੰਦੀ ਹੈ ਜੇ ਕਹਿ ਲਵੋ ਕਿ ਇਹ ਬਾਕੀ ਖੇਡਾਂ ਦੀ ਮਾਂ ਹੈ ਤਾਂ ਅਤਿ ਕਥਨੀ ਨਹੀਂ। ਇੰਦਰ ਪ੍ਰਸਥ ਸਟੇਡੀਅਮ ਇਕ ਸ਼ਾਹਾਨਾ ਸ਼ਾਹਕਾਰ ਹੈ। ਨਿਰਸੰਦੇਹ ਭਾਰਤ ਦੀਆਂ ਖੇਡਾਂ ਨੂੰ ਵਿਕਸਿਤ ਕਰਨ ਵਾਸਤੇ ਇਕ ਬਹੁਤ ਸਹਾਈ ਹੋਵੇਗਾ।

ਅੰਬੇਦਕਰ ਸਟੇਡੀਅਮ
ਹਿੰਦ—ਚੀਨ ਫੁਟਬਾਲ ਮੈਚ—

ਅੰਬੇਦਕਰ ਸਟੇਡੀਅਮ ਵਿਚ ੨੪ ਤਾਰੀਖ ਨੂੰ ਹੋ ਰਹੇ ਭਾਰਤ ਅਤੇ ਚੀਨ ਵਿਚਾਲੇ ਫੁਟਬਾਲ ਮੈਚ ਵੇਖਣ ਦਾ ਉੱਕਾ ਹੀ ਕੋਈ ਪ੍ਰੋਗਰਾਮ ਨਹੀਂ ਸੀ। ਇਸ ਦਿਨ ਸ਼ਾਮ ਨਵੇਂ ਬਣੇ ਨਹਿਰੂ ਸਟੇਡੀਅਮ ਜਾਣ ਦਾ ਪ੍ਰੋਗਰਾਮ ਸੀ, ਪਰ ਸ: ਗੁਰਦੀਪ ਸਿੰਘ ਢੋਡਾ ਨੇ ਦੋ ਟਿਕਟਾਂ ਹਾਕੀ ਦੀਆਂ ਵਿਸ਼ੇਸ਼ ਕਲਾਸ ਦੀਆਂ ਦੇ ਦਿਤੀਆਂ। ਸ: ਬਲਦੇਵ ਸਿੰਘ ਯੂਥ ਕਾਂਗਰਸ ਲੀਡਰ ਸਾਨੂੰ ਆਪਣੇ ਮੋਟਰ ਸਾਈਕਲ ਤੇ ਲੈ ਉਡਿਆ ਅਤੇ ਅਸੀਂ ਪਹਿਲਾ ਮੈਚ ਪਾਕਿਸਤਾਨ—ਜਾਪਾਨ ਦਾ ਵੇਖਿਆ। ਉਸ ਦਾ ਜ਼ਿਕਰ ਅਗੇ ਆ ਚੁਕਾ ਹੈ। ਹਾਕੀ ਦਾ ਦੂਸਰਾ ਮੈਚ ਵਿਚੇ ਛੱਡ ਕੇ ਬਲਦੇਵ ਸਿੰਘ ਫੁਟਬਾਲ ਮੈਚ ਦੀ ਟਰਾਈ ਕਰਨ ਲਈ ਅੰਬੇਦਕਰ ਸਟੇਡੀਅਮ ਲੈ ਗਿਆ। ਇਹ ਸਟੇਡੀਅਮ ਦਿੱਲੀ ਗੇਟ ਤੇ ਸਥਿਤ ਹੈ। ਮੋਟਰ ਸਾਈਕਲ ਸੜਕ ਤੇ ਹੀ ਇਕ ਮਜ਼ਾਰ ਦੇ ਉਹਲੇ ਖਿਲਾਰ ਕੇ ਅਸੀਂ ਜਾਇਜ਼ਾ ਲੈਣ ਵਾਸਤੇ ਹੀ ਉਤਰੇ ਤੇ ਫਿਰ ਮੋਟਰ ਸਾਈਕਲ ਭੁਲ ਹੀ ਬੈਠੇ। ਟਿਕਟਾਂ ਦੀ ਪ੍ਰਾਪਤੀ ਵਾਸਤੇ ਦੌੜੇ ਲਾਉਣੇ ਸ਼ੁਰੂ ਕੀਤੇ। ਭਾਵੇਂ ਮੈਚ ਵਿਚ ਅਜੇ ਡੇਢ ਘੰਟਾ ਬਾਕੀ ਸੀ ਪਰ ਭੀੜ ਪਲੋ ਪਲ ਵੱਧ ਹੀ ਰਹੀ ਸੀ। ਜਿਥੇ ਚਾਰ ਬੰਦੇ ਇਕੱਠੇ ਹੁੰਦੇ ਉਥੇ ਹੀ ਟਿਕਟ ਮਿਲਣ ਦਾ ਸ਼ੱਕ ਕਾਰਨ ਮੱਖੀਆਂ ਵਾਂਗ ਲੋਕ ਇਕੱਠੇ ਹੋ ਜਾਂਦੇ। ਟਿਕਟਾਂ ਪਹਿਲਾਂ ਵਿਕ ਚੁਕੀਆਂ ਸਨ ਇਸ ਵਾਸਤੇ ਇਹ ਕਿਸੇ ਉਸੇ ਵਿਅਕਤੀ ਪਾਸੋਂ ਹੀ ਖਰੀਦੀ ਜਾ ਸਕਦੀ ਸੀ ਜੋ ਮੈਚ ਵੇਖਣ ਦਾ ਇਛੁਕ ਨਾ ਹੋਵੇ। ਹਾਕੀ ਦੇ ਮੈਚਾਂ ਵਿਚ ਆਮ ਟਿਕਟਾਂ ਮਿਲ ਜਾਂਦੀਆਂ ਸਨ ਅਤੇ ਆਮ ਹਾਕੀ ਮੈਚਾਂ ਵਿਚ ਪੰਦਰਾਂ ਵਾਲੀਆਂ ਪੰਜ ਵਿਚ ਵੀ ਵਿਕੀਆਂ। ਕਾਰਨ ਇਹ ਸੀ ਕਿ ਜਿਸ ਵੇਲੇ ਲੋਕਾਂ ਟਿਕਟਾਂ ਖਰੀਦੀਆਂ ਸਨ ਉਸ ਵੇਲੇ ਇਹ ਨਹੀਂ ਸੀ ਪਤਾ ਕਿ ਕਿਹੜੀ ਟੀਮ ਦਾ ਮੈਚ ਕਿਸ ਨਾਲ ਹੋਣਾ ਹੈ ਅਤੇ ਭਾਰਤ-ਪਾਕ ਹਾਕੀ ਮੈਚਾਂ ਅਤੇ ਫੁਟਬਾਲ ਵਿਚ ਵੀ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ ਤੋਂ ਇਲਾਵਾ ਟਿਕਟਾਂ ਲੋਕਾਂ ਪਾਸੋਂ ਮੌਕੇ ਤੇ ਮਿਲ ਜਾਂਦੀਆਂ ਸਨ। ਜਿਹੜੇ ਬਾਹਰੋਂ ਗਏ ਬਹੁਤੇ ਉਤਸਕ ਹੁੰਦੇ ਉਹ ਬਲੈਕ ਖਰੀਦਦੇ, ਲੋਕਲ ਤਜਰਬੇਕਾਰ ਧੀਰਜ ਵਾਲੇ ਸਸਤੀਆਂ ਪ੍ਰਾਪਤ ਕਰਦੇ।

ਅਜ ਹੇ ਮੈਚ ਵਾਸਤੇ ਬਲਦੇਵ ਸਿੰਘ ਨੇ ਅਨੇਕਾਂ ਵਾਕਫ਼ਕਾਰਾਂ ਨੂੰ ਪੁਛਿਆ ਪਰ ਗਲ ਨਾ ਬਣੇ। ਮੈਂ ਕਹਿ

Sri Satguru Jagjit Singh Ji Elibrary NamdhariElibrary@gmail.com

ਰਿਹਾ ਸੀ, ਅਸੀਂ ਹਾਕੀ ਮੈਚ ਹੀ ਵੇਖ ਲਈਏ ਕਿਉਂ ਛਡੀਏ ਪਰ ਬਲਦੇਵ ਸਿੰਘ ਫਿਰ ਅੜ ਜਾਵੇ ਜ਼ਰਾ ਠਹਿਰ ਕੇ ਜ਼ਰਾ ਠਹਿਰ ਕੇ। ਮੇਰੇ ਵਾਸਤੇ ਅਜਿਹੀ ਸਥਿਤੀ ਵਿਚ ਵਿਚਰਨਾ ਤਾਂ ਔਖਾ ਸੀ ਪਰ ਇਕ ਤਜਰਬਾ ਸੀ ਜੋ ਆਮ ਹਾਲਤ ਵਿਚ ਨਹੀਂ ਮਿਲਦਾ। ਬਲਦੇਵ ਸਿੰਘ ਦੇ ਪੁਲੀਸ ਵਿਚਲੇ ਵਡੇ ਅਫ਼ਸਰ ਬਹੁਤ ਵਾਕਫ ਸਨ ਪਰ ਟਿਕਟਾਂ ਦੇ ਮਾਮਲੇ ਵਿਚ ਹਰ ਇਕ ਨੇ ਬੇਵਸੀ ਦਸੀ। ਲੋਕਾਂ ਦੀ ਆਵਾਜਾਈ ਵਾਸਤੇ ਬਹੁਤ ਭੀੜਾ ਰਸਤਾ ਸੀ। ਇਕ ਪਾਸੇ ਸਟੇਡੀਅਮ ਸੀ ਜਿਸ ਦੇ ਲਾਗੇ ਪੁਲੀਸ ਨਹੀ ਸੀ ਜਾਣ ਦਿੰਦੀ। ਦੂਜੇ ਪਾਸੇ ਸੜਕ ਸੀ ਜਿਸ ਤੇ ਪਾਈਪਾਂ ਦੀਆਂ ਰੋਕਾਂ ਲਾਈਆਂ ਗਈਆਂ ਸਨ। ਬਲਦੇਵ ਸਿੰਘ ਦੀ ਕੋਈ ਵੀ ਸਿਫਾਰਸ਼ ਕੋਈ ਵੀ ਹਰਬਾ ਕਾਮਯਾਬ ਨਹੀਂ ਸੀ ਹੋ ਰਿਹਾ।

ਪਰ ਕੁਝ ਚਿਰ ਬਾਅਦ ਲੋਕਾਂ ਕੋਲੋਂ ਟਿਕਟਾਂ ਦੀਆਂ ਝਲਕਾਂ ਪੈਣ ਲਗੀਆਂ। ਦੱਬੀ ਦੱਬੀ ਜ਼ਬਾਨ ਵਿਚ ਇਕ ਸਰਦਾਰ ਜੀ ਨੇ ਵਾਧੂ ਟਿਕਟਾਂ ਹੋਣ ਦਾ ਇਸ਼ਾਰਾ ਵੀ ਦਿਤਾ। ਅੰਤ ਇਕ ਨੇ ਕਿਹਾ ਕਿ ਹੁਣੇ ਹੁਣੇ ਲਾਊਡਸਪੀਕਰ ਤੇ ਏਲਾਨ ਹੋਇਆ ਹੈ ਕਿ ਟਿਕਟਾਂ ਗੇਟ ਤੇ ਮਿਲ ਰਹੀਆਂ ਹਨ ਸਰਕਾਰੀ ਤੌਰ ਤੇ। ਖਬਰ ਅੱਗ ਵਾਂਗ ਫੈਲ ਗਈ। ਦਰਸ਼ਕਾਂ ਦੀਆਂ ਫ਼ੌਜਾਂ ਟਿਕਟਾਂ ਵਾਲੇ ਬੂਥ ਤੇ ਟੁੱਟ ਕੇ ਪੈ ਗਈਆਂ। ਉਹ ਭਗਦੜ ਮੱਚੀ ਕਿ ਕੁਝ ਵੀ ਹੋ ਸਕਦਾ ਸੀ। ਸਮੱਸਿਆ ਇਹ ਸੀ ਕਿ ਥਾਂ ਥੋਹੜੀ ਸੀ ਮੈਦਾਨ ਕੋਈ ਹੈ ਨਹੀਂ ਸੀ। ਲੋਕਾਂ ਦੀਆਂ ਲਾਈਨਾਂ ਵੀ ਜਲੇਬੀਦਾਰ ਬਣੀਆਂ ਹੋਈਆਂ ਸਨ। ਜੇ ਕੋਈ ਟਿਕਟ ਲੈ ਵੀ ਲੈਂਦਾ ਤਾਂ ਉਹ ਚਕਰ ਵਿਯੂ ਵਿਚੋਂ ਬਾਹਰ ਨਹੀਂ ਸੀ ਆ ਸਕਦਾ। ਲੋਕਾਂ ਦੀਆਂ ਲਹਿਰਾਂ ਦੀਆ ਲਹਿਰਾਂ ਆਉਂਦੀਆਂ ਜਾਂਦੀਆਂ। ਹੁਣ ਲੋਕਾਂ ਨੂੰ ਡਸਿਪਲਿਨ ਸਿਖਾਣ ਲਈ ਘੋੜ ਸਵਾਰ ਪੁਲੀਸ ਆ ਗਈ। ਭੀੜ ਪਿਛੇ ਨੂੰ ਉਲਰੀ ਪਿਛੇ ਪਾਈਪ ਲਗੇ ਸਨ ਖਦਸ਼ਾ ਸੀ ਕਿ ਬੰਦੇ ਇਥੇ ਹੀ ਮਰਨ ਗੇ। ਬਲਦੇਵ ਸਿੰਘ ਕਿਤੇ ਸੀ ਅਸੀਂ ਕਿਤੇ। ਸਾਡਾ ਇਕ ਤੀਸਰਾ ਸਾਥੀ ਪਤਾ ਨਹੀਂ ਕਿਥੇ ਗਿਆ। ਮੈਂ ਅੰਤ ਫੈਸਲਾ ਕੀਤਾ ਕਿ ਹੁਣ ਵਾਪਸ ਚਲਦੇ ਹਾਂ। ਏਨੇ ਨੂੰ ਬਲਦੇਵ ਸਿੰਘ ਦੀ ਚਿੱਟੀ ਪੱਗ ਦੀ ਚੁੰਜ ਨਜ਼ਰੀਂ ਪੈ ਗਈ। ਮੁਸ਼ਕਲ ਨਾਲ ਉਸ ਨਾਲ ਸੰਪਰਕ ਪੈਦਾ ਕੀਤਾ ਗਿਆ। ਉਸ ਦਸਿਆ ਕਿ ਉਹਦਾ ਯਾਰ ਇਕ ਪੁਲੀਸ ਅਫ਼ਸਰ ਅੰਦਰੋਂ ਟਿਕਟਾਂ ਲੈਣ ਗਿਆ ਹੈ। ਮੈਨੂੰ ਨਹੀਂ ਸੀ ਉਮੀਦ ਕਿ ਅਜ ਟਿਕਟਾਂ ਮਿਲਣਗੀਆਂ ਪਰ ਮੋਜਜ਼ਾ ਹੋ ਗਿਆ ਸੀ। ਟਿਕਟਾਂ ਸਾਡੇ ਹੱਥਾਂ ਵਿਚ ਸਨ ਅਤੇ ਸਾਨੂੰ ਥਾਂ ਵੀ ਸਾਈਡ ਲਾਈਨ ਦੇ ਅੱਧ ਵਿਚ ਉਪਰ ਕਰ ਕੇ ਮਿਲ ਗਈ।

ਭਾਵੇਂ ਭਾਰਤ ਨੇ ਏਸ਼ੀਆ ਖੇਡਾਂ ਦੇ ਇਤਿਹਾਸ ਵਿਚ ੧੯੫੧ ਦਿੱਲੀ ਅਤੇ ੧੯੬੨ ਜਕਾਰਤਾ ਵਿਚ ਫੁਟਬਾਲ 'ਚੋਂ ਸੋਨੇ ਦਾ ਤਮਗਾ ਜਿਤਿਆ ਸੀ ਪਰ ਏਸ਼ੀਆ ਜਾਂ ਦੁਨੀਆਂ ਵਿਚ ਭਾਰਤ ਕੋਈ ਗਿਨਣ ਯੋਗ ਫੁਟਬਾਲ ਖਿਡਾਰੀ ਦੇਸ਼ ਨਹੀਂ। ਪਰ ਪਿਛਲੇ ਕੁਝ ਸਮੇਂ ਤੋਂ ਇਸ ਟੀਮ ਦੀ ਸਿਖਲਾਈ ਕੋਚ ਪੀ. ਕੇ. ਬੈਨਰਜੀ ਕੋਲ ਸੀ ਜਿਸ ਨੇ ਦਾਅਵਾ ਕੀਤਾ ਸੀ ਕਿ ਟੀਮ ਕੁਆਟਰ ਫਾਈਨਲ ਵਿਚ ਜਾਵੇਗੀ। ਟੀਮ ਤੋਂ ਲੋਕਾਂ ਦੀਅ ਆਸਾਂ ਵੀ ਸਨ। ਆਪਣੇ ਪੂਲ ਵਿਚੋਂ ਬੰਗਲਾ ਦੇਸ ਨੂੰ ੨ - ੦ ਅਤੇ ਮਲੇਸ਼ੀਆਂ ਨੂੰ ਨੂੰ ੧—੦ ਤੇ ਹਰਾ ਕੇ ਆਈ ਸੀ। ਪਰ ਸਾਹਮਣੇ ਚੀਨ ਦੀ ਟੀਮ ਸੀ। ਉਸਦੀਆਂ ਪ੍ਰਾਪਤੀਆਂ ਵੀ ਅਗੇ ਨਾਲੋਂ ਬੇਹਤਰ ਸਨ। ਚੀਨ ਨਾਲ ਜਜ਼ਬਾਤੀ ਰਿਸ਼ਤਾ ਵੀ ਹੋਇਆ, ਇਸ ਵਾਸਤੇ ਸਟੇਡੀਅਮ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ।

ਅਸੀਂ ਜਿਥੇ ਬੈਠੇ ਸਾਂ ਪਹਿਲਾਂ ਤਾਂ ਉਥੇ ਕਾਫੀ ਥਾਂ ਸੀ ਪਰ ਸਾਡੇ ਲਾਗੇ ਦਿਆਂ ਦਰਸ਼ਕਾਂ ਆਵਾਜ਼ਾਂ ਮਾਰ ਮਾਰ ਕੇ ਹੋਰਨਾਂ ਲੋਕਾਂ ਨੂੰ ਕੋਲ ਸਦਿਆ ਤਾਂ, ਬਹੁਤ ਭੀੜ ਹੋ ਗਈ। ਦਰਅਸਲ ਇਹ ਲੋਕ ਸਾਰੇ ਹੀ ਸ਼ਰਤਾਂ ਲਾਉਣ ਵਾਲੇ ਸਨ। ਗਲਬਾਤ ਇਵੇਂ ਕਰਦੇ ਸਨ। ਭਈ ਚੀਨ ਦਾ ਕੀ ਭਾਅ ? ਇਕ ਬਟਾ ਦਸ : ਮਲੇਸ਼ੀਆ ਦਾ ਕੀ ਭਾਅ—? ਫਲਾਣੇ ਦੇਸ਼ ਦਾ ਕੀ ਭਾਅ। ਉਹਨਾਂ ਦੀ ਬੋਲੀ ਉਹ ਹੀ ਸਮਝਦੇ ਸਨ। ਬਾਹਰ ਸਾਹਮਣੇ ਦਿੱਲੀ ਗੇਟ ਅਤੇ ਚਲਦੀਆਂ ਗੱਡੀਆਂ ਟੈਕਸੀਆਂ ਸਕੂਟਰ ਸਭ ਦਿਸਦਾ ਸੀ। ਚੀਨੀਆ ਦਾ ਇਕ ਤਗੜਾ ਗਰੁਪ ਚੀਨੀ ਝੰਡੇ ਲੈ ਕੇ ਆਇਆ ਸੀ। ਪੰਜ ਰੁਪਏ ਵਾਲੀ ਟਿਕਟ ਲੋਕ ਤੀਹ ਤੀਹ ਰੁਪਏ ਅਤੇ ਇਸ ਤੋਂ ਵੀ ਵੱਧ ਦੀ ਖਰੀਦ ਕੇ ਆਏ ਸਨ। ਮੈਚ ਸ਼ੁਰੂ ਹੋਇਆ, ਇਕ ਬੰਦਾ ਹਿੰਦੀ—ਚੀਨੀ ਭਾਈ ਭਾਈ ਦੇ ਉਚੇ ਉਚੇ ਨਾਅਰੇ ਲਾ ਰਿਹਾ ਸੀ। ਮੈਚ ਚਲਦੇ ਵਿਚ ਵੀ ਉਹਨੇ ਨਾਅਰੇ ਲਾਏ। ਇਕ ਬਜ਼ੁਰਗ ਨੂੰ ਬਹੁਤ ਇਤਰਾਜ਼ ਹੋਇਆ। ਉਸ ਨੇ ਉਹਨੂੰ ਮਨਾਹ ਕੀਤਾ। ਉਸ ਨੇ ਫੇਰ ਨਾਅਰਾ ਲਾਇਆ...ਹਿੰਦੀ ਚੀਨੀ...ਉਹਨੂੰ ਫੇਰ ਰੋਕਿਆ। ਭਾਈ ਭਾਈ ਵਾਲਾ ਵਿਅਕਤੀ ਬਜ਼ੁਰਗ ਨੂੰ ਪੈ ਗਿਆ, ਕਿਉਂ ਬੁਢੇ ਕਿਆ ਬਾਤ ਹੈ ? 'ਹਿੰਦੀ ਚੀਨੀ

Sri Satguru Jagjit Singh Ji Elibrary NamdhariElibrary@gmail.com

ਪਾਕਿਸਤਾਨ ਦਾ ਚੀਨ ਤੇ ਹਮਲਾ ;—ਪੂਲ ਏ ਦੇ ਇਕ ਹਾਕੀ ਮੈਚ ਵਿਚ ਪਾਕਿਸਤਾਨ ਨੇ ਚੀਨ ਨੂੰ ੬-੦ ਗੋਲਾਂ ਨਾਲ ਹਰਾਇਆ। ਮੈਚ ਨੈਸ਼ਨਲ ਸਟੇਡੀਅਮ ਦੀ ਐਸਟਰੋ ਟਰਫ ਤੇ ਖੇਡਿਆ ਗਿਆ।

ਘੋੜ ਸਵਾਰ ਰਾਜਕੁਮਾਰੀਆਂ : ਹਰਬਖਸ਼ ਸਟੇਡੀਅਮ ਵਿਚ ਔਰਤਾਂ ਦੇ ਘੋੜ-ਸਵਾਰੀ ਵਿਅਕਤੀਗਤ ਜੰਪਿੰਗ ਮੁਕਾਬਲੇ ਵਿਚ ਕੁਵੈਤ ਦੀਆਂ ਦੋ ਸਕੀਆਂ ਭੈਣਾ ਪਹਿਲੇ, ਤੇ ਦੂਜੇ ਨੰਬਰ ਤੇ ਆਈਆ। ਗੋਲਡ ਮੈਡਲ ਵਿਜੇਤਾ (ਵਿਚਕਾਰ) ਨਾਦੀਆ ਐਮ. ਐਲ. ਮੁਤਵਾ, ਚਾਂਦੀ ਦਾ ਮੈਡਲ ਵਿਜੇਤਾ (ਸਜੇ) ਗਮਲਾ ਐਮ. ਐਲ ਮੁਤਵਾ ਅਤੇ ਤਾਂਬੇ ਦਾ ਮੈਡਲ ਜੇਤੂ ਬਰਾਹ ਐਸ. ਐਲ ਸਾਬਾਹ।

Sri Satguru Jagjit Singh Ji Elibrary NamdhariElibrary@gmail.com



ਜਾਪਾਨ ਦੇ ੪੮ ਕਿਲੋ ਗਰੁਪ ਦੇ ਪਹਿਲਵਾਨ ਤਾਬਯਸ਼ੀ ਨੇ ਕੁਸ਼ਤੀ ਵਿਚ ਕੋਰੀਆ ਦੇ ਪਹਿਲਵਾਨ ਗਪਦੋਸਨ ਨੂੰ ਚੁਕਿਆ ਹੋਇਆ ਹੈ। ਜਾਪਾਨੀ ਪਹਿਲਵਾਨ ਨੇ ਇਸ ਸਮੇਂ ਸੋਨੇ ਦਾ ਮੈਡਲ ਜਿਤਿਆ।

੫-੩੦ ਮੀਟਰ ਉੱਚੀ ਛਾਲ ਪੋਲਵਾਲਟ ਦੇ ਮੁਕਾਬਲੇ ਵਿਚ ਜਾਪਾਨ ਦੇ ਟੋਮੋਮੀ ਟਾਕਾਹਾਸ਼ੀ ਨੇ ਮਾਰ ਕੇ ਸੋਨੇ ਦਾ ਤਮਗਾ ਜਿਤਿਆ। ਜਾਪਾਨ ਨੇ ਹੀ ਚਾਂਦੀ ਦਾ ਤਮਗਾ ਜਿਤਿਆ। ਤੀਸਰਾ ਸਥਾਨ ਚੀਨ ਨੇ ਪ੍ਰਾਪਤ ਕੀਤਾ।

ਭਾਈ ਭਾਈ'। ਬਜ਼ੁਰਗ ਨੇ ਲੈਕਚਰ ਝਾੜਿਆ, ਯਹਾਂ ਸਭ ਕਾਇਰ ਬੈਠੇ ਹੈਂ ਤੇ ਫਿਰ ਗੁਸੇ ਨਾਲ ਉਹ ਥਾਂ ਛੱਡ ਕੇ ਚਲਾ ਗਿਆ। ਉਸ ਬਾਅਦ ਹਿੰਦ—ਚੀਨ ਦੋਸਤੀ ਦਾ ਸਮਰਥਕ ਵੀ ਚੁੱਪ ਹੀ ਰਿਹਾ ਪਰ ਉਸ ਨੇ ਸ਼ਰਤ ਇਸ ਗਲ ਤੇ ਲਾਈ ਸੀ ਕਿ ਮੈਚ ਬਰਾਬਰ ਰਹੇਗਾ। ਬਾਕੀ ਦਿਆਂ ਜਵਾਰੀਆਂ ਨੂੰ ਇਸ ਗਲ ਦਾ ਪਤਾ ਸੀ। ਇਕ ਸਰਦਾਰ ਜੀ (ਪਾਨ ਨਾਲ ਮੂੰਹ ਭਰਿਆ) ਜਵਾਰੀਆਂ ਦਾ ਖਜ਼ਾਨਚੀ ਸਨ। ਮੈਚ ਸ਼ੁਰੂ ਹੋਇਆ। ਹਲੇ ਗੁਲੇ ਦਾ ਉਹ ਤੂਫਾਨ ਮਚਿਆ ਕਿ ਸਾਰੀ ਦਿੱਲੀ ਨੂੰ ਪਤਾ ਲਗਦਾ ਸੀ। ਸਾਰੇ ਟੂਰਨਾਮੈਂਟ ਵਿਚ ਇਹੋ ਜਿਹਾ ਪੁਰਜੋਸ਼ ਮੈਚ ਨਹੀਂ ਵੇਖਿਆ। ਰੈਫਰੀ ਦੇ ਜ਼ਰਾ ਜਿਨੇ ਫੈਸਲੇ ਤੇ ਨਾਅਰੇ ਸ਼ੁਰੂ ਹੋ ਜਾਂਦੇ, ਰੈਫਰੀ ਹਾਇ ਹਾਇ! ਗੰਦੇ ਮੰਦੇ ਆਵਾਜ਼ੇ ਕਸੇ ਜਾਂਦੇ। ਇਕ ਮੁੰਡਾ ਘੜੀ ਮੁੜੀ ਖੜਾ ਹੋ ਕੇ ਰੈਫਰੀ ਨੂੰ ਆਵਾਜ਼ ਮਾਰ ਕੇ ਫਹਿਸ਼ ਇਸ਼ਾਰੇ ਕਰੇ ਲੋਕ ਵੇਖ ਵੇਖ ਹਸਣ। ਤੇ ਲਓ ੨੫ਵੇਂ ਮਿੰਟ ਤੇ ਚੀਨ ਨੇ ਗੋਲ ਕਰ ਦਿਤਾ। ਚੀਨੀ ਝੰਡੇ ਝੂਲ ਗਏ ਤੇ ਲੋਕੀਂ ਚੁਪ। ਲਗੇ ਟੀਮ ਨੂੰ ਗਾਲ੍ਹਾਂ ਕਢਣ। ਪਰ ਭਾਰਤ ਦੇ ਕਾਰਤਕ ਸੇਠ ਨੇ ਚੀਨ ਸਿਰ ਇਕ ਵਧੀਆ ਗੋਲ ਕਰ ਕੇ ਸਕੋਰ ਬਰਾਬਰ ਕਰ ਦਿਤਾ ਤਾਂ ਫਿਰ ਜੋ ਰੌਲਾ ਉਠਿਆ ਲਾ ਜਵਾਬ ਸੀ। ਲੋਕਾਂ ਕੋਟੀਆਂ ਸਵੈਟਰ ਟੋਪੀਆਂ ਲਾਹ ਲਾਹ ਕੇ ਘੁਮਾਈਆਂ, ਹਵਾ ਵਿਚ ਸੁਟੀਆਂ ਤੇ ਸੀਟੀਆਂ ਨਾਅਰਿਆਂ ਦਾ ਸ਼ੋਰ ਮਚ ਗਿਆ। ਹੁਣ ਫੁਟਬਾਲ ਦੇ ਏਧਰੋਂ ਉਧਰ ਜਾਣ ਨਾਲ ਰੌਲਾ ਉਠਦਾ। ਭਾਰਤ ਨੇ ਦੂਸਰਾ ਗੋਲ ਕੀਤਾ ਤਾਂ ਇਵੇਂ ਖੁਸ਼ੀ ਮਨਾਈ ਗਈ ਜਿਵੇਂ ਭਾਰਤ ਨੇ ਚੀਨ ਨੂੰ ਜੰਗ ਵਿਚ ਹਰਾ ਦਿੱਤਾ ਹੋਵੇ। ਸ਼ਰਤਾਂ ਦੇ ਰੇਟ ਮੁੜ ਲਗਣ ਲਗੇ। ਹੁਣ ਗੋਲਾਂ ਦੀਆਂ ਗਿਣਤੀਆਂ ਤੇ ਵੀ ਰੇਟ ਵਧਣ ਘਟਣ ਲਗੇ।

ਮੈਚ ੨-੨ ਤੇ ਬਰਾਬਰ ਰਿਹਾ। ਬਹੁਤਿਆਂ ਦੀਆਂ ਰਕਮਾਂ ਡੁੱਬ ਗਈਆਂ ਥੋਹੜੇ ਤਰ ਗਏ। ਇਹ ਮੈਚ ਵੇਖ ਕੇ ਬਾਰ ਬਾਰ ਫੁਟਬਾਲ ਦਾ ਪ੍ਰਸਿਧ ਖਿਲਾੜੀ ਇੰਦਰ ਸਿੰਘ ਚੇਤੇ ਆ ਰਿਹਾ ਸੀ। ਉਹ ਗੋਲਾਂ ਦੇ ਲਾਗੇ ਬਹੁਤ ਖਤਰਨਾਕ ਹੁੰਦਾ ਅਤੇ ਕਿਵੇਂ ਨਾ ਕਿਵੇਂ ਗੋਲ ਠੋਕ ਦਿੰਦਾ ਪਰ ਹੁਣ ਵਾਲੀ ਟੀਮ ਵਿਚ ਇਹ ਵਿਸ਼ੇਸ਼ ਘਾਟ ਬਹੁਤ ਖਟਕਦੀ ਸੀ। ਜੇ ਇੰਦਰ ਵਰਗਾ ਕੋਈ ਖਿਡਾਰੀ ਅਗੇ ਹੁੰਦਾ ਤਾਂ ਅਜ ਕਈ ਗੋਲ ਹੋਣੇ ਸਨ। ਇਹ ਹੀ ਹਾਲ ਹਾਕੀ ਦਾ ਸੀ।

ਜਵਾਹਰ ਲਾਲ ਨਹਿਰੂ ਸਟੇਡੀਅਮ

ਜਵਾਹਰ ਲਾਲ ਨਹਿਰੂ, ਏਸ਼ੀਆਡ ਵਾਸਤੇ ਬਣਾਇਆ ਗਿਆ ਮੁਖ ਸਟੇਡੀਅਮ ਹੈ। ਇਸ ਨੂੰ ਖੇਡਾਂ ਦੇ ਉਦਘਾਟਨੀ ਸਮਾਰੋਹ ਅਤੇ ਉਸ ਤੋਂ ਪਹਿਲਾਂ ਰੀਹਰਸਲਾਂ ਵੇਲੇ ਟੈਲੀਵੀਯਨ ਤੇ ਵੇਖਿਆ ਸੀ। ਪਰ ਜੋ ਅਨੁਭਵ ਇਸ ਵਿਚ ਜਾ ਕੇ ਹੋਇਆ ਉਹ ਵਖਰੀ ਕਿਸਮ ਦਾ ਸੀ। ਇਸ ਮੁਖ ਸਟੇਡੀਅਮ ਵਿਚ ਰਾਤ ਨੂੰ ਬਿਜਲੀ ਦੇ ਚਾਨਣ ਵਿਚ ਤਾਂ ਫੁਟਬਾਲ ਦੇ ਮੈਚ ਹੁੰਦੇ ਸਨ ਅਤੇ ਦਿਨੇ ਅਥਲੈਟਿਕਸ ਵਿਚ ਦੌੜਾਂ ਛਾਲਾ ਗੋਲਾ ਸੁਟਣਾ ਚੱਕਾ ਸੁਟਣਾ ਆਦਿ ਅਨੇਕ ਪ੍ਰਕਾਰ ਦੀਆਂ ਇਕਾਂਗੀ ਖੇਡਾਂ ਦੇ ਮੁਕਾਬਲੇ ਹੁੰਦੇ ਸਨ।

ਯਾਦ ਨਹੀਂ ਇਸ ਸਟੇਡੀਅਮ ਵਿਚ ਕਿੰਨੀ ਵਾਰ ਗਏ ਹੋਵਾਂਗੇ। ਇਸ ਦੇ ਹਰ ਕੰਨੇ ਅਤੇ ਹਰ ਹਿਸੇ ਵਿਚ ਬੈਠ ਕੇ ਵੱਖ ਵਖ ਖੇਡ ਕਰਮ ਦੇਖੇ।

ਪਹਿਲੀ ਵਾਰ ੨੪ ਨਵੰਬਰ ਰਾਤ ਨੂੰ ਇਕ ਫੁਟ ਬਾਲ ਮੈਚ ਵੇਖਣ ਅਸੀਂ ਸ. ਗੁਰਦੀਪ ਸਿੰਘ ਚੱਡਾ ਦੀ ਕਾਰ ਰਾਹੀਂ ਗਏ। ਇਹ ਮੀਲਾਂ ਦੂਰੀ ਤੋਂ ਜਗਮਗਾਉਂਦੀਆਂ ਰੌਸ਼ਨੀਆਂ ਕਾਰਨ ਪਛਾਣ 'ਚ ਆਉਂਦਾ ਸੀ। ਵਰਿਆਮ ਦੇ ਮੁਖ ਪੰਨੇ ਤੇ ਇਸ ਦਾ ਇਕ ਬਿਹੰਗਮ ਦ੍ਰਿਸ਼ ਹੈ।

ਜਦੋਂ ਅਸੀਂ ਪਹਿਲੀ ਵਾਰ ਵਡੇ ਦਰਵਾਜੇ ਨੂੰ ਪਾਰ ਕਰਕੇ ਅੰਦਰ ਦਖਲ ਹੋਏ ਤਾਂ ਅਖਾਂ ਦੇਖਦੀਆਂ ਹੀ ਰਹਿ ਗਈਆਂ ਇਹ ਦ੍ਰਿਸ਼ ਕਿਸੇ ਧਰਤੀ ਦਾ ਨਹੀਂ ਸਗੋਂ ਇਕ ਸੁਪਨ ਲੋਕ ਦਾ ਸੀ। ਉਪਰ ਨਜ਼ਰ ਮਾਰਿਆਂ ਤਾਂ ਘੁਸਮੁਸਾ ਹੀ ਲਗਦਾ ਪਰ ਥਲੇ ਮੈਦਾਨ ਵਿਚ ਦਿਨ ਚੜ੍ਹਿਆ ਹੋਇਆ ਸੀ। ਮੈਦਾਨ ਵਿਚਲਾ ਘਾਹ ਖੂਬਸੂਰਤ ਪੀਲੇ ਰੰਗ ਦੀ ਭਾਅ ਮਾਰ ਰਿਹਾ ਸੀ। ਫੁਟਬਾਲ ਮੈਦਾਨ ਦੇ ਬਾਹਰ ਦੌੜਾਕਾਂ ਵਾਸਤੇ ਵਿਛੀ ਟਰਫ ਤੇ ਲਾਈਟਾਂ ਲਿਸ਼ਕ ਰਹੀਆਂ ਸਨ। ਦੋ ਇਲੈਕਟ੍ਰਾਨਿਕ ਸਕੋਰ ਬੋਰਡ ਪਲ ਪਲ ਦੀ ਸੂਚਨਾ ਨਾਲ ਚਮਕ ਰਹੇ ਸਨ। ਮੈਚ ਦਾਂ ਏਨਾ ਸਮਾਂ ਹੋ ਗਿਆ ਹੈ ਏਨਾ ਬਾਕੀ ਹੈ। ਗੋਲ ਕਿਵੇਂ ਹੋਏ ਕਿਸ ਨੇ ਕੀਤੇ। ਟੀਮਾਂ ਦੇ ਕੀ ਨਾਮ ਹਨ। ਖਿਡਾਰੀਆਂ ਦੇ ਕੀ ਨਾਮ ਹਨ, ਕਮੀਜ਼ਾਂ ਦੇ ਕੀ ਰੰਗ ਹਨ ਅਤੇ ਕੀ ਨੰਬਰ ਹਨ।

ਸਾਈਡਾਂ ਤੇ ਵੀ. ਆਈ. ਪੀ ਅਤੇ ਮਹਿੰਗੀਆਂ ਟਿਕਟਾਂ ਵਾਲੀਆਂ ਕੁਰਸੀਆਂ ਵੱਖੋ ਵੱਖ ਰੰਗਾਂ ਵਿਚ ਦਮਕ ਰਹੀਆਂ ਸਨ ਅਤੇ ਉਪਰ ਰੰਗ ਬਰੰਗੇ ਦਰਸ਼ਕ ਸ਼ਸ਼ੋਭਿਤ

Sri Satguru Jagjit Singh Ji Elibrary NamdhariElibrary@gmail.com

ਸਨ ਧੁਰ ਉਪਰ ਜੋਤੀ ਕੁੰਡ ਵਿਚ ਖੇਡਾਂ ਦੀ ਲਾਟ ਜਲ ਰਹੀ ਸੀ। ਟੀ. ਵੀ ਤੇ ਇਸ ਜੋਤ ਨੂੰ ਸ. ਬਲਬੀਰ ਸਿੰਘ ਰਾਹੀਂ ਜਗਾਇਆ ਜਾਂਦਾ ਵੇਖਿਆ ਸੀ ਪਰ ਅਜ ਤਾਂ ਉਪਰ ਜਾਣ ਵਾਸਤੇ ਬਾਹਰੋਂ ਕੋਈ ਪੌੜੀ ਨਹੀਂ ਸੀ। ਉਸ ਦਿਨ ਇਹ ਵਿਸ਼ੇਸ਼ ਤੌਰ ਤੇ ਬਣਾਈ ਗਈ ਸੀ।

ਇਹ ਮਹਾਨ ਸਟੇਡੀਅਮ ਦੋ ਮੰਜ਼ਲਾ ਹੈ। ਹੇਠਲੀ ਮੰਜ਼ਲ ਤੇ ਸਭ ਪਾਸੇ ਕੁਰਸੀਆਂ ਹਨ ਕਿਸੇ ਨਾ ਕਿਸੇ ਪ੍ਰਕਾਰ ਦੀਆਂ। ਉਪਰਲੀ ਮੰਜ਼ਲ ਤੇ ਕੁਰਸੀਆਂ ਨਹੀਂ ਪਰ ਖੇਡਾਂ ਦਾ ਦ੍ਰਿਸ਼ ਜ਼ਿਆਦਾ ਵਿਸ਼ਾਲ ਅਤੇ ਬੇਰੋਕ ਦਿਸਦਾ ਹੈ। ਥਲੇ ਬੈਠਿਆਂ ਨੂੰ ਉਪਰ ਵਾਲੇ ਸਰੋਤਿਆਂ ਦਾ ਸ਼ੇਡ ਜਿਹਾ ਦਿਸਦਾ ਹੈ। ਰਾਤ ਨੂੰ ਇਕ ਤਾਂ ਉਪਰ ਬਹੁਤੀ ਰੌਸ਼ਨੀ ਨਹੀਂ ਪੈਂਦੀ ਦੂਸਰਾ ਦੂਰੀ ਵੀ ਹੁੰਦੀ ਹੈ ਪਰ ਨੇੜਲੇ ਬੰਦੇ ਪਛਾਣੇ ਜ਼ਰੂਰ ਜਾਂਦੇ ਹਨ। ਇਸ ਸਟੇਡੀਅਮ ਦੇ ਦਰਸ਼ਨ ਮਾਤਰ ਹੀ ਕਈਆਂ ਦੀ ਲਾਲਸਾ ਸੀ। ਇਹ ਬਹੁਤ ਹੀ ਕਮਾਲ ਦੀ ਚੀਜ਼ ਸੀ, ਬਹੁਤ ਮਹਾਨ ਪ੍ਰਾਜੈਕਟ ਸੀ। ਸਟੇਡੀਅਮ ਵੇਖ ਕੇ ਪਤਾ ਲਗਦਾ ਸੀ ਕਿ ਕਿਨਾਂ ਚਿਰ ਸਾਰਾ ਸੀਮੈਂਟ ਇਥੇ ਹੀ ਕਿਉਂ ਖਪਦਾ ਰਿਹਾ। ਸਟੇਡੀਅਮ ਦੇ ਚਾਰ ਕੋਨਿਆਂ ਤੋਂ ਫਿਲਿਪਸ ਵਾਲਿਆਂ ਨੇ ਆਕਾਸ਼ ਜਿਡੇ ਉਚੇ ਉਚੇ ਚਾਰ ਲਾਈਟ ਹਾਊਸ ਬਣਾਏ ਹੋਏ ਸਨ। ਜਿਨਾਂ ਦਾ ਚਾਨਣ ਖੇਡ ਮੈਦਾਨ ਵਿਚ ਆ ਪੈਂਦਾ ਸੀ। ਅੰਦਰ ਵਾਸਤੇ ਵਖਰੀਆਂ ਰੋਸ਼ਨੀਆਂ ਸਨ। ਹਰ ਹਿੱਸੇ ਵਿਚ ਵਧੀਆ ਰੈਸਟੋਰੈਂਟ, ਲਿਸ਼ ਲਿਸ਼ ਕਰਦੇ ਪਸ਼ਾਬ ਖਾਨੇ, ਟੱਟੀਆਂ ਅਤੇ ਪੀਣ ਵਾਲੇ ਪਾਣੀ ਦੀਆਂ ਟੂਟੀਆਂ ਦਾ ਪਰਬੰਧ ਸੀ। ਇਹ ਸਹੂਲਤਾਂ ਤਾ ਹਰ ਸਟੇਡੀਅਮ ਵਿਚ ਸਨ। ਹਰ ਵੇਲੇ ਸਫਾਈ ਮਜ਼ਦੂਰ ਹਾਜ਼ਰ ਸਨ ਜੋ ਨਿਕਾ ਜਿਹਾ ਕਾਗਜ਼ ਵੀ ਚੁਕ ਦਿੰਦੇ। ਅਨਾਊਸਮੈਂਟਾਂ ਵਾਸਤੇ ਸਪੀਕਰਾਂ ਦਾ ਇਕ ਸਿਲਸਿਲਾ ਸੀ। ਇਹ ਸਪੀਕਰ ਖੰਭਿਆਂ ਤੇ ਲਾਏ ਗਏ ਸਨ, ਆਵਾਜ਼ ਹਰ ਕੋਨੇ ਵਿਚ ਵਧੀਆ ਅਤੇ ਸਾਫ਼ ਪਹੁੰਚਾਣ ਵਾਸਤੇ। ਹਿੰਦੀ ਅਤੇ ਅੰਗਰੇਜ਼ੀ ਵਿਚ ਬਹੁਤ ਸਾਫ਼ ਉਚਾਰਣ ਵਾਲੇ ਇਸਤਰੀ-ਮਰਦ ਅਨਾਊਂਸਰ ਇਹ ਕਾਰਜ ਕਰ ਰਹੇ ਸਨ। ਪਹਿਲੇ ਮੈਚਾਂ ਵਿਚ ਤਾਂ ਸਾਨੂੰ ਫੁਟਬਾਲ ਦੀ ਖੇਡ ਨਾਲੋਂ ਸਟੇਡੀਅਮ ਦੇ ਦ੍ਰਿਸ਼ ਹੀ ਚੰਗੇ ਲਗੇ। ਮੈਚਾਂ ਵਿਚ ਏਨੀ ਜਾਨ ਨਹੀਂ ਸੀ। ਉਂਝ ਵੀ ਫੁਟਬਾਲ ਮੈਚ ਵੇਖਣ ਵਾਸਤੇ ਮੈਦਾਨ ਦੂਰ ਪੈਂਦਾ ਸੀ। ਅੰਬੇਦਕਰ ਸਟੇਡੀਅਮ ਜਾਂ ਨੈਸ਼ਨਲ ਸਟੇਡੀਅਮ ਵਿਚ ਮੁਕਾਬਲਤਨ ਖਿਡਾਰੀ ਨੇੜ ਸਨ। ਸਟੇਡੀਅਮ ਵਿਚ ਕੈਮਰਾ, ਦੂਰਬੀਨ ਆਦਿ ਲਿਜਾਣ ਦੀ ਉਂਝ ਮਨਾਹੀ ਸੀ। ਅਜਿਹੇ ਸਟੇਡੀਅਮ ਵਿਚ ਦੂਰਬੀਨ ਕੋਲ ਜ਼ਰੂਰ ਹੋਣੀ ਚਾਹੀਦੀ ਹੈ।

ਅਥਲੈਟਿਕਸ ਦਿਨ ਵੇਲੇ ਹੁੰਦੀ ਸੀ। ਇਸ ਵਿਚ ਵੱਖ ਵੱਖ ਪ੍ਰੋਗਰਾਮ ਨਾਲੋ ਨਾਲ ਹੀ ਚਲਦੇ ਰਹਿੰਦੇ ਸਨ। ਅਸੀਂ ਬਹਾਦਰ ਸਿੰਘ ਨੂੰ ਗੋਲੇ ਵਿਚ ਤਮਗਾ ਜਿਤਦਿਆਂ ਵੇਖਿਆ। ਗੀਤਾ ਜ਼ੁਤਸ਼ੀ ਦੌੜਦੀ ਵੇਖੀ, ਪੋਲ ਵਾਲਟ ਉਚੀ ਛਾਲ, ਡਿਸਕਸ ਥ੍ਰੋ, ਹੈਮਰ ਥ੍ਰੋ, ਹਰਡਲ ਰੇਸ ਅਤੇ ਕਈ ਪ੍ਰਕਾਰ ਦੀਆਂ ਮਰਦਾ ਔਰਤਾਂ ਦੀਆਂ ਰੇਸਾਂ ਵੇਖੀਆਂ। ਹਰ ਇਕ ਦਾ ਬਿਆਨ ਕਰਨਾ ਔਖਾ ਹੈ ਪਰ ਹਰ ਈਵੈਂਟ 'ਚ ਚੀਨ ਅਤੇ ਜਾਪਾਨ ਦੀ ਹੋੜ ਲਗੀ ਹੋਈ ਸੀ, ਦੱਬਾ ਦੱਬ ਮੈਡਲ ਵਲੇਟਣ ਦੀ।

ਮੈਡਲ ਦੇਣ ਦੀ ਰਸਮ

ਜਦ ਕਦੀ ਕੋਈ ਖਿਡਾਰੀ ਮੈਡਲ ਜਿਤਦਾ ਤਾਂ ਉਸ ਬਾਅਦ ਮੈਡਲ ਦੇਣ ਦੀ ਰਸਮ ਪੂਰੀ ਕੀਤੀ ਜਾਂਦੀ। ਬੈਂਡ ਦੀ ਵਿਸ਼ੇਸ਼ ਧੁਨ ਦੇ ਨਾਲ ਤਿੰਨ ਲੜਕੀਆਂ ਵੰਨ ਸੁਵੰਨੇ ਭਾਰਤੀ ਪਹਿਰਾਵਿਆਂ ਵਿਚ ਮੈਡਲ ਥਾਲੀਆਂ ਵਿਚ ਧਰ ਕੇ ਲਿਆਉਂਦੀਆਂ ਮਗਰ ਮਗਰ ਵਿਜੇਤਾ ਉਸੇ ਲਾਈਨ ਵਿਚ ਇਕ ਵਿਸ਼ੇਸ਼ ਡਸਿਪਲਿਨ ਵਿਚ ਆਉਂਦੇ। ਕੋਈ ਬਹੁਤ ਹੀ ਵਿਸ਼ੇਸ਼ ਵਿਅਕਤੀ ਇਹ ਮੈਡਲ ਅਨਾਊਂਸਮੈਂਟ ਨਾਲ ਵਾਰੀ ਵਾਰੀ ਖਿਡਾਰੀਆਂ ਦੇ ਗਲ ਵਿਚ ਪਾਉਂਦਾ। ਪਹਿਲੇ ਨੰਬਰ ਨੂੰ ਸੋਨੇ ਦਾ ਤਮਗਾ ਦੂਸਰੇ ਨੰਬਰ ਨੂੰ ਚਾਂਦੀ ਦਾ ਅਤੇ ਤੀਸਰੇ ਨੰਬਰ ਵਾਲੇ ਨੂੰ ਕਾਂਸੇ ਦਾ ਤਮਗਾ। ਫਿਰ ਮੈਦਾਨ ਦੇ ਇਕ ਪਾਸੇ ਤਿੰਨ ਪੋਲਾਂ ਤੇ ਤਿੰਨਾਂ ਦੇਸ਼ਾਂ ਦੇ ਝੰਡੇ ਹੌਲੀ ਹੌਲੀ ਉਪਰ ਨੂੰ ਜਾਂਦੇ। ਸੋਨੇ ਦਾ ਤਮਗਾ ਜਿਤਣ ਵਾਲੇ ਦੇਸ਼ ਦਾ ਕੌਮੀ ਤਰਾਨਾ ਵਜਾਇਆ ਜਾਂਦਾ। ਸਟੇਡੀਅਮ ਵਿਚ ਬੈਠੇ ਹਜ਼ਾਰਾਂ ਦਰਸ਼ਕ ਖੜੇ ਹੋ ਜਾਂਦੇ। ਅਜਿਹੇ ਮਾਨ ਅਤੇ ਸਤਿਕਾਰ ਵਾਲੀ ਘੜੀ ਵਿਚ ਜੋ ਖੁਸ਼ੀ ਹੁੰਦੀ ਹੈ ਉਹ ਕੋਈ ਵਿਜੇਤਾ ਨੂੰ ਪੁਛੇ। ਇਸ ਖੁਸ਼ੀ ਵਿਚ ਕਈ ਕੁੜੀਆਂ ਰੋ ਪਈਆਂ। ਹਥ ਖੜੇ ਕਰ ਕਰ ਕੇ ਘੁਮ ਘੁਮ ਕੇ ਦਰਸ਼ਕਾਂ ਦੀਆਂ ਸਵਾਗਤੀ ਤਾਲੀਆਂ ਦਾ ਜਵਾਬ ਖਿਡਾਰੀ ਦਿੰਦੇ।

ਏਸ਼ੀਆ ਦੀ ਜਵਾਨੀ ਸੁੰਦਰਤਾ ਅਤੇ ਹੁਸਨ ਟਿਕ ਇਕ ਮਿਲੀ ਮੀਟਰ ਥਾਂ ਵਾਸਤੇ ਲੜ ਮਰ ਰਿਹਾ ਸੀ। ਜਾਪਾਨ ਦੀ ਸੀਕੋ ਕੰਪਨੀ ਵਾਲਿਆਂ ਆਪਣੇ ਜੰਤਰ ਮੁਫਤ ਏਸ਼ੀਆਡ ਵਾਸਤੇ ਭੇਟ ਕੀਤੇ। ਦੂਰਬੀਨਾਂ ਅਤੇ ਖ਼ੁਰਦਬੀਨਾਂ

Sri Satguru Jagjit Singh Ji Elibrary NamdhariElibrary@gmail.com

ਨਾਲ ਛਾਲਾਂ ਦੇ ਫੈਸਲੇ ਕੀਤੇ ਜਾਂਦੇ। ਦੌੜਾਕ ਦੇ ਦੌੜਨ ਵੇਲੇ ਹੀ ਘੜੀ ਚਲਣੀ ਸ਼ੁਰੂ ਹੋ ਜਾਂਦੀ ਅਤੇ ਸੈਕਿੰਡਾਂ ਦੇ ਸੌਵੇਂ ਹਿਸਿਆਂ ਤੱਕ ਦਸਦੀ ਨਾਲੋ ਨਾਲ ਚਲਦੀ। ਦੌੜ ਖਤਮ ਹੋਣ ਨਾਲ ਹੀ ਸਮਾਪਤ ਹੋ ਜਾਂਦੀ। ਕਲੇ ਕਲੇ ਦੌੜਾਕ ਦਾ ਸਮਾਂ ਪੁਜ਼ੀਸ਼ਨ ਉਨੇ ਵੇਲੇ ਦਸ ਦਿੰਦੀ।

ਕੈਮਰਿਆਂ ਵਾਲੇ ਜੇਤੂ ਦੁਆਲੇ ਝੁਰਮਟ ਪਾ ਲੈਂਦੇ। ਵਿਸ਼ੇਸ਼ ਕੈਮਰਾਮੈਨਾਂ ਨੂੰ ਹੀ ਪਾਸ ਦਿਤੇ ਗਏ ਸਨ ਅਤੇ ਉਹਨਾਂ ਨੂੰ ਪਹਿਚਾਣ ਵਾਸਤੇ ਪੀਲੀਆਂ ਜੇਕਟਾਂ ਪਵਾਈਆਂ ਗਈਆਂ ਸਨ।'

ਟੀ. ਵੀ. ਵਾਲਿਆਂ ਦੇ ਵੱਡੇ ਕੈਮਰੇ ਵੱਖੋ ਵੱਖ ਥਾਵਾਂ ਤੇ ਫਿਟ ਸਨ ਜੋ ਹਰ ਕੋਨ ਤੇ ਖੇਡਾਂ ਦੇ ਅਕਸ ਭਾਰਤ ਅਤੇ ਭਾਰਤ ਤੋਂ ਬਾਹਰ ਦੂਰ ਦਰਾਜ਼ ਇਲਾਕਿਆਂ ਵਿਚ ਭੇਜ ਰਹੇ ਸਨ।

ਭਾਰਤ-ਅਰਬ ਮੈਚ—

ਇਸ ਸਟੇਡੀਅਮ ਵਿਚ ਦੋ ਮੈਚ ਵੱਖ ਵੱਖ ਕਾਰਨਾਂ ਕਰਕੇ ਯਾਦਗਾਰੀ ਰਹੇ। ਇਕ ਤਾਂ ਭਾਰਤ ਸਊਦੀ ਅਰਬ ਦਾ ਫੁਟਬਾਲ ਮੈਚ ਅਤੇ ਦੂਸਰਾ ਕੁਵੈਤ ਡੀ. ਪੀ. ਆਰ ਕੋਰੀਆ ਦਾ ਮੈਚ।

ਭਾਰਤ-ਸਊਦੀ ਅਰਬ ਮੈਚ ਦੀ ਗਲ ਤਾਂ ਏਨੀ ਹੈ ਕਿ ਇਸ ਕੁਆਰਟਰ ਫਾਈਨਲ ਵਿਚ ਭਾਰਤ ਜਿਤਦਾ ਜਿਤਦਾ ਹਾਰ ਗਿਆ ਸੀ। ਬਹੁਤ ਸ਼ੋਕ ਨਾਲ ਭਾਰਤੀ ਦਰਸ਼ਕ ਗਏ ਸਨ। ਕੋਈ ੬੦-੭੦ ਹਜ਼ਾਰ ਦਰਸ਼ਕ ਸੰਘ ਪਾੜਵੇਂ ਸ਼ੋਰ ਨਾਲ ਆਪਣੀ ਟੀਮ ਨੂੰ ਸ਼ਾਬਾਸ ਦੇ ਰਿਹਾ ਸੀ।

ਉਪਰਲੀ ਮੰਜ਼ਲ ਦੇ ਪਰਛਾਵਿਆਂ ਵਾਂਗ ਦਿਸਦੇ ਦਰਸ਼ਕ ਜਦੋਂ ਮਿਲਵਾਂ ਰੌਲਾ ਪਾਉਂਦੇ ਤਾਂ ਇੰਜ ਲਗਦਾ ਜਿਵੇਂ ਕੋਈ ਗੈਬੀ ਆਵਾਜ਼ ਪਰਲੋ ਲਿਆ ਦੇਵੇਗੀ। ਸਊਦੀ ਅਰਬ ਦੀ ਟੀਮ ਨੂੰ ਬਰਾਜ਼ੀਲ ਦੇ ਸੰਸਾਰ ਪ੍ਰਸਿਧ ਕੋਚ ਮਾਰੀਆ ਜ਼ੁਗਾਲੋ ਨੇ ਟਰੇਨਿੰਗ ਦਿਤੀ ਸੀ। ਉਸਦਾ ਬਿਆਨ ਅਖਬਾਰਾਂ ਵਿਚ ਛਪਿਆ ਸੀ ਕਿ "ਕੌਮਾਂਤਰੀ ਫੁਟਬਾਲ ਏਨਾ ਮੁਕਾਬਲੇ ਭਰਿਆ ਹੋ ਗਿਆ ਹੈ ਕਿ ਆਖਰੀ ਸੀਟੀ ਤਕ ਕੋਈ ਪਤਾ ਨਹੀਂ ਕਿ ਕੀ ਨਤੀਜਾ ਨਿਕਲੇ।" ਉਸ ਦਾ ਇਹ ਕਥਨ ਇਸ ਮੈਚ ਵਿਚ ਦਰੁਸਤ ਸਾਬਤ ਹੋਇਆ ਸੀ। ਭਾਰਤੀ ਟੀਮ ਲਗਾਤਾਰ ਅਰਬੀ ਗੋਲਾਂ ਤੇ ਹਮਲੇ ਕਰਦੀ ਰਹੀ। ਲੋਕਾਂ ਦੀਆਂ ਭਾਵਨਾਵਾਂ ਉਤੇਜਿਤ ਹੁੰਦੀਆਂ ਰਹੀਆਂ ਪਰ ਨਤੀਜਾ ਹਾਕੀ ਵਾਂਗ ਹੀ। ਇਸ ਵੇਲੇ ਫਿਰ ਵਾਰ ਵਾਰ ਇੰਦਰ ਸਿੰਘ ਯਾਦ ਆਇਆ।

ਆਪਣੀ ਘਾਲਨਾ ਨੂੰ ਗੋਲਾਂ ਵਿਚ ਪ੍ਰੀਵਰਤ ਕਰ ਸਕਣ ਦੀ ਅਸਮਰਥਾ ਦਾ ਭੁਗਤਾਨ ਭਾਰਤ ਨੂੰ ਭੁਗਤਣਾ ਪਿਆ। ਜਦੋਂ ਕਦੇ ਵੀ ਕੋਈ ਟੀਮ ਲਗਾਤਾਰ ਵਿਰੋਧੀ ਗੋਲਾਂ ਤੇ ਹਮਲੇ ਦੇ ਬਾਵਜੂਦ ਗੋਲ ਨਾ ਕਰ ਸਕੇ ਤਾਂ ਅਕਸਰ ਉਸਦੀ ਹਾਰ ਨਿਸਚਿਤ ਹੁੰਦੀ ਹੈ। ਲਾਊਡਸਪੀਕਰਾਂ ਤੇ ਜਦ ਇਹ ਅਨਾਊਂਸ ਹੋ ਰਿਹਾ ਸੀ ਕਿ ਜੇ ਇਹ ਮੈਚ ਬਰਾਬਰ ਰਹਿ ਗਿਆ ਤਾਂ ਇਸ ਬਾਅਦ ਅਧਾ ਘੰਟਾ ਹੋਰ ਵਕਤ ਦਿੱਤਾ ਜਾਵੇਗਾ ਜੇ ਫੇਰ ਵੀ ਮੈਚ ਦਾ ਫੈਸਲਾ ਨਹੀਂ ਹੁੰਦਾ ਤਾਂ ਸਿਧੀਆਂ ਗੋਲਾਂ ਵਿਚ ਪੈਨਲਟੀ ਕਿੱਕਾਂ ਮਾਰ ਕੇ ਹਾਰ ਜਿੱਤ ਦਾ ਫੈਸਲਾ ਕੀਤਾ ਜਾਵੇਗਾ, ਤਾਂ ਬਿਲਕੁਲ ਅੰਤਲੇ ਮਿੰਟਾਂ ਵਿਚ ਸਊਦੀ ਅਰਬ ਦੇ ਭਾਗ ਜਾਗੇ ਤੇ ਭਾਰਤ ਨੇ ਇਕ ਨਿਕਮਾ ਜਿਹਾ ਗੋਲ ਕਰਵਾ ਲਿਆ ਅਤੇ ਇਸ ਦੇ ਨਾਲ ਹੀ ਉਹ ਟੂਰਨਾਮੈਂਟ ਚੋਂ ਬਾਹਰ ਹੋ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ, ਸੇਠ ਤ੍ਰਲੋਕ ਸਿੰਘ ਜੀ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਐਮ. ਪੀ ਨਾਲ ਮੈਚ ਵੇਖਣ ਤਾਂ ਆਏ ਸਨ ਪਰ ਵਕਤ ਰਾਤ ਜ਼ਿਆਦ ਹੋਣ ਕਰਕੇ ਵਾਪਸ ਚਲੇ ਗਏ ਸਨ। ਠਾਕਰ ਉਦੈ ਸਿੰਘ ਜੀ, ਸੂਬਾ ਸਤਿਨਾਮ ਸਿੰਘ ਨੈਰੋਬੀ, ਹੰਸਪਾਲ ਸਪੁਤਰ ਟਿੱਕਾਸੁਰਅੰਮ੍ਰਿਤ ਸਿੰਘ ਸਹਿਤ ਅਸੀਂ ਗਈ ਰਾਤ ਤਕ ਮੈਚ ਵੇਖਦੇ ਰਹੇ ਅਤੇ ਅੰਤ ਨੂੰ ਖੇਡ ਦੇ ਐਨ ਉਲਟ ਨਤੀਜਾ ਨਿਕਲਿਆ। ਸਊਦੀ ਅਰਬ ਦਾ ਡਿਪਟੀ ਪ੍ਰਧਾਨ ਮੰਤਰੀ ਵੀ ਇਸ ਮੈਚ ਨੂੰ ਵੇਖਣ ਆਇਆ ਸੀ। ਉਹ ਬਹੁਤ ਖੁਸ਼ ਸੀ। ਫਲੈਸ਼ ਕੈਮਰੇ ਅਤੇ ਮੂਵੀ ਕੈਮਰਿਆਂ ਦੀ ਰੌਸ਼ਨੀ ਵਿਚ ਉਚਾ ਲੰਮਾਂ ਗੋਰਾ ਚਿਟਾ ਖੂਬਸੂਰਤ ਡਿ: ਪ੍ਰਧਾਨ ਮੰਤਰੀ ਆਪਣੇ ਚਿਟੇ ਅਰਬੀ ਗਾਊਨ ਵਿਚ ਖੁਸ਼ੀ ਵਿਚ ਲਾਲੋ ਲਾਲ, ਮੁਸਕਰਾਹਟਾਂ ਵੰਡ ਰਿਹਾ ਸੀ।

ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਹੋਰ ਵੀ ਫੁਟਬਾਲ ਮੈਚ ਵੇਖੇ। ਅਕਸਰ ਮੈਚ ਬੇ ਸੁਆਦੇ ਹੀ ਸਨ। ਜਿਵੇਂ ਹਾਕੀ ਵਿਚ ਅਜ ਕਲ ਬਹੁਤ ਗੋਲ ਹੋਣ ਲਗ ਪਏ ਹਨ ਇਵੇਂ ਫੁਟਬਾਲ ਵਿਚ ਨਹੀਂ ਹੋਇਆਂ ਅਜੇ।

ਬਹੁਤ ਚਰਚਿਤ ਸੈਮੀਫਾਈਨਲ

ਸ੍ਰੀ ਪ੍ਰੀਤਮ ਸਿੰਘ ਕਵੀ ਜੀ ਇਹਨਾਂ ਦਿਨਾਂ ਵਿਚ ਪੰਜਾਬ ਤੋਂ ਹੋ ਕੇ ਵਾਪਸ ਦਿਲੀ ਪੁਜੇ ਸਨ। ਇਕ ਦਿਨ ਤਾਂ

Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੋਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

AMBER FOODS

Amber pet HYDERABAD

(A.P.)

Sri Satguru Jagjit Singh Ji Elibrary NamdhariElibrary@gmail.com

ਅਸਾਂ ਅਥਲੈਟਿਕਸ ਦਾ ਪ੍ਰੋਗਰਾਮ ਵੇਖਿਆ ਤੇ ਅਗਲੇ ਦਿਨ ਸ਼ਾਮ ਸਤ ਵਜੇ ਅਸੀਂ ਫੁਟਬਾਲ ਮੈਚ ਵੇਖਣ ਗਏ।

ਅਸੀਂ ਬਹੁਤ ਮੂਡ ਵਿਚ ਸੀਟਾਂ ਤੇ ਕੰਬਲ ਵਿਛਾ ਕੇ ਅਖੀਰ ਨਵੰਬਰ ਦੀ ਮਿਠੀ ਮਿਠੀ ਠੰਡ ਦਾ ਪਰਬੰਧ ਕਰ ਕੇ ਇਹ ਮੈਚ ਵੇਖ ਰਹੇ ਸੀ। ਸੈਮੀਫਾਈਨਲ 'ਚ ਮੈਚ ਡੀ. ਪੀ. ਆਰ ਕੋਰੀਆ (ਉਤਰੀ ਕੋਰੀਆ) ਅਤੇ ਕੁਵੈਤ ਦੀਆਂ ਟੀਮ ਵਿਚਕਾਰ ਖੇਡਿਆ ਜਾ ਰਿਹਾ ਸੀ। ਖੇਡ ਸ਼ੁਰੂ ਹੋਣ ਤੋਂ ਥੋਹੜਾ ਸਮਾਂ ਬਾਅਦ ਸਾਡੇ ਤੋਂ ਦੂਰੇਡੇ ਪਾਸੇ ਕੁਵੈਤ ਨੂੰ ਕੋਰੀਆ ਵਿਰੁਧ ਪੈਨਲਟੀ ਕਿੱਕ ਮਿਲਿਆ। ਦੂਰ ਲੋਕਾਂ ਵਲੋਂ ਰੈਫਰੀ ਦੇ ਫੈਸਲੇ ਵਿਰੁਧ ਕੁਝ ਅਵਾਜ਼ਾਂ ਆਈਆਂ ਪਰ ਪਤਾ ਨਾ ਲਗਾ। ਇਹ ਪੈਨਲਟੀ ਕੋਰੀਆ ਦੇ ਗੋਲਚੀ ਨੇ ਰੋਕ ਲਈ। ਅੱਧੇ ਸਮੇਂ ਬਾਅਦ ਉਤਰੀ ਕੋਰੀਆ ਨੇ ਕਵੈਤ ਸਿਰ ਇਕ ਗੋਲ ਚਾੜ੍ਹ ਦਿਤਾ। ਖੇਡ ਦੇ ਚਲਣ ਤੋਂ ਇਹ ਪ੍ਰਤੀਤ ਹੋ ਰਿਹਾ ਸੀ ਕਿ ਅਜ ਦਾ ਇਹ ਸੈਮੀਫਾਈਨਲ ਉਤਰੀ ਕੋਰੀਆ ਲੈ ਜਾਵੇਗਾ ਅਤੇ ਫਾਈਨਲ ਵਿਚੋਂ ਵੀ ਇਹ ਜੇਤੂ ਰਹੇਗਾ। ਰੈਫਰੀ ਦੇ ਫੈਸਲਿਆਂ ਨੂੰ ਕੋਰੀਆ ਦੇ ਕਈ ਖਿਲਾੜੀ ਮਾੜਾ ਮਾੜਾ ਚੈਲੰਜ ਕਰਦੇ ਰਹੇ।

ਸਮਾਪਤੀ ਤੋਂ ਥੋਹੜਾ ਸਮਾਂ ਪਹਿਲਾਂ ਕਵੈਤ ਦਾ ਲੈਫਟ-ਅਊਟ ਬਾਲ ਲਿਆ ਰਿਹਾ ਸੀ ਅਤੇ ਉਹ ਖਤਰਨਾਕ ਸਾਬਤ ਹੋ ਸਕਦਾ ਸੀ। ਇਸ ਵੇਲੇ ਉਤਰੀ ਕੋਰੀਆ ਦੇ ਰਾਈਟ ਫੁਲ-ਬੈਕ ਨੇ ਡਾਈਵ ਮਾਰ ਕੇ ਬਾਲ ਨੂੰ ਚਾਰਜ ਕੀਤਾ। ਬਾਲ ਤਾਂ ਸਾਈਡੋਂ ਪਾਰ ਜਾ ਦਰਸ਼ਕਾਂ ਵਿਚ ਡਿਗਾ ਪਰ ਕੁਵੈਤ ਦਾ ਲੈਫਟ ਆਊਟ ਖਿਲਾੜੀ ਭੁੰਜੇ ਡਿਗ ਪਿਆ। ਦਰਸ਼ਕ ਤਾਂ ਗੇਂਦ ਬਚਾਉਣ ਵਾਸਤੇ ਸ਼ਾਬਾਸ਼ੀ ਤਾਲੀਆਂ ਵਜਾ ਰਹੇ ਤੇ ਵਾਹਵਾ ਕਰ ਰਹੇ ਸਨ ਪਰ ਥਾਈ ਰੈਫਰੀ ਨੇ ਕੋਰੀਆ ਵਿਰੁਧ ਪੈਨਲਟੀ ਕਿੱਕ ਦੇ ਦਿਤੀ। ਇਸ ਫੈਸਲੇ ਵਿਰੁਧ ਕੋਰੀਆਈ ਖਿਲਾੜੀਆਂ ਨੇ ਤਗੜਾ ਰੋਸ ਪ੍ਰਗਟ ਕੀਤਾ ਅਤੇ ਲੋਕਾਂ ਨੇ ਰੈਫਰੀ ਹਾਇ ਹਾਇ ਦੇ ਨਾਅਰਿਆਂ ਨਾਲ ਲਾਲ ਕਿਲੇ ਦੀਆਂ ਕੰਧਾਂ ਹਿਲਾ ਦਿਤੀਆ। ਰੈਫਰੀ ਦਾ ਇਹ ਫੈਸਲਾ ਸਰਾਸਰ ਅਤੇ ਸਪਸ਼ਟ ਰੂਪ ਵਿਚ ਗਲਤ ਸੀ। ਮੈਂ ਕਵੀ ਜੀ ਨੂੰ ਕਿਹਾ, "ਇਹੋ ਜਿਹੇ ਰੈਫਰੀ ਟੀਮਾਂ ਮਰਵਾ ਦਿੰਦੇ ਹਨ। ਇਹਨਾਂ ਦੇ ਫੈਸਲੇ ਤਾਂ ਬਦਲੇ ਨਹੀਂ ਜਾਇਆ ਕਰਦੇ ਪਰ ਅਜਿਹੇ ਬੰਦੇ ਕੁਟ ਜ਼ਰੂਰ ਖਾਂਦੇ ਹਨ।"

ਥੋਹੜੇ ਰੋਸ ਬਾਅਦ ਆਖਰ ਕੋਰੀਆਈ ਕਿੱਕ ਲੁਆ-ਉਣੀ ਮੰਨ ਗਏ। ਕੁਵੈਤ ਨੇ ਗੋਲ ਕਰ ਕੇ ਮੈਚ ਬਰਾਬਰ ਕਰ ਦਿਤਾ। ਪੰਜ ਮਿੰਟ ਬਾਅਦ ਮੈਚ ਖਤਮ ਹੋ ਗਿਆ।

ਕਿਉਂਕਿ ਮੈਚ ਬਰਾਬਰੀ ਤੇ ਖਤਮ ਹੋਇਆ ਸੀ ਇਸ ਵਾਸਤੇ ਅਧਾ ਘੰਟਾ ਹੋਰ ਵਕਤ ਦਿਤਾ ਗਿਆ। ਹੁਣ ਕਵੈਤ ਨੇ ਦੋ ਗੋਲ ਹੋਰ ਕਰ ਦਿਤੇ ਅਤੇ ਕੋਰੀਆ ਨੇ ਇਕ ਉਤਾ-ਰਿਆ। ਚਲਦੀ ਖੇਡ ਵਿਚ ਕੋਰੀਆਈ ਖਿਲਾੜੀ ਰੈਫਰੀ ਨਾਲ ਖਹਿਬੜ ਵੀ ਪੈਂਦੇ।

ਕੋਰੀਆ ਜਿਤਿਆ ਮੈਚ ਹਾਰ ਚੁਕਾ ਸੀ। ਮੈਚ ਦੀ ਅੰਤਲੀ ਸੀਟੀ ਵੱਜੀ ਲੋਕ ਘਰਾਂ ਨੂੰ ਜਾਣ ਲਈ ਸੀਟਾਂ ਤੋਂ ਉਠੇ ਤਾਂ ਪੁਲੀਸ ਦਾ ਇਕ ਦਸਤਾ ਮੈਦਾਨ ਵਲ ਦੌੜਿਆ। ਲੋਕਾਂ ਨੂੰ ਖੁਤਕ ਗਈ ਕਿ ਕੋਈ ਗੜਬੜ ਦੀ ਸੰਭਾਵਨਾ ਹੈ।

ਇਸ ਸਮੇਂ ਕੋਰੀਆਈ ਖਿਲਾੜੀ ਰੈਫਰੀ ਦੇ ਦੁਆਲੇ ਹੋ ਗਏ। (ਸਾਡਾ ਵਾਕ ਹੁਣੇ ਹੀ ਪੂਰਾ ਹੋ ਗਿਆ) ਭਾਵੇਂ ਪੁਲੀਸ ਵਕਤ ਸਿਰ ਪਹੁੰਚ ਚੁੱਕੀ ਸੀ ਪਰ ਕੋਰੀਆ ਵਾਲਿਆਂ ਨੇ ਫਲੈਗ ਪੋਸਟ ਪੁੱਟ ਕੇ ਅਤੇ ਕਾਰਡ ਪੋਸਟ ਜਾਂ ਜੋ ਵੀ ਹੱਥ ਵਿਚ ਆਇਆ ਰੈਫਰੀ ਤੇ ਵਰ੍ਹਾਇਆ। ਹੁਣ ਹੋਰ ਪੁਲੀਸ ਆ ਗਈ। ਦਰਸ਼ਕਾਂ ਵਿਚੋਂ ਕੋਰੀਆਈ ਖਿਡਾਰੀ ਤੇ ਐਥਲੀਟ ਮੁੰਡੇ ਕੁੜੀਆਂ ਵੀ ਧਾਵਾ ਕਰਕੇ ਪੈ ਗਏ। ਸਟੀਲ ਦੀਆਂ ਕੁਰਸੀਆਂ ਤਲਵਾਰਾਂ ਵਾਂਗ ਚਲੀਆਂ। ਕੈਮਰੇ ਵਾਲਿਆਂ ਤਸਵੀਰਾਂ ਵੀ ਲਈਆਂ ਅਤੇ ਪੁਲੀਸ ਵਾਲਿਆਂ ਲਾਠੀਆਂ ਚਲਾਈਆਂ ਭਾਵੇਂ ਬਚਾ ਕੇ। ਘਮਸਾਨ ਮਚਿਆ ਹੋਇਆ ਸੀ।

ਏਸੇ ਦੌਰਾਨ ਲਾਊਡ ਸਪੀਕਰਾਂ ਤੇ ਬਾਰ ਬਾਰ ਲੋਕਾਂ ਨੂੰ ਸਟੇਡੀਅਮ ਖਾਲੀ ਕਰਨ ਵਾਸਤੇ ਬੇਨਤੀਆਂ ਹੋ ਰਹੀਆਂ ਸਨ ਪਰ ਲੋਕ ਤਾਂ ਸਭ ਦੇਰੀ ਭੁਲ ਕੇ ਹੁਣ ਸੁਆਦ ਲੈ ਰਹੇ ਸਨ ਅਤੇ ਪੁਲੀਸ ਦਾ ਲਾਠੀਚਾਰਜ ਵੀ ਬੰਦ ਹੋ ਗਿਆ, ਲਹੂ ਭਿਜੇ ਰੈਫਰੀ ਸਾਹਿਬ ਨੂੰ ਹਸਪਤਾਲ ਪਹੁੰਚਾਇਆ ਗਿਆ। ਹੁਣ ਕੋਰੀਆਈ ਖਿਲਾੜੀ ਗਰਾਊਂਡ ਵਿਚ ਹੀ ਧਰਨਾ ਦੇ ਕੇ ਬੈਠ ਗਏ। ਕਿਸੇ ਹੋਰ ਗੜਬੜ ਦਾ ਵੀ ਖਤਰਾ ਹੋ ਸਕਦਾ ਸੀ। ਪੁਲੀਸ ਨੇ ਸਟੇਡੀਅਮ ਖਾਲੀ ਕਰਵਾ ਦਿਤਾ। ਬਾਹਰ ਦਰਸ਼ਕਾਂ ਦੀਆਂ ਭੀੜਾਂ ਘਰਾਂ ਨੂੰ ਜਾਂਦੀਆਂ ਬਸਾਂ ਤੇ ਚੜ੍ਹਦੀਆਂ ਗਲਾਂ ਕਰ ਰਹੀਆਂ ਸਨ, ਅਜ ਮਜ਼ਾ ਆਇਆ ਈ।

ਬਾਅਦ ਦੀਆਂ ਖਬਰਾਂ ਹਨ ਕਿ ਉਤਰੀ ਕੋਰੀਆ ਵਾਲਿਆਂ ਫ਼ਿਲਮਾਂ ਹੋਲੀ ਚਲਾ ਕੇ ਵਖਾ ਸਾਬਤ ਕੀਤਾ ਕਿ ਰੈਫਰੀ ਦਾ ਫੈਸਲਾ ਗਲਤ ਹੀ ਸੀ ਪਰ ਰੈਫਰੀ ਨੂੰ ਕੁਟਣ ਦੇ

Sri Satguru Jagjit Singh Ji Elibrary NamdhariElibrary@gmail.com

ਦੇਸ਼ ਵਿਚ ਉਤਰੀ ਕੋਰੀਆ ਦੀ ਟੀਮ ਨੂੰ ਦੋ ਸਾਲ ਵਾਸਤੇ ਕੱਢ ਦਿਤਾ ਗਿਆ। ਥਾਈਲੈਂਡ ਵਾਲਿਆਂ (ਰੈਫਰੀ ਥਾਈਲੈਂਡ ਦਾ ਸੀ) ਨੇ ਭਾਰਤ ਦੇ ਖਿਲਾਫ ਸ਼ਕਾਇਤ ਕੀਤੀ ਹੈ ਕਿ ਕਿਉਂਕਿ ਭਾਰਤ ਰੈਫਰੀ ਨੂੰ ਬਚਾਅ ਨਹੀਂ ਸਕਿਆ ਇਸ ਵਾਸਤੇ ਇਥੇ ਫੁਟਬਾਲ ਦੇ ਕੌਮੀ ਕੌਮਾਂਤਰੀ ਮੁਕਾਬਲੇ ਨਾ ਕਰਵਾਏ ਜਾਇਆ ਕਰਨ। ਉਤਰੀ ਕੋਰੀਆ ਨੇ ਸਿਧਾ ਦੋਸ਼ ਲਾਇਆ ਹੈ ਕਿ ਰੈਫਰੀ ਨੇ ਪੈਸੇ ਖਾਧੇ ਸਨ। ਫੈਡਰੇਸ਼ਨ ਕੋਰੀਆ ਨੂੰ ਕੱਢਣ ਦਾ ਫੈਸਲਾ ਵਾਪਸ ਲਵੇ ਨਹੀਂ ਤਾਂ ਨਤੀਜੇ ਭੁਗਤੇ। ਵੇਖੋ ਅਗੋਂ ਕੀ ਹੁੰਦਾ ਹੈ।

ਸਟੇਡੀਅਮ ਦਾ ਨੁਕਸ—

ਨਹਿਰੂ ਸਟੇਡੀਅਮ ਦੀਆਂ ਰੌਣਕਾਂ ਤੋਂ ਜਾਣ ਤੋਂ ਪਹਿਲਾਂ ਇਸ ਸਬੰਧੀ ਕੁਝ ਗਲਾਂ ਹੋਰ ਕਰ ਲਈਏ। ਇਸ ਦੀਆਂ ਬਹੁਤ ਸਿਫਤਾਂ ਕੀਤੀਆਂ ਹਨ, ਹੁਣ ਇਕ ਅੱਧੀ ਗੱਲ ਨੁਕਸ ਵਾਲੀ ਵੀ ਕਰ ਲਈਏ।

ਇਸ ਸਟੇਡੀਅਮ ਦਾ ਸਭ ਤੋਂ ਵੱਡਾ ਨੁਕਸ ਹੈ ਕਿ ਹੇਠਲੇ ਹਿੱਸੇ ਵਿਚ ਤੁਸੀਂ ਕਿਤੇ ਵੀ ਬੈਠੇ ਹੋਵੋ ਲਾਊਡ ਸਪੀਕਰਾਂ ਵਾਲੇ ਖੰਭੇ ਅਗੇ ਜ਼ਰੂਰ ਆਉਂਦੇ ਹਨ। ਇਹ ਸਪੀਕਰ ਛੱਤਾਂ ਨਾਲ ਵੀ ਲਾਏ ਜਾ ਸਕਦੇ ਸਨ। ਸਪੀਕਰਾਂ ਦੀ ਆਵਾਜ਼ ਠੀਕ ਸੀ ਪਰ ਇਹ ਖੰਭੇ ਬਹੁਤ ਸਾਰਾ ਦ੍ਰਿਸ਼ ਮਾਰ ਦਿੰਦੇ ਸਨ।

ਦੂਜਾ ਨੁਕਸ ਸਟਡੀਅਮ ਨਾਲ ਤਾਂ ਨਹੀਂ ਪਰ ਟਰੈਫਿਕ ਨਾਲ ਸਬੰਧਤ ਜ਼ਰੂਰ ਹੈ। ਜਿਥੇ ਇਨਾਂ ਖਰਚ ਕੀਤਾ ਸੀ ਉਥੇ ਦਰਸ਼ਕਾਂ ਨੂੰ ਮੀਲਾਂ ਬੱਧੀ ਘੱਟੇ ਵਿਚੋਂ ਤੋਰਿਆ ਜਾਂਦਾ ਸੀ। ਕਾਰਾਂ ਵਾਲਿਆਂ ਵੀ.ਆਈ.ਪੀਜ਼ ਵਾਸਤੇ ਤਾਂ ਸਭ ਠੀਕ ਸੀ। ਆਮ ਦਰਸ਼ਕ ਨੇ ਜੇ ਕਿਤੇ ਦਖਣੀ ਜਾਂ ਪੂਰਬੀ ਗੇਟ ਵਲ ਜਾਣਾ ਹੁੰਦਾ ਤਾਂ ਪੂਰਾ ਮੀਲ ਦਾ ਚੱਕਰ ਪਾਇਆ ਜਾਂਦਾ ਉਹ ਵੀ ਘਟੇ ਮਿਟੀ ਚੋਂ। ਜੇ ਚੱਕਰ ਪਾਉਣਾ ਹੀ ਸੀ ਤਾਂ ਕੀ ਵਿਸ਼ੇਸ਼ ਰਸਤਾ ਨਹੀਂ ਸੀ ਬਣਾਇਆ ਜਾ ਸਕਦਾ? ਸੜਕਾਂ ਖਾਲੀ ਪਈਆਂ ਸਨ ਕਾਰਾਂ ਵਾਸਤੇ, ਬੰਦੇ ਮਿਟੀ ਵਿਚ ਖਜਲਦੇ ਫਿਰਦੇ ਸਨ। ਫਲਸਰੂਪ ਬਹੁਤ ਹੀ ਗਰਦਾ ਉਡਦਾ ਸੀ ਜੋ ਅਜੇ ਤਕ ਸਾਡੇ ਸੰਘਾਂ ਵਿਚੋਂ ਨਹੀਂ ਨਿਕਲਿਆ। ਕਿਸੇ ਅਖਬਾਰ ਕਾਗਜ ਆਦਿ ਦਾ ਅੰਦਰ ਨਾ ਜਾਣ ਦੇਣਾ ਪਤਾ ਨਹੀਂ ਕੀ ਸੰਵਾਰਦਾ ਸੀ। ਸੀਮੈਂਟ ਦੀਆਂ ਪੌੜੀਆਂ ਤੇ ਸਾਰਾ ਦਿਨ ਬੈਠਣਾ ਸਰੀਰ ਨੂੰ ਦੁਖਾ ਦਿੰਦਾ ਅਤੇ ਠੰਡ ਵੀ ਲਗਦੀ। ਚੱਦਰ ਦੀਆਂ ਕੁਰਸੀਆਂ ਵੀ ਠਰ ਜਾਂਦੀਆਂ। ਲੋਕਾਂ ਨੇ ਕਾਗਜ਼ ਅੰਦਰ ਨਾ ਲਿਜਾਣ ਦੇਣ ਵਿਰੁਧ ਇਕ ਵਿਅੰਗਾਤਮਕ ਰੋਸ ਲਭਾ। ਉਹ ਬਚਾ ਕੇ ਕਾਗਜ਼ ਅੰਦਰ ਲੈ ਜਾਣ ਉਤੋਂ ਕਾਗਜ਼ੀ ਹਵਾਈ ਜਹਾਜ਼ ਬਣਾ ਕੇ ਛੱਡ ਦਿਆ ਕਰਨ, ਪੁਲਸ ਰੋਕਣ ਜਾਏ ਤਾਂ ਹੂਟ ਕਰ ਦਿਤੇ ਜਾਣ। ਇਸ ਤਰ੍ਹਾਂ ਜੇ ਖੇਡ ਦਿਲਚਸਪ ਨਾ ਹੋਵੇ ਤਾਂ ਇਹ ਜਹਾਜ਼ ਦੀਆਂ ਉਡਾਣਾਂ ਦਾ ਸ਼ੁਗਲ ਆਮ ਗੱਲ ਹੋ ਗਈ ਸੀ।

ਤਾਲਕਟੋਰਾ ਇੰਨਡੋਰ ਸਟੇਡੀਅਮ

ਇਥੇ ਦੋ ਖੇਡਾਂ ਹੋ ਰਹੀਆਂ ਸਨ। ਇਕ ਤੈਰਾਕੀ ਅਤੇ ਦੂਸਰੀ ਬਾਸਕਟ ਬਾਲ। ਤੈਰਾਕੀ ਦੇ ਮੁਕਾਬਲੇ ਤਾਂ ਅਸੀਂ ਟੀ.ਵੀ. ਤੇ ਹੀ ਦੇਖੇ, ਵਕਤ ਦੀ ਤੰਗੀ ਕਰ ਕੇ ਜਾ ਨਹੀਂ ਸਕੇ ਪਰ ਇਥੇ ਦੇ ਮੁਕਾਬਲੇ ਅਥਲੈਟਿਕਸ ਨਾਲੋਂ ਜ਼ਿਆਦਾ ਰੌਚਕ ਸਨ। ਖਾਸ ਕਰ ਕੇ ਡਾਈਵਿੰਗ, ਚੁਭੀਆਂ ਮਾਰਨ ਵਿਚ ਜੋ ਇਕਾਗਰਤਾ ਚੀਨ ਜਾਪਾਨ ਦੇ ਖਿਡਾਰੀ ਦਿਖਾਉਂਦੇ ਉਹ ਕਮਾਲ ਦੀ ਚੀਜ਼ ਸੀ। ਇਸ ਵਿਚ ਤੈਰਾਕੀ ਅਤੇ ਜਮਨਾਸਟਿਕ ਦੇ ਸਾਰੇ ਗੁਰ ਸ਼ਾਮਲ ਸਨ। ਬਾਸਕਟ ਬਾਲ ਦੇ ਮੁਕਾਬਲੇ ਅੰਦਰ ਜਾ ਕੇ ਵੇਖੇ। ਸਤਿਗੁਰੂ ਜਗਜੀਤ ਸਿੰਘ ਜੀ, ਸ: ਹਰਵਿੰਦਰ ਸਿੰਘ ਹੰਸਪਾਲ, ਸ: ਸੁਰਿੰਦਰ ਸਿੰਘ ਮਨਚੰਦਾ, ਠਾਕਰ ਦਲੀਪ ਸਿੰਘ ਜੀ, ਠਾਕਰ ਉਦੈ ਸਿੰਘ ਜੀ, ਸੂਬਾ ਸਤਿਨਾਮ ਸਿੰਘ, ਸ: ਹਰਬੰਸ ਸਿੰਘ ਫੌਜੀ ਸੰਤ ਨਗਰ, ਗੁਰਮੁਖ ਸਿੰਘ ਰਹਿਬਰ ਅਤੇ ਬਾਕੀ ਸਾਰਾ ਦਲ ਬਲ ਵੀ ਗਿਆ ਸੀ। ਇਥੇ ਕੁਵੈਤ ਦਾ ਭਾਰਤ ਨਾਲ ਮੈਚ ਸੀ। ਕੁਵੈਤ ਛੋਟਾ ਜਿਹਾ ਦੇਸ਼ ਹੈ ਪਰ ਬਹੁਤ ਅਮੀਰ ਅਤੇ ਕੁਝ ਆਜ਼ਾਦ ਖਿਆਲਾਂ ਦਾ ਹੈ। ਇਸ ਨੇ ਆਪਣੀ ਹੋਂਦ ਖੇਡਾਂ ਵਿਚ ਉਭਰ ਕੇ ਦਰਸਾਈ। ਫੁਟਬਾਲ, ਘੋੜ ਸਵਾਰੀ, ਅਥਲੈਟਿਕਸ, ਵਾਲੀਬਾਲ, ਬਾਸਕਟ ਬਾਲ ਆਦਿ ਸਭ ਥਾਂ ਚੰਗਾ ਪ੍ਰਦਰਸ਼ਨ ਕੀਤਾ।

ਭਾਰਤੀ ਟੀਮ ਦਾ ਪ੍ਰਦਰਸ਼ਨ ਪਹਿਲੇ ਅੱਧ ਵਿਚ ਚੰਗਾ ਰਿਹਾ, ਪਰ ਪਿਛਲੇ ਅੱਧ ਵਿਚ ਸਕੋਰ ਨਾ ਕਰਨ ਸਕਣ ਦੀ ਆਦਤ ਕਰਕੇ ਟੀਮ ਹਾਰ ਗਈ ਸੀ। ਭਾਰਤ ਦਾ ਇਕ ੭ ਫੁਟ ੪ ਇੰਚ ਉਚਾ ਖਿਲਾੜੀ ਸੀ, ਸੁਨੀਲ ਪੰਡਾ। ਉਸ ਨੇ ਇਹ ਧਾਰਨਾ ਗਲਤ ਸਾਬਤ ਕਰ ਦਿਤੀ ਕਿ ਬਾਸਕਟ ਬਾਲ ਵਿਚ ਉਚੇ ਖਿਲਾੜੀ ਜ਼ਿਆਦਾ ਕਾਰਗਰ ਹੁੰਦੇ ਹਨ। ਜਦੋਂ ਕੁਵੈਤੀ ਖਿਲਾੜੀ ਫੁਰਤੀ ਨਾਲ ਦੂਰ ਨੇੜੇ ਤੋਂ

Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

RAJPAL

The Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 5[illegible]454

BALWANT SINGH & SONS

Office : 4E/11 JHANDEWALA EXTN, NEW DELHI-110055

Factory : A 2/3, MAYA PURI, PHASE II (Opp. C-70 NEW DELHI-110064

Sri Satguru Jagjit Singh Ji Elibrary NamdhariElibrary@gmail.com

ਸਕੋਰ ਕਰ ਦਿੰਦੇ ਪੰਡਾ ਸਾਹਿਬ ਇਵੇਂ ਹੱਥ ਮਾਰ ਰਹੇ ਹੁੰਦੇ ਜਿਵੇਂ ਪਾਣੀ ਵਿਚੋਂ ਮਛੀਆਂ ਫੜ ਰਹੇ ਹੋਣ। ਭਾਰਤੀ ਦਰਸ਼ਕਾਂ ਨਾਲ ਭਰਿਆ ਹਾਲ ਜਿਤ ਰਹੀ ਭਾਰਤੀ ਟੀਮ ਨੂੰ ਅਸਮਾਨ ਗੂੰਜਾਓ ਨਾਅਰਿਆਂ ਨਾਲ ਹਲਾਸ਼ੇਰੀ ਦੇ ਰਿਹਾ ਸੀ। ਜਦੋਂ ਕੁਵੈਤ ਦੀ ਟੀਮ ਹਾਰ ਰਹੀ ਸੀ ਤਾਂ ਉਸ ਦੇ ਸਮਰਥਕ ਮੁੰਡੇ ਕੁੜੀਆਂ ਨੇ ਲੱਅ ਬਧ ਤਾਲੀਆਂ ਨਾਲ ਰਲ ਕੇ ਗਾਣਾ ਸ਼ੁਰੂ ਕਰ ਦਿਤਾ। ਇਹ ਗਾਣਾ ਲਗਾਤਾਰ ਚਲਦਾ ਰਿਹਾ ਅਤੇ ਜਦੋਂ ਉਹਨਾਂ ਦੀ ਟੀਮ ਨੰਬਰਾਂ ਤੇ ਬਰਾਬਰ ਹੋਈ ਤਾਂ ਉਹਨਾਂ ਹੋਰ ਜੋਸ਼ ਨਾਲ ਗਾਣਾ ਸ਼ੁਰੂ ਕਰ ਦਿੱਤਾ। ਜੇ ਇਹ ਕਹਿ ਲਈਏ ਕਿ ਉਹਨਾਂ ਨੇ ਗਾ ਕੇ ਹੀ ਟੀਮ ਜਿਤਾ ਲਈ ਤਾਂ ਇਹ ਅਤਿਕਥਨੀ ਨਹੀਂ ਹਵੇਗੀ। ਸਟੇਡੀਅਮ ਦੀ ਛੱਬ ਨਿਰਾਲੀ ਸੀ ਅਤੇ ਇੰਦਰਪੁਸ਼ਥ ਵਾਂਗ ਹੀ ਪ੍ਰਭਾਵ ਪਾਉਂਦੀ ਸੀ।

ਠਾਕਰ ਦਲੀਪ ਸਿੰਘ ਜੀ ਨਾਲ ਵਾਰਤਾ

੨੨ ਨਵੰਬਰ ਨੂੰ ਠਾਕਰ ਦਲੀਪ ਸਿੰਘ ਜੀ ਨਾਲ ਇਕ ਭੇਂਟ ਵਾਰਤਾ ਹੋਈ। ਠਾਕਰ ਜੀ ਨਾਮਧਾਰੀਆਂ ਵਿਚ ਸਪੋਰਟਸ ਦੀ ਭਾਵਨਾ ਉਜਾਗਰ ਕਰਨ ਵਲ ਵਿਸ਼ੇਸ਼ ਰੁਚੀ ਰਖਦੇ ਹਨ। ਹਾਕੀ ਵਿਚ ਤਾਂ ਨਾਮਧਾਰੀ ਟੀਮ ਦਾ ਨਾਮ ਚਰਚਿਤ ਹੈ ਹੀ ਅਥਲੈਟਿਕਸ ਕੁਸ਼ਤੀਆਂ ਅਤੇ ਹੋਰ ਵਰਗਾਂ ਵਿਚ ਵੀ ਜਤਨ ਕੀਤੇ ਜਾ ਰਹੇ ਹਨ। ਆਪ ਹਰਿਆਣਾ ਹਾਕੀ ਐਸੋਸੀਏਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਵੀ ਹਨ। ਆਪ ਦੇ ਛੋਟੇ ਭਾਈ ਠਾਕਰ ਉਦੈ ਸਿੰਘ ਜੀ ਹਰਿਆਣਾ ਹਾਕੀ ਸਿਲੈਕਸ਼ਨ ਕਮੇਟੀ ਦੇ ਮੈਂਬਰ ਹਨ। ਜਿਵੇਂ ਕਿ ਅਗੇ ਵੀ ਦਸਿਆ ਜਾ ਚੁਕਾ ਹੈ ਏਸ਼ੀਆਡ ਵਿਚ ਨਾਮਧਾਰੀ ਖਿਡਾਰੀਆਂ ਦੀ ਤਕੜੀ ਟੀਮ ਨੂੰ ਵੱਖ ਵੱਖ ਖੇਡਾਂ ਵਿਖਾਉਣ ਵਾਸਤੇ ਆਪਣੇ ਵੱਧ ਤੋਂ ਵੱਧ ਜਤਨ ਕੀਤਾ। ਇਸ ਤੋਂ ਪਹਿਲਾਂ ਬੰਬਈ ਵਿਚ ਸੰਸਾਰ ਹਾਕੀ ਕੱਪ ਦੇਖਣ ਵਾਸਤੇ ਵੀ ਆਪ ਨੇ ਟੀਮ ਭੇਜੀ ਸੀ।

ਠਾਕਰ ਜੀ ਨੇ ਦਸਿਆ ਕਿ ਸ੍ਰੀ ਜੀਵਨ ਨਗਰ ਦੀ ਟੀਮ ਹੁਣ ਸਿੱਧੀ ਹੀ ਹਰਿਆਣਾ ਹਾਕੀ ਐਸੋਸੀਏਸ਼ਨ ਨਾਲ ਸਬੰਧਤ ਹੋ ਗਈ ਹੈ। ਆਪ ਜੀ ਨੇ ਇਹ ਵੀ ਦਸਿਆ ਕਿ ਮੌਜੂਦਾ ਟੀਮ ਤੋਂ ਇਲਾਵਾ ਇਕ ਟੀਮ ਦਿਲੀ ਵਿਚ ਅਤੇ ਇਕ ਈਡ ਮਰਾਰਡੂ ਵਿਚ ਬਨਾਉਣ ਦੀ ਮਨਜ਼ੂਰੀ ਸਤਿਗੁਰੂ ਜੀ ਵਲੋਂ ਪ੍ਰਾਪਤ ਹੋ ਚੁਕੀ ਹੈ।

ਆਪ ਜੀ ਨੇ ਏਸ਼ੀਆਡ ਵਿਚ ਸਤਿਗੁਰੂ ਜੀ ਦੇ ਪ੍ਰੋਗਰਾਮ ਬਾਰੇ ਚਰਚਾ ਕਰਦਿਆਂ ਦਸਿਆ ਕਿ ਤੀਰ ਅੰਦਾਜ਼ੀ ਦੇਖਣ ਵਾਸਤੇ ਸਚੇ ਪਾਤਸ਼ਾਹ ਗਏ ਸਨ। ਉਤੇ ਆਰਚਰੀ ਸੰਘ ਦੇ ਪ੍ਰਧਾਨ ਸ੍ਰੀ ਵਿਜੈ ਕੁਮਾਰ ਮਲ੍ਹੋਤਰਾ ਨੇ ਦਸਿਆ ਕਿ ਜੇ ਭੀਲ ਆਦਿਕ ਖਾਨਦਾਨੀ ਤੀਰ ਅੰਦਾਜ਼ ਕਬੀਲਿਆਂ ਨੂੰ ਬਾਹਰ ਦੀਆਂ ਬਣੀਆਂ ਵਧੀਆਂ ਕਮਾਨਾਂ ਨਾਲ ਟਰੇਨਿੰਗ ਦਿਤੀ ਜਾਵੇ ਤਾਂ ਭਾਰਤੀ ਟੀਮ ਦੇ ਨਤੀਜੇ ਬਹੁਤ ਬੇਹਤਰ ਹੋ ਸਕਦੇ ਹਨ। ਨਾਲ ਨਾਲ ਹੀ ਇਹ ਕਬੀਲ ਚੰਗੇ ਸ਼ਹਿਰੀ ਵੀ ਬਣ ਸਕਦੇ ਹਨ। ਸਤਿਗੁਰੂ ਜੀ ਨੇ ਪੇਸ਼ਕਸ਼ ਕੀਤੀ ਕਿ ਫੈਡਰੇਸ਼ਨ ਇਸ ਕੰਮ ਨੂੰ ਹੱਥ ਵਿਚ ਲਵੇ ਆਪ ਮਾਇਕ ਸਹਾਇਤਾ ਕਰਨਗੇ। ਠਾਕਰ ਜੀ ਨੇ ਦਸਿਆ ਕਿ ਵਿਦੇਸ਼ੀ ਤੀਰ ਅੰਦਾਜ਼ ਖਿਲਾੜੀਆਂ ਕੋਲ ਜੋ ਕਮਾਨਾਂ ਸਨ ਉਹਨਾਂ ਵਿਚ ਪ੍ਰਤੀ ਕਮਾਨ ਦਸ ਦਸ ਹਜ਼ਾਰ ਦੀ ਕੀਮਤ ਵਾਲੀਆਂ ਵੀ ਸਨ। ਭਾਰਤ ਦੇ ਇਕ ਸ੍ਰੀ ਸੋਢੀ ਫਾਈਬਰ ਗਲਾਸ ਦੀਆਂ ਕਮਾਨਾਂ ਬਨਾਉਂਦੇ ਹਨ। ਸਤਿਗੁਰੂ ਜੀ ਨੇ ਉਹਨਾਂ ਨੂੰ ਹੁਕਮ ਕੀਤਾ ਕਿ ਬਾਹਰ ਦੇ ਮੁਕਾਬਲੇ ਦੀਆਂ ਕਮਾਨਾਂ ਤਿਆਰ ਕਰਨ। ਜੋ ਮਦਦ ਚਾਹੀਦੀ ਹੋਵੇ ਮਿਲੇਗੀ। ਠਾਕਰ ਜੀ ਨੇ ਦਸਿਆ ਕਿ ਕੋਰੀਆ ਦੀ ਇਕ ਲੜਕੀ ਨੇ ਅਜ ਤੀਰ ਅੰਦਾਜ਼ੀ ਵਿਚ ਨਵਾਂ ਰਿਕਾਰਡ ਕਾਇਮ ਕੀਤਾ ਸੀ।

ਤੁਗਲਕਾਬਾਦ ਸ਼ੂਟਿੰਗ ਰੇਂਜ ਵੇਖਣ ਵੀ ਸਤਿਗੁਰੂ ਜੀ ਗਏ ਇਹ ਬਹੁਤ ਵਧੀਆ ਬਣੀ ਹੈ। ਲੋਕਾਂ ਵਿਚ ਇਸ ਖੇਡ ਪ੍ਰਤੀ ਜਗਿਆਸਾ ਵਧਾਉਣ ਲਈ ਸ੍ਰੀ ਜੀਵਨ ਨਗਰ ਤੇ ਸ੍ਰੀ ਭੈਣੀ ਸਾਹਿਬ ਵਿਚ ਸ਼ੂਟਿੰਗ ਰੇਂਜ ਬਨਾਉਣ ਦੀ ਤਿਆਰੀ ਕੀਤੀ ਜਾਵੇਗੀ। ਇਹ ਇਕ ਤਜਵੀਜ਼ ਹੈ। ਅਥਲੈਟਿਕਸ ਵਿਚ ਨਾਮਧਾਰੀ ਖਿਡਾਰੀਆਂ ਦੀ ਪ੍ਰਾਪਤੀ ਦਾ ਜ਼ਿਕਰ ਕਰਦਿਆਂ ਠਾਕਰ ਜੀ ਨੇ ਦਸਿਆ ਕਿ ਪਿਛਲੇ ਮਿਨੀ ਨੈਸ਼ਨਲ ਮੁਕਾਬਲਿਆਂ ਵਿਚ ਸਵਰਣ ਸਿੰਘ ਸਪੁਤਰ ਸੰਤ ਹਰਚਰਨ ਸਿੰਘ (ਮਹਿਮਦਵਾਲੀ) ਨੇ ਸ਼ਾਟ ਪੁੱਟ (ਗੋਲੇ) ਦੇ ਮੁਕਾਬਲੇ ਵਿਚ ੧ ਮੀਟਰ ਦੇ ਫਰਕ ਨਾਲ ਪਿਛਲਾ ਰਿਕਾਰਡ ਤੋੜਿਆ ਅਤੇ ਡਿਸਕੱਸ (ਚੱਕਾ) ਦਾ ਰਿਕਾਰਡ ੪ ਮੀਟਰ ਦੇ ਫਰਕ ਨਾਲ ਤੋੜਿਆ ਹੈ।

ਠਾਕਰ ਦਲੀਪ ਸਿੰਘ ਇਕ ਨਿਪੁੰਨ ਫੋਟੋਗਰਾਫਰ ਵੀ ਹਨ ਆਪ ਦੀਆਂ ਖਿਚੀਆਂ ਬੈਂਕੌਕ ਏਸ਼ੀਆ ਖੇਡਾਂ ੧੯੭੮ ਦੀਆਂ ਰੰਗੀਨ ਤਸਵੀਰਾਂ ਏਸ਼ੀਅਨ ਗੇਮਜ਼ ਦੇ ਬਰੋਸ਼ਰ ਵਿਚ ਪ੍ਰਕਾਸ਼ਤ ਹੋਈਆਂ ਹਨ।

Sri Satguru Jagjit Singh Ji Elibrary NamdhariElibrary@gmail.com

ਇੰਦਰ ਪ੍ਰਥ ਸਟੇਡੀਅਮ ਆਪਣੀ ਵਿਸ਼ੇਸ਼ ਖਿਚ ਰਖਦਾ ਹੈ। ਹੁਨਰ, ਕਲਾਕਾਰੀ ਅਤੇ ਸੁੰਦਰਤਾ ਦਾ ਨਵੀਨ ਅਜੂਬਾ। ਇਸ ਸਟੇਡੀਅਮ ਵਿਚ ਵਾਲੀਬਾਲ, ਜਮਨਾਸਟਿਕ, ਬੈਡ-ਮਿੰਟਨ ਆਦਿ ਦੇ ਮੁਕਾਬਲਿਆਂ ਵਿਚ ਏਸ਼ੀਅਨ ਕੌਮਾਂ ਨੇ ਆਪਣੀ ਕਿਸਮਤ ਅਜ਼ਮਾਈ ਕੀਤੀ। ਇੰਡੋਨੇਸ਼ੀਆ ਅਤੇ ਕਵੈਤ ਵਿਚਾਲੇ ਮੈਚ ਸਮੇਂ ਦਾ ਇਕ ਦ੍ਰਿਸ਼। ਇੰਡੋਨੇਸ਼ੀਆ ੨—੧ ਖੇਡਾਂ ਨਾਲ ਵਿਜੇਤਾ ਰਿਹਾ।

ਦਿਲੀ ਦਾ ਤਾਲਕਟੋਰਾ ਇਨਡੋਰ ਸਟੇਡੀਅਮ ਬਾਸਕਟਬਾਲ ਮੈਚਾਂ ਦਾ ਮੁਖ ਸਥਾਨ ਸੀ। ਇਸ ਆਧੁਨਿਕ ਸਟੇਡੀਅਮ ਵਿਚ ਬਹੁਤ ਰੌਚਕ ਮੈਚ ਖੇਡੇ ਗਏ। ਨਾਲ ਹੀ ਤੈਰਾਕੀ ਦਾ ਨਵੀਨਤਮ ਤੈਲਾਬ ਸੀ। ਇਸ ਵਾਸਤੇ ਇਹ ਸਟੇਡੀਅਮ ਵੀ ਖੇਡ ਰੌਣਕਾਂ ਅਤੇ ਸਰਗਰਮੀਆਂ ਦਾਂ ਕੇਂਦਰ ਰਿਹਾ। ਤਸਵੀਰ ਵਿਚ ਕੁਵੈਤ ਦਾ ਬਾਸਕਟ ਬਾਲ ਖਿਲਾੜੀ ਯੂਸਫ ਅਲਮਾਜ਼ਡ, ਬਹਿਰੀਨ ਵਿਰੁਧ ਮੈਚ ਸਮੇਂ ਟੋਕਰੀ ਵਿਚ ਬਾਲ ਸੁਟਦਿਆਂ ਹੋਇਆਂ।

Sri Satguru Jagjit Singh Ji Elibrary NamdhariElibrary@gmail.com



ਨੌਵੀਆਂ ਏਸ਼ੀਆਈ ਖੇਡਾਂ ਦਾ ਸਮਾਪਨ ਸਮਾਰੋਹ ਦੇਖਦੇ ਹੋਏ, ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ, ਉਪ-ਰਾਸ਼ਟਰਪਤੀ ਸ੍ਰੀ ਹਦਾਇਤ ਉਲਾ ਅਤੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ

ਏਸ਼ੀਅਨ ਖੇਡ ਫੈਡਰੇਸ਼ਨ ਦੇ ਪ੍ਰਧਾਨ ਰਾਜਾ ਭਾਲਿੰਦਰ ਸਿੰਘ ੪ ਦਸਬਰ ਨੂੰ ਨਹਿਰੂ ਸਟੇਡੀਅਮ ਵਿਚ ਨੌਵੇਂ ਏਸ਼ੀਆਡ ਦੀ ਸਮਾਪਤੀ ਦਾ ਐਲਾਨ ਕਰਦੇ ਹੋਏ ਨਾਲ ਸ. ਬੂਟਾ ਸਿੰਘ।

Sri Satguru Jagjit Singh Ji Elibrary NamdhariElibrary@gmail.com

ਹਾਕੀ ਫਾਈਨਲ —

ਇਕ ਦਸੰਬਰ ਬੁਧਵਾਰ ਇਕ ਅਹਿਮ ਦਿਨ ਸੀ। ਏਸ਼ੀਆ ਦੀਆਂ ਦੋ ਮਹਾਨ ਹਾਕੀ ਤਾਕਤਾਂ ਦਾ ਅਜ ਭੇੜ ਸੀ। ਭਾਰਤ ਕਦੀ ਸਾਰੇ ਸੰਸਾਰ ਵਿਚ ਹਾਕੀ ਦਾ ਸਰਵ-ਉਚ ਅਧਿਕਾਰੀ ਸੀ। ਪਾਕਿਸਤਾਨ ਬਣਨ ਨਾਲ ਇਸ ਦਾ ਇਕ ਹੋਰ ਹਰੀਫ ਪੈਦਾ ਹੋ ਗਿਆ। ਅਤੇ ਇਹ ਦੋਵੇਂ ਦੇਵ ਕਿਤੇ ਨਾਂ ਕਿਤੇ ਵੱਡੇ ਮੁਕਾਬਲੇ ਵਿਚ ਭਿੜਦੇ ਹਨ। ਬਾਹਰਲੇ ਦੇਸ਼ਾਂ ਵਿਚ ਹੁੰਦੇ ਮੈਚਾਂ ਦੀ ਕੁਮੈਂਟਰੀ ਹੀ ਦੇਸ਼ਵਾਸੀ ਰੇਡੀਓ ਕੰਨਾਂ ਨੂੰ ਲਾ ਕੇ ਸੁਣਦੇ ਰਹੇ ਹਨ ਪਰ ਅੱਖੀਂ ਇਹਨਾਂ ਦਾ ਭੇੜ ਘਟ ਲੋਕਾਂ ਵੇਖਿਆ ਹੋਵੇਗਾ ਸਿਵਾਏ ਕੁਝ ਟੈਸਟ ਮੈਚਾਂ ਦੇ। ਹਾਕੀ ਨਾਲ ਭਾਰਤੀ ਅਤੇ ਪਾਕਿਸਤਾਨੀ ਜਨਤਾ ਦੀ ਭਾਵਕਤਾ ਏਨੀ ਜੁੜੀ ਪਈ ਹੈ ਕਿ ਬਾਕੀ ਸਾਰੇ ਮੈਡਲ ਇਕ ਪੰਨੇ ਰੱਖ ਕੇ ਹਾਕੀ ਵਿਚ ਮੈਡਲ ਨੂੰ ਵਿਸ਼ੇਸ਼ਤਾ ਦਿੰਦੇ ਹਨ। ਇਹ ਮੈਚ ਤਾਂ ਜਿਵੇਂ ਕੌਮੀ ਵਕਾਰ ਹੀ ਬਣ ਗਏ ਹਨ। ਮੈਚ ਨਹੀਂ ਜਿਵੇਂ ਹਿੰਦ-ਪਾਕ ਜੰਗ ਹੋਵੇ। ਪਰ ਖੇਡ ਤਾਂ ਖੇਡ ਹੀ ਹੈ ਇਸ ਵਿਚ ਜਿਤ ਹਾਰ ਵੀ ਹੁੰਦੀ ਹੈ ਤੇ ਇਸ ਤੇ ਕਿਸੇ ਇਕ ਦੇਸ਼ ਦੀ ਅਜਾਰੇਦਾਰੀ ਵੀ ਨਹੀਂ ਸਮਝਣੀ ਚਾਹੀਦੀ।

੧੩ ਨਵੰਬਰ ਨੂੰ ਦਿਲੀ ਏਅਰ ਪੋਰਟ ਤੇ ਜਦੋਂ ਪਾਕਿਸਤਾਨ ਦੀ ਟੀਮ ਅਪੜੀ ਸੀ ਤਾਂ ਪਾਕਿਸਤਾਨੀ ਮੈਨੇਜਰ ਨੇ ਜਿਤ-ਹਾਰ ਦਾ ਚਾਨਸ ੫੦:੫੦ ਦਸਿਆ। ਸੀ ਭਾਵ ਟੀਮਾਂ ਬਰਾਬਰ ਹਨ। ਪਾਕੀ ਕਪਤਾਨ ਸਮੀਉਲਾ ਨੇ ਕਿਹਾ ਸੀ ਕਿ ਸਾਨੂੰ ੧ ਤਾਰੀਖ ਨੂੰ ਖੇਡਦੇ ਵੇਖਿਓ। ਭਾਰਤੀ ਹਾਕੀ ਟੀਮ ਦੇ ਕੋਚ ਸ: ਬਲਬੀਰ ਸਿੰਘ ਨੇ ਕਿਹਾ ਹੋਇਆ ਸੀ ਕਿ ਮੈਂ ਭਾਰਤੀ ਟੀਮ ਵਿਚ ਮਾਰੂ ਡੰਗ ਭਰ ਦਿਤਾ ਹੈ। ਪਿਛਲੇ ਚੈਂਪੀਅਨ ਟਰਾਫੀ ਟੂਰਨਾਮੈਂਟ ਅੰਮਸਰਟਡਮ ਵਿਚ ਭਾਰਤ ਨੇ ਪਾਕਿਸਤਾਨ ਨੂੰ ੫-੪ ਗੋਲਾਂ ਨਾਲ ਹਰਾਇਆ ਸੀ ਜਦੋਂ ਕਿ ਪਾਕਿਸਤਾਨ ੩-੦ ਦੀ ਬੜਤ ਵੀ ਲੈ ਚੁੱਕਾ ਹੋਇਆ ਸੀ। ਭਾਰਤ ਪਾਕਿ ਟੈਸਟ ਮੈਚਾਂ ਵਿਚ ਭਾਵੇਂ ਪਾਕਿਸਤਾਨ ਹਾਵੀ ਰਿਹਾ ਸੀ ਪਰ ਭਾਰਤ ਨੇ ਵੀ ਪਾਕਿਸਤਾਨ ਨੂੰ ਹਰਾਇਆ ਸੀ ਜਿਸ ਵਾਸਤੇ ਇਹ ਮੈਚ ਬਹੁਤ ਸੰਭਾਵਨਾ ਭਰਿਆ ਸੀ ਅਤੇ ਭਾਰਤੀਆਂ ਦੇ ਦਿਲਾਂ ਵਿਚ ਅਰਦਾਸਾਂ ਸਨ ਕਿ ਜੇ ਕਿਤੇ ਅਜ ਭਾਰਤ ਦਾ ਦਾਅ ਲਗ ਜਾਵੇ ਤਾਂ ਫੇਰ ਭੰਗੜੇ ਪੈ ਜਾਣ। ਜਿਤ ਹਾਰ ਲਾਂਭੇ ਕਰ ਦਈਏ ਤਾਂ ਵੀ ਭਾਰਤ-ਪਾਕ ਹਾਕੀ ਮੈਚ ਹਮੇਸ਼ਾਂ ਹੀ ਹਾਕੀ ਦਾ ਇਕ ਅਤਿ ਉਤਮ ਕਲਾਮਈ ਨਮੂਨਾ ਹੁੰਦਾ ਹੈ। ਪਹਿਲੀ ਵਾਰ ਸਾਰੇ ਦੇਸ਼ ਵਿਚ ਟੈਲੀਵੀਜਨ ਦੁਆਰਾ ਲੋਕ ਇਹ ਮੁਕਾਬਲਾ ਅਖੀਂ ਦੇਖ ਰਹੇ ਸਨ ਪਹਿਲਾਂ ਤਾਂ ਸ: ਜਸਦੇਵ ਸਿੰਘ ਦੀ ਰੋਚਕ ਕੁਮੈਂਟਰੀ ਨਾਲ ਹੀ ਇਹਨਾਂ ਮੈਚਾਂ ਦਾ ਸੁਆਦ ਲੈਂਦੇ ਰਹੇ ਸਨ।

ਅਜ ਫਾਈਨਲ ਮੈਚ ਵਾਸਤੇ ਸਾਡਾ ਟਿਕਟਾਂ ਦਾ ਕੋਈ ਵੀ ਪਰਬੰਧ ਨਹੀਂ ਸੀ ਹੋ ਸਕਿਆ। ਘਟ ਵਧ ਰੇਟਾਂ ਜਾਂ ਜ਼ੋਰ ਸਿਫਾਰਸ਼ ਨਾਲ ਵੀ ਨਹੀਂ। ਠਾਕਰ ਜੀ ਵਲੋਂ ਵੀ ਪਹਿਲਾਂ ਹੀ ਟਿਕਟਾਂ ਦੀ ਅਣਹੋਂਦ ਦੀ ਸੂਚਨਾ ਮਿਲ ਚੁੱਕੀ ਸੀ ਪਰ ਉਹ ਆਖਰੀ ਦਮ ਤੱਕ ਜਤਨਾਂ ਵਿਚ ਲਗੇ ਰਹੇ ਅਤੇ ਆਪਣੀ ਸਾਰੀ ਟੀਮ ਵਾਸਤੇ ਵਿਸ਼ੇਸ਼ ਪਾਸਾਂ ਦਾ ਪਰਬੰਧ ਕਰਨ ਵਿਚ ਸਫਲ ਹੋ ਗਏ। ਪਰ ਮੈਂ ਤਾਂ ਸਵੇਰ ਦਾ ਘਰੋਂ ਨਿਕਲ ਪਿਆ ਸੀ। ਸ: ਹੰਸਪਾਲ ਜੀ ਨੂੰ ਜ਼ਰੂਰੀ ਮਿਲਣਾ ਸੀ। ਫਿਰ ਉਹਨਾਂ ਦੇ ਨਾਲ ਹੀ ਕਾਰ ਵਿਚ ਸ: ਸੁਲੱਖਣ ਸਿੰਘ ਸਾਬਕਾ ਪ੍ਰਧਾਨ ਦਿਲੀ ਸਿਖ ਗੁਰਦਵਾਰਾ ਪਰਬੰਧਕ ਕਮੇਟੀ ਨਾਲ ਮਾਸਟਰ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਰਛਪਾਲ ਸਿੰਘ ਦੇ ਘਰ ਅਖੰਡ ਪਾਠ ਦੇ ਭੋਗ ਅਤੇ ਕੀਰਤਨ ਤੇ ਗਏ। ਵਾਪਸੀ ਤੇ ਅਸੀਂ ਵੇਖਿਆ ਕਿ ਗਿਆਰਾਂ ਵਜੇ ਹੀ ਨੈਸ਼ਨਲ ਸਟੇਡੀਅਮ ਦੇ ਦੁਆਲੇ ਭੀੜ ਲਗੀ ਹੋਈ ਸੀ। ਹੰਸਪਾਲ ਜੀ ਦੇ ਮਗਰ ਸਵੇਰ ਤੋਂ ਹੀ ਲੋਕ ਪਾਸਾਂ ਜਾ ਟਿਕਟਾਂ ਵਾਸਤੇ ਪਹੁੰਚ ਕਰ ਰਹੇ ਸਨ ਪਰ ਉਹ ਕਿਸ ਕਿਸ ਦੀ ਗਲ ਸੁਣਦੇ ਤੇ ਕਿਥੋਂ ਪਰਬੰਧ ਕਰਦੇ। ਆਖਰ ਸ: ਬਲਬੀਰ ਸਿੰਘ ਗਾਜੀਵਾਲ ਅਤੇ ਮੈਨੂੰ ਦੋ ਵਿਸ਼ੇਸ਼ ਪਾਸਾਂ ਨਾਲ ਉਹਨਾਂ ਨਿਵਾ-ਜਿਆ ਅਤੇ ਅਸੀਂ ਵੀ ਨਾਮਧਾਰੀ ਜਥੇ ਵਿਚ ਗਰਾਊਂਡ ਦੇ ਐਨ ਨਾਲ, ਸਾਈਡ ਲਾਈਨ ਦੇ ਬਿਲਕੁਲ ਅੱਧ ਵਿਚ ਸੁਸ਼ੋਭਤ ਹੋ ਗਏ। ਏਡੀ ਨੇੜਿਓਂ ਹੋਰ ਕਿਸੇ ਨੇ ਕੀ ਮੈਚ ਵੇਖਣਾ ਸੀ। ਮੈਚ ਸ਼ੁਰੂ ਹੋਣ ਤੋਂ ਇਕ ਘੰਟਾ ਪਹਿਲਾਂ ਹੀ ਸਭ ਥਾਵਾਂ ਭਰ ਚੁਕੀਆਂ ਸਨ ਅਤੇ ਗੇਟ ਬੰਦ ਹੋਣ ਕਰਕੇ ਕਈ ਪਾਸਾਂ ਵਾਲੇ ਬਾਹਰ ਵੀ ਰਹਿ ਗਏ ਵਕਤੀ ਤੌਰ ਤੇ।

ਮੈਚ ਵੇਖਣ ਵਾਸਤੇ ਦੇਸ਼ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਉਪ ਰਾਸ਼ਟਰਪਤੀ ਸ੍ਰੀ ਹਦਾਇਤਉਲਾ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਹੋਰ ਅਨੇਕਾਂ ਰਾਜਸੀ ਲੀਡਰ, ਫੌਜਾਂ ਦੇ ਜਰਨੈਲ, ਸਫਾਰਤਖਾਨਿਆਂ ਦੇ ਮੁਖੀ, ਮੁਖ ਮੰਤਰੀ, ਮੰਤਰੀ, ਐਮ. ਪੀ ਅਤੇ ਭਾਰਤ ਦੀ ਜਨਤਾ ਆਈ ਹੋਈ ਸੀ।

ਹਰ ਦਰਸ਼ਕ ਦੇ ਹੱਥ ਵਿਚ ਭਾਰਤੀ ਝੰਡਾ ਫੜਿਆ ਹੋਇਆ ਸੀ। ਭਾਰਤੀ ਕੌਮ ਪ੍ਰਾਪਤੀ ਦਾ ਰੰਗ ਪੂਰੀ ਤਰਾਂ

Sri Satguru Jagjit Singh Ji Elibrary NamdhariElibrary@gmail.com

ਚਲੂਲਿਆ ਹੋਇਆ ਸੀ। ਭਾਰਤ ਦੀ ਟੀਮ ਕੁਝ ਸਮੇਂ ਵਾਸਤੇ ਪਰੈਕਟਿਸ ਵਾਸਤੇ ਬਾਹਰ ਆਈ ਤਾਂ ਖਿਡਾਰੀਆਂ ਦੇ ਰਾਹਵਾਂ ਤੇ ਦਰਸ਼ਕਾਂ ਦੀਆਂ ਨਜ਼ਰਾਂ ਵਿਛ ਵਿਛ ਜਾਣ। ਜਿਥੋਂ ਦੀ ਟੀਮ ਲੰਘੇ ਲੋਕਾਂ ਹੱਥ ਹਿਲਾ ਝੰਡੇ ਲਹਿਰਾ ਅਤੇ ਭਾਰਤ ਮਾਤਾ ਦੀ ਜੈ ਅਤੇ ਹਰਿ ਹਰਿ ਮਹਾਂ ਦੇਵ ਦੇ ਨਾਅਰਿਆਂ ਨਾਲ ਸਵਾਗਤ ਕਰਨ। ਲੋਕ ਜੈਕਾਰੇ ਲਾ ਨਾ ਫਾਵੇ ਹੋਈ ਜਾਣ। ਟੀਮ ਵਾਪਸ ਕਮਰਿਆਂ 'ਚ ਚਲੀ ਗਈ ਅਤੇ ਫੇਰ ਰੈਫਰੀਆਂ ਦੇ ਆਲੇ ਦੁਆਲੇ ਪੰਗਤੀਆਂ ਬੰਨ ਕੇ ਦੋਹਾਂ ਦੇਸਾਂ ਦੀਆਂ ਟੀਮਾਂ ਮੁੜ ਦਾਖਲ ਹੋਈਆਂ ਤਾਂ ਫੇਰ ਸੁਆਗਤੀ ਤਾਲੀਆਂ, ਨਾਅਰਿਆਂ ਦੀ ਗੂੰਜ ਪਈ। ਤਿੰਨ ਵਜੇ ਬਾਅਦ ਦੁਪਹਿਰ ਸ਼ੁਰੂ ਦਸੰਬਰ ਦੀ ਸੁਖਾਵੀਂ ਧੁਪ ਨਾਲ ਸਟੇਡੀਅਮ ਚਮਕ ਰਿਹਾ ਸੀ।

ਮੈਦਾਨ ਦੇ ਬਾਹਰ ਬਾਲ ਫੜਨ ਵਾਲੇ 'ਬਾਲ ਬੁਆਇਜ਼' ਕਤਾਰ ਬੰਨ੍ਹ ਕੇ ਦੌੜਦੇ ਆਉਂਦੇ ਚਾਰੇ ਪਾਸੇ ਨਿਯਮ ਬਦ ਤਰੀਕੇ ਨਾਲ ਘੁਮ ਘੁਮ ਕੇ ਪ੍ਰਨਾਮ ਕਰਕੇ ਮੈਦਾਨ ਦੇ ਚਾਰੇ ਪਾਸੇ ਆਪਣੀਆਂ ਥਾਵਾਂ ਤੇ ਬੈਠ ਗਏ ਸਨ। ਰਾਸ਼ਟਰਪਤੀ ਨਾਲ ਟੀਮਾਂ ਦਾ ਤੁਆਰਫ ਕਰਵਾਇਆ ਗਿਆ ਅਤੇ ਮੈਚ ਸ਼ੁਰੂ ਹੋਇਆ।

ਸ਼ੁਰੂ ਵਿਚ ਹੀ ਭਾਰਤੀ ਟੀਮ ਪਾਕਿਸਤਾਨ ਦੇ ਗੋਲਾਂ ਤੇ ਜਾ ਚੜ੍ਹੀ, ਕਪਤਾਨ ਜ਼ਫਰ ਇਕਬਾਲ, ਮੁਹੰਮਦ ਸ਼ਾਹਿਦ, ਸਈਯਦ ਅਲੀ ਅਤੇ ਫਰਨੈਂਡਸ ਅਜਿਹਾ ਤਾਣਾ ਬਾਣਾ ਬੁਣਿਆ ਕਿ ਗੇਂਦ ਪਾਕਿਸਤਾਨ ਦੇ ਹੱਥ ਹੀ ਨਾ ਲਗੇ। ਜਿਥੇ ਗੇਂਦ ਹੋਵੇ ਭਾਰਤੀ ਖਿਲਾੜੀ ਹੀ ਹੋਵੇ ਅਤੇ ਅਜੇ ਚਾਰ ਮਿੰਟ ਹੀ ਬੀਤੇ ਸਨ ਕਿ ਭਾਰਤ ਨੂੰ ਪੈਨਲਟੀ ਪੁਸ਼ ਮਿਲ ਗਈ। ਕਪਤਾਨ ਜ਼ਫਰ ਇਕਬਾਲ ਨੇ ਬੜੇ ਆਰਾਮ ਨਾਲ ਬਾਲ ਗੋਲਾਂ ਅੰਦਰ ਕਰ ਦਿੱਤਾ। ਸਕੋਰ ਬੋਰਡ ਤੇ ਚਮਕ ਪਿਆ ਜ਼ਫਰ ਇਕਬਾਲ ਨੇ ਗੋਲ ਕੀਤਾ ਹੈ ਭਾਰਤ ੧ ਪਾਕਿਸਤਾਨ ੦ ਚਾਲੀ ਹਜ਼ਾਰ ਦਰਸ਼ਕ ਨੱਚ ਉਠਿਆ ਲਖਾਂ ਲੋਕ ਟੀ. ਵੀ. ਰੇਡੀਓ ਦੇਖਦੇ ਸੁਣਦੇ ਉਛਲ ਪਏ! ਭਾਰਤੀ ਟੀਮ ਅਜੇ ਵੀ ਹਾਵੀ ਸੀ ਕਿ ਹੋਣੀ ਵਾਪਰ ਗਈ। ਹਸਨ ਸਰਦਾਰ ਦੇ ਸਕੂਪ ਤੇ ਬਾਲ ਕਲੀਮਉਲਾ ਕੋਲ ਗਈ। ਉਹ ਗੋਲ ਵਲ ਤੇਜ਼ੀ ਨਾਲ ਵਧਿਆ। ਭਾਰਤੀ ਗੋਲਕੀਪਰ ਮੀਰ ਰੰਜਨ ਨੇਗੀ ਨੇ ਬਹੁਤ ਅਗੇ ਵੱਧ ਕੇ ਚਾਰਜ ਕਰਨਾ ਚਾਹਿਆ ਪਰ ਕਲੀਮਉਲਾ ਆਪਣਾ ਕੰਮ ਕਰ ਗਿਆ। ਥੋਹੜੇ ਚਿਰ ਬ੍ਹਾਅਦ ਫੇਰ ਕਲੀਮਉਲੇ ਦੇ ਪਾਸ ਤੇ ਹਨੀਫ ਨੇ ਗੋਲ ਕੀਤਾ ਗੋਲੀ ਨੇਗੀ ਫਿਰ ਪਿਟ ਗਿਆ। ਭਾਰਤੀ ਦਰਸ਼ਕਾਂ ਨੇ ਝੰਡੇ ਨੀਂਵੇਂ ਕਰ ਲਏ। ਇਕ ਮਾਤਮੀ ਖਮੋਸ਼ੀ ਛਾ ਗਈ। ਅਧ ਤੱਕ ਪਾਕਿਸਤਾਨ ੩-੧ ਨਾਲ ਅਗੇ ਸੀ।

ਦਰਸ਼ਕਾਂ ਨੂੰ ਅਜੇ ਵੀ ਆਸ ਸੀ ਕਿ ਭਾਰਤੀ ਟੀਮ ਅਜੇ ਬੁੱਕੇ ਗੀ। ਕੋਈ ਨਾ ਕੋਈ ਪੈਨਲਟੀ ਕਾਰਨਰ, ਪੈਨਲਟੀ ਪੁਸ਼ ਅੰਦਰ ਜਾਊ। ਪਰ ਜ਼ਫਰ ਇਕਬਾਲ ਦੀ ਦੂਸਰੀ ਪੈਨਲਟੀ ਪੁਸ਼ ਨੂੰ ਪਾਕੀ ਗੋਲੀ ਸ਼ਾਹਿਦ ਅਲੀ ਨੇ ਸ਼ੇਰ ਵਰਗੀ ਫੁਰਤੀ ਨਾਲ ਰੋਕਿਆ। ਭਾਰਤ ਨੇ ਕਈ ਪੈਨਲਟੀ ਕਾਰਨਰਾਂ ਲਈਆਂ ਪਰ ਸਭ ਬੇਕਾਰ। ਸ਼ਾਹਿਦ ਹਰ ਥਾਂ ਹੁੰਦਾ। ਸ਼ਾਹਿਦ ਤੋਂ ਪਹਿਲਾਂ ਪਾਕਿਸਤਾਨ ਦੇ 'ਬਜ਼ੁਰਗ' ਫੁਲਬੈਕ ਮਨਜ਼ੂਰਲ ਹਸਨ ਦੀ ਹਾਕੀ ਹਰ ਥਾਂ ਬਾਲ ਰੋਕ ਰਹੀ ਹੁੰਦੀ। ਬਥੇਰੀਆਂ ਟਰਾਈਆਂ ਲਈਆਂ ਪਰ ਪਾਕਿਸਤਾਨ ਗੋਲੀ ਪਹਿਲਾਂ ਹੀ ਭਾਂਪ ਜਾਂਦਾ ਸੀ। ਭਾਰਤੀ ਬਹੁਤ ਚੰਗੇ ਖੇਡੇ ਪਰ ਦਾਅ ਪੇਚ ਤੋਂ ਮਾਰ ਖਾ ਗਏ। ਪਾਕਿਸਤਾਨੀਆਂ ਦੇ ਦਾਅ ਪੇਚ ਸਫਲ ਹੋਏ। ਹੁਣ ਭਾਰਤੀ ਟੀਮ ਦਾ ਨਿਘਾਰ ਸ਼ੁਰੂ ਹੋਇਆਂ ਘਬਰਾਹਟ ਫੈਲੀ ਅਤੇ ਗੋਲ ਤੇ ਗੋਲ ਹੋਣ ਲਗਾ। ਦਰਸ਼ਕ ਗੁਸੇ ਹੋਣ ਲਗੇ ਰੋਹ ਭੜਨ ਲਗਾ। ਲਗੇ ਟੀਮ ਨੂੰ ਗਾਲਾਂ ਦੇਣ, ਨਾਅਰੇ ਲੌਣ ਹਾਏ ਹਾਏ, ਮੁਰਦਾਬਾਦ। ਉਹਨਾ ਕੋਈ ਸਾਧ ਤੇ ਸੰਤ' ਨਹੀਂ ਛੱਡਿਆ। ਕੋਈ ਪ੍ਰਧਾਨ, ਕੋਈ ਕੋਚ, ਮੈਨਜਰ ਜੋ ਜੀਅ ਆਇਆ ਉਸ ਵਿਰੁਧ ਕਿਹਾ। ਗਾਲਾਂ ਦੀ ਬੁਛਾੜ ਹੋਈ। ਸਾਡੇ ਨਾਲ ਇਕ ਮੁੰਡਾ ਉਚੀ ਉਚੀ ਕਹਿ ਰਿਹਾ ਸੀ ਸਮੀਉਲਾ ਭਾ ਜੀ ਹੁਣ ਬਸ ਕਰੋ। ਸਮੀਉਲਾ ਮੁਸਕਰਾ ਰਿਹਾ ਸੀ। ਜਸਦੇਵ ਸਿੰਘ ਨੇ ਕੁਮੈਂਟਰੀ ਦਿਤੀ "ਭਾਰਤੀਯ ਰਕਸ਼ਾ ਪੰਕਤੀ ਕਾ ਨਾਮੋ ਨਿਸ਼ਾਨ ਮਿਟ ਗਿਆ ਹੈ" ਕਮਾਲ ਦੀ ਰਫਤਾਰ ਅਤੇ ਸਟਿਕ ਵਰਕ ਨਾਲ ਪਾਕਿਸਤਾਨੀਆਂ ਨੇ ਭਾਰਤੀ ਰਖਿਆ ਨੂੰ ਤਹਿਸ ਨਹਿਸ ਕਰ ਦਿਤਾ ਸੀ। ਸਤ ਗੋਲ ਕਿਸ ਨੇ ਗਿਣੇ। ਪਤਾ ਨਹੀਂ ਕਿਸ ਟੂਣੇਹਾਰੀ ਦਾ ਟੂਣਾ ਚਲ ਗਿਆ ਸੀ ਪਰ ਅਜ ਦੀ ਖੇਡ ਦਾ ਸਭ ਤੋਂ ਤ੍ਰਿਸਕਾਰਿਆ ਵਿਅਕਤੀ ਭਾਰਤੀ ਗੋਲ ਕੀਪਰ ਨੇਗੀ ਸੀ। ਜੇ ਉਹ ਪਹਿਲੇ ਨਿਕੰਮੇ ਗੋਲ ਨਾ ਕਰਾਉਂਦਾ ਤਾਂ ਸ਼ਾਹਿਦ ਹਾਕੀ ਇਤਿਹਾਸ ਅਜ ਹੋਰ ਹੁੰਦਾ। ਸਟੇਡੀਅਮ ਵਿਚ ਬੈਠੇ ਪਾਕਿਸਤਾਨੀ ਆਪਣੇ ਦੇਸ਼ ਦਾ ਪਰਚਮ ਲਹਿਰਾ ਰਹੇ ਸਨ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ।

Sri Satguru Jagjit Singh Ji Elibrary NamdhariElibrary@gmail.com

੧੯੫੬ ਵਿਚ ਮੈਲਬੋਰਨ ਉਲੰਪਕ ਖੇਡਾਂ ਤੋਂ ਲੈ ਕੇ ਇਹ ਦੋਵਾਂ ਦੇਸਾਂ ਦੀਆਂ ਟੀਮਾਂ ਵਿਚ ਬੱਤੀਵਾਂ ਮੁਕਾਬਲਾ ਸੀ। ਹਿੰਦ ਨੇ ਇਹਨਾਂ ਵਿਚੋਂ ੮ ਜਿਤੇ ੪ ਬਰਾਬਰ ਰੱਖੇ ਅਤੇ ਅਜ ਵੀਹਵੀਂ ਵਾਰ ਹਾਰਿਆ ਸੀ। ਪਰ ਅਜ ਦੀ ਹਾਰ ਇਤਿਹਾਸਕ ਸੀ। ਅਜ ਦਿਲੀ ਦਾ ਨੈਸ਼ਨਲ ਸਟੇਡੀਅਮ ਕੌਮੀ ਲੀਡਰਾਂ ਸਾਹਮਣੇ ਭਾਰਤ ਵਾਸਤੇ ਵਾਟਰਲੂ ਸਿਧ ਹੋਇਆ।

ਸਾਰੇ ਮੁਲਕ ਵਿਚ ਸੋਗ ਪੈ ਗਿਆ। ਅੰਤਮ ਸੀਟੀ ਵੱਜੀ ਪਾਕਿਸਤਾਨੀ ਗੋਡਿਆਂ ਪਰਨੇ ਹੋ ਕੇ ਅੱਲਾ ਦੇ ਸ਼ੁਕਰਾਨੇ ਵਿਚ ਸਜਦਾ ਕਰਨ ਲਗ ਪਏ।

ਹੁਣ ਪਾਕਿਸਤਾਨ ਨੇ ਸੋਨੇ ਦਾ ਮੈਡਲ ਜਿਤਿਆ ਭਾਰਤ ਹੱਥ ਇਕ ਵਾਰ ਫੇਰ ਚਾਂਦੀ ਦਾ ਮੈਡਲ ਆਇਆ ਅਤੇ ਮਲਾਏਸ਼ੀਆ ਤੀਜੇ ਨੰਬਰ ਤੇ ਤਾਂਬੇ ਦਾ ਮੈਡਲ ਜੇਤੂ। ਪਾਕਿਸਤਾਨੀ ਦਰਸ਼ਕ ਮੈਦਾਨ ਵਿਚ ਆ ਕੇ ਪਾਕਿਸਤਾਨੀ ਝੰਡਾ ਫੇਰਨ ਲਗੇ। ਉਹਨਾਂ ਆਪਣੇ ਖਿਡਾਰੀਆਂ ਨੂੰ ਮੋਢਿਆਂ ਤੇ ਚੁਕ ਲਿਆ।

ਭਾਰਤੀ ਖਿਲਾੜੀਆਂ ਦੀ ਹਾਲਤ ਤਰਸ ਯੋਗ ਤੋਂ ਵੀ ਭੈੜੀ ਸੀ। ਉਹਨਾਂ ਨੂੰ ਮਰਨ ਵਾਸਤੇ ਥਾਂ ਨਹੀਂ ਸੀ। ਜਿਥੋਂ ਦੀ ਲੰਘਦੇ ਲੋਕ ਅਵਾਜ਼ਾਂ ਕਸਦੇ ਹੂਟਿੰਗ ਤੇ ਬੂਇੰਗ ਕਰਕੇ ਗਾਲ੍ਹਾਂ ਕਢਦੇ।

ਹੁਣ ਮੈਡਲ ਦੇਣ ਦੀ ਰਸਮ ਸੀ। ਉਪ ਰਾਸ਼ਟਰਪਤੀ ਹ੍ਰੀ ਹਦਾਇਤਉਲਾ ਜੀ ਨੇ ਖਿਡਾਰੀਆਂ ਦੇ ਗਲਾਂ ਵਿਚ ਮੈਡਲ ਪਾਏ। ਪਾਕਿਸਤਾਨੀਆਂ ਨੂੰ ਜਦੋਂ ਮੈਡਲ ਮਿਲੇ ਤਾਂ ਲੋਕਾਂ ਤਾਲੀਆਂ ਵਜਾ ਵਜਾ ਕੇ ਸੁਆਗਤ ਕੀਤਾ। ਕਪਤਾਨ ਸਮੀਉਲਾ ਅਤੇ ਗੋਲੀ ਸ਼ਾਹਿਦ ਅਲੀ ਨੂੰ ਸਭ ਤੋਂ ਜ਼ਿਆਦਾ ਸ਼ਾਬਾਸ਼ੀ ਤਾਲੀਆਂ ਮਿਲੀਆਂ।

ਹੁਣ ਵਾਰੀ ਸੀ ਭਾਰਤੀਆਂ ਨੂੰ ਮੈਡਲ ਦੇਣ ਦੀ। ਅਨਾਊਂਸਰ ਨੇ ਨਾਮ ਐਲਾਨ ਕੀਤਾ, ਕਪਤਾਨ ਜਫਰ ਇਕਬਾਲ। ਲੋਕਾਂ ਉਚੀ ਸਾਰੀ ਸ਼ੇ...ਮ (ਸ਼ਰਮ ਕਰੋ) ਕਿਹਾ ਫੇਰ ਆਵਾਜ਼ ਆਈ ਮੁਹੰਮਦ ਸ਼ਾਹਿਦ ਫੇਰ ਸ਼ੇ...ਮ ਸਭ ਤੋਂ ਜਿਆਦਾ ਸ਼ੇਮ ਗੋਲਕੀਪਰ ਨੇਗੀ ਨੂੰ ਮਿਲੀ। ਇਕਲੇ ਇਕਲੇ ਭਾਰਤੀ ਖਿਲਾੜੀ ਨੂੰ ਸ਼ੇਮ ਸ਼ੇਮ ਕਿਹਾ ਗਿਆ ਸਾਰਾ ਸਟੇਡੀਅਮ ਹੀ ਸ਼ੇਮ ਸ਼ੇਮ ਨਾਲ ਗੂੰਜ ਰਿਹਾ ਸੀ।

ਹਾਕੀ ਖਿਡਾਰੀ ਖੇਡੇ ਸਨ ਲੜੇ ਸਨ। ਉਹਨਾਂ ਦਾ ਕਸੂਰ ਸੀ ਕਿ ਉਹ ਹਾਰ ਗਏ। ਹੋਰ ਵੀ ਬਹੁਤ ਸਾਰੀਆਂ ਖੇਡਾਂ ਵਿਚ ਭਾਰਤੀ ਹਾਰੇ ਸਨ ਪਰ ਕੀ ਹਾਕੀ ਟੀਮ ਵਾਲਿਆਂ ਦਾ ਕਸੂਰ ਬਹੁਤਾ ਸੀ? ਉਹ ਕਿਉਂ ਹਾਰੇ?

ਭਾਰਤ ਨੂੰ ਹਾਕੀ ਵਿਚ ਇਕ ਸੋਨ ਤਮਗਾ ਫਿਰ ਵੀ ਮਿਲ ਚੁੱਕਾ ਸੀ ਪਰ ਉਹ ਬੀਬੀਆਂ ਦੀ ਕ੍ਰਿਪਾ ਸੀ। ਮਹਿਲਾ ਹਾਕੀ ਟੀਮ ਨੇ ਹਾਂਗਕਾਂਗ ਨੂੰ ੨੨ ਗੋਲ ਕੀਤੇ, ਜਾਪਾਨ ਨੂੰ ੩ ਦਖਣੀ ਕੋਰੀਆ ਨੂੰ ੫-੧ ਅਤੇ ਸਿੰਘਾਪੁਰ ਨੂੰ ੩ ਇਸ ਤਰਾਂ ਉਹਨਾਂ ਭਾਰਤੀ ਹਾਕੀ ਦਾ ਝੰਡਾ ਚੁਕੀ ਰਖਿਆ ਇਸ ਵਿਚ ਜਲੰਧਰ ਦੀ ਰਾਜਬੀਰ ਕੌਰ ਜੋ ਸੈਂਟਰ ਫਾਰਵਡ ਖੇਡਦੀ ਸੀ ਨੇ ਸਭ ਤੋਂ ਵਧ ਗੋਲ ਕੀਤੇ।

ਇਸ ਮੈਚ ਤੋਂ ਬਾਅਦ ਅਸੀਂ ਵਾਪਸੀ ਲਈ ਤਿਆਰੇ ਕਸ ਲਏ। ਬਾਕੀ ਮੈਚ ਅਤੇ ਅੰਤਮ ਸਮਾਰੋਹ ਵੇਖਣ ਦੀ ਕੋਈ ਲਿਲ ਨਹੀਂ ਸੀ।

ਸ਼ਾਮ ਨੂੰ ਜੰਗ ਬਹਾਦਰ ਸਿੰਘ ਦੇ ਕਹਿਣ ਤੇ ਇਕ ਵਾਰ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਫੁਟਬਾਲ ਦਾ ਮੈਚ ਵੇਖਿਆ ਅਤੇ ਅਗਲੇ ਦਿਨ ਵਾਪਸ ਕੂਚ ਕਰ ਦਿਤਾ।

ਭਾਰਤ ਦੀ ਪਾਕਿਸਤਨ ਹਥੋਂ ਹਾਰ ਦੇ ਦਸ ਦਿਨ ਪਿਛੋਂ ਹੀ ਏਸੰਡਾ ਹਾਕੀ ਟੂਰਨਾਮੈਂਟ ਅਸਟਰੇਲੀਆ ਵਿਚ ਭਾਰਤ ਨੇ ਪਾਕਿਸਤਾਨ, ਹਾਲੈਂਡ, ਨੀਊਜ਼ੀਲੈਂਡ ਵਰਗੀਆਂ ਤਗੜੀਆਂ ਟੀਮਾਂ ਜਿਤੀਆਂ ਪਰ ਫਾਈਨਲ ਵਿਚ ਆਸਟਰੇਲੀਆ ਤੋਂ ਫਿਰ ਛੇ ਗੋਲ ਲੈ ਲਏ। ਪਾਕਿਸਤਾਨ ਜਿਹੜਾ ਦਿਲੀ ਵਿਚ ਸ਼ਾਨ ਨਾਲ ਜਿਤਿਆ ਸੀ ਜਿਹੜਾ ਸੰਸਾਰ ਕਪ ਬੰਬਈ ਤੋਂ ਜਿਤ ਕੇ ਲੈ ਗਿਆ ਸੀ ਉਹ ਭਾਰਤ, ਹਾਲੈਂਡ ਅਤੇ ਜਰਮਨੀ ਤੋਂ ਲਗਾਤਾਰ ਹਾਰ ਖਾ ਕੇ ਛੇਵੇਂ ਨੰਬਰ ਤੇ ਆ ਗਿਆ। ਅਜ ਦੀ ਹਾਕੀ ਬਹੁਤ ਬਰੀਕ ਮੁਕਾਬਲੇ ਦੀ ਹੋ ਗਈ ਹੈ ਅਤੇ ਟੀਮਾਂ ਦਾ ਫਰਕ ਬਹੁਤ ਘੱਟ ਗਿਆ ਹੈ। ਸਾਇੰਸ ਅਤੇ ਟੈਕਨਾਲੋਜੀ ਦਾ ਵੀ ਜ਼ੋਰ ਹੈ। ਟੀਮ ਉਦੋਂ ਹੀ ਜਿਤਦੀ ਹੈ ਜਦੋਂ ਹਰ ਪਖੋਂ ਸਿਤਾਰ ਦੀਆਂ ਸਾਰੀਆਂ ਤਰਬਾਂ ਅਤੇ ਤਾਰਾਂ ਵਾਂਗ ਸੁਰ ਹੋਵੇ। ਕਿਤੇ ਵੀ ਜ਼ਰਾ ਕੁ ਫਰਕ ਪਿਆ ਤਾਂ ਅਗੋਂ ਜ਼ਿਆਦਾ ਫਰਕ ਪੈ ਜਾਂਦਾ ਹੈ।

○

Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE QUALITY MARK PUNJAB GOVT.

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES — Phone : 2737

HABI INDUSTRIES (Regd.)

10, Industrial Area,
PHAGWARA—144401,

Sri Satguru Jagjit Singh Ji Elibrary NamdhariElibrary@gmail.com

ਪ੍ਰਤੀਕ੍ਰਿਆ

ਪਿਛਲੇ ਕੁਝ ਅੰਕਾਂ ਵਿਚ ਅਸੀਂ ਪਾਠਕਾਂ ਦਾ ਪ੍ਰਤੀਕਰਮ ਨਹੀਂ ਛਾਪ ਸਕੇ। ਇਹੋ ਜਿਹੀਆਂ ਗਲਾਂ ਅਕਸਰ ਮਜਬੂਰੀ ਵਸ ਕਰਣੀਆਂ/ਨਾ ਕਰਣੀਆਂ, ਪੈਂਦੀਆਂ ਹਨ। ਪਰ ਇਸ ਗਲ ਤੇ ਪਾਠਕਾਂ ਨੇ ਬਹੁਤ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਕਾਲਮ ਬੰਦ ਨਹੀਂ ਹੋਣਾ ਚਾਹੀਦਾ। ਇਸ ਵਾਸਤੇ ਕੁਝ ਪੁਰਾਣੀਆਂ ਤੇ ਕੁਝ ਨਵੀਆਂ ਚਿਠੀਆਂ ਦੇ ਅੰਸ਼ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਵਰਿਆਮ ਵਿਚ ਛਪੀ ਸਾਮਗਰੀ ਬਾਰੇ ਆਪਣੀ ਸੁਤੰਤਰ ਰਾਇ ਲਿਖਿਆ ਕਰਨ ਜਾਂ ਇਸ ਨੂੰ ਹੋਰ ਲੋਕ ਪ੍ਰਿਯ ਬਨਾਉਣ ਵਾਸਤੇ ਆਪਣੇ ਸੁਝਾਅ ਦਿਆ ਕਰਨ।

—ਸੰਪਾਦਕ

ਪ੍ਰਤੀਕ੍ਰਿਆ ਕਿਉਂ ਬੰਦ ਕੀਤੀ

ਤੁਸੀਂ ਪ੍ਰਤੀਕ੍ਰਿਆ ਛਾਪਣੀ ਕਿਉਂ ਬੰਦ ਕਰ ਦਿਤੀ ਹੈ? ਕੀ ਪਾਠਕਾਂ ਵਲੋਂ ਕੀਤੀ ਗਈ ਸਾਡੀ ਸਿਫਤ ਸਾਲਾਹ ਤੁਹਾਨੂੰ ਚੰਗੀ ਨਹੀਂ ਲਗਦੀ?

ਤਰਲੋਕ ਮਨਸੂਰ
ਗੌੜ ਗੰਜ
(ਨੈਨੀਤਾਲ ਯੂ. ਪੀ,)

— —

ਉਦਾਸ ਪਲਾਂ ਦਾ ਸਾਥੀ

ਪਰਚੇ ਬਹੁਤ ਆਉਂਦੇ ਨੇ ਪਰ ਜਦ ਮੈਂ ਬਹੁਤ ਉਦਾਸ ਹੁੰਦਾ ਹਾਂ ਤਾ ਵਰਿਆਮ ਪੜ੍ਹਦਾ ਹਾਂ। ਖਾਸ ਕਰਕੇ ਪ੍ਰੀਤਮ ਸਿੰਘ ਕਵੀ ਵਾਲਾ ਕਾਲਮ। ਚਾਹੇ ਉਸ ਵਿਚ ਕੁਝ ਹੁੰਦਾ ਹੈ ਜਾਂ ਨਹੀਂ ਪਰ ਮੇਰੇ ਮਨ ਦੀ ਤ੍ਰਿਪਤੀ ਉਸ ਦੇ ਪੜ੍ਹਣ ਨਾਲ ਹੁੰਦੀ ਹੈ।

ਬੂਟਾ ਸਿੰਘ
ਏ-੧੭੨ ਸੁਭਦਰਾ ਕਾਲੋਨੀ
ਸਰਾਏ ਰੋਹੇਲਾ-ਦਿਲੀ-੩੫

— —

ਪੈੜਾਂ

ਬੀਤੇ ਦੀਆਂ ਪੈੜਾਂ ਪਿਛੇ ਕਾਫੀ ਦੇਰ ਬੰਦ ਰਿਹਾ ਹੈ। ਇਹ ਦੁਬਾਰਾ ਵੇਖ ਕੇ ਲਗਦਾ ਹੈ ਕਿ, ਜਿਵੇਂ ਕਿਸੇ ਕੁਠਾਲੀ ਵਿਚੋਂ ਹੋ ਕੇ ਆਇਆ ਹੈ।

ਗੁਰਭਜਨ ਸਿੰਘ
ਨਵੀਂ ਦਿਲੀ

— —

ਖਰਾਬ ਕਹਾਣੀ

ਕਹਾਣੀ "ਇਹ ਬੰਬਈ ਹੈ" (ਅਗਸਤ ਅੰਕ) ਬੜੀ ਖਰਾਬ ਹੈ। ਵਰਿਆਮ ਵਿਚ ਲਿਖਣ ਲਾਇਕ ਨਹੀਂ ਸੀ। ਹੋਰ ਕੀ ਲਿਖਾਂ ਮੈਨੂੰ ਬਹੁਤ ਹੀ ਖਰਾਬ ਲੱਗਾ ਹੈ ਪੜ੍ਹ ਕੇ।

ਜਗਦੀਸ਼ ਸਿੰਘ
ਬਿਹਾਰ ਪਲਾਸਟਕ ਇੰਡਸਟਰੀਜ਼
ਪਟਨਾ

— —

ਲੀਕੋਂ ਹੱਟ ਕੇ

'ਵਿਰਦੀ ਨੇ ਜੋ ਕੁਝ ਕਿਹਾ (ਜੁਲਾਈ ਅੰਕ) ਤੇ ਜਿਥੇ ਤੁਸਾਂ ਥਾਂ ਦਿਤੀ ਹੈ ਇਹ ਏਸੇ ਦੇ ਯੋਗ ਸੀ। ਭਿੱਜਕੇ ਸਾਹਿਤਕਾਰ ਨੇ ਲਹੂ ਨਾਲ ਅੱਖਰ ਲਿਖੇ ਨੇ। ਭਲਾ ਜੇ ਪੰਜਾਬੀ ਅਪਣੀ ਸ਼ਕਤੀ ਤੇ ਸਿਆਣਪ ਨੂੰ ਕੁਚੱਜਾਂ ਤੇ ਕਤਲਾਂ ਵਿਚ ਨਾ ਵਰਤਣ। 'ਸਾਹਿਤਕਾਰ ਤੇ ਨਸ਼ੇ' ਲਿਖ ਕੇ ਪ੍ਰਿੰ: ਸੁਜਾਨ ਸਿੰਘ ਨੇ ਸਿਆਣਿਆਂ ਨੂੰ ਠੀਕ ਝੰਝੋੜਿਆ ਹੈ। ਸੱਚ ਪੁਛੋ ਤਾਂ ਚਰਿਤ੍ਰ ਹੀਣਤਾ ਵਿਚ ਉਨ੍ਹਾ ਲੇਖਕਾਂ ਨੇ ਅਹਿਮ ਹਿੱਸਾ ਪਾਇਆ ਹੈ ਜਿਹੜੇ ਕੱਜੇ ਹੋਏ ਨੂੰ ਕੱਜਣ ਯੋਗ ਨੂੰ ਸ਼ਿੰਗਾਰ ਕੇ ਪੇਸ਼ ਕਰਦੇ ਹਨ। ਮੇਰੀ ਮੁਬਾਰਕ ਉਹਨਾਂ ਨੂੰ ਦਿਓ। ਜੇ ਦੇਸ਼ ਨੇ ਬਚਣਾ ਹੈ ਤਾਂ ਸੁਤੰਤਰਤਾ ਦੀਆਂ ਵੀ ਕੁਝ ਸੀਮਾਵਾਂ ਹੋਣ ਗੀਆਂ। ਲੂਣੀ ਨਦੀ ਵਿਚ ਜਸਵੰਤ ਸਿੰਘ ਵਿਰਦੀ ਦਾ ਅੰਦਰਲਾ ਹੁਸਨ ਵਹਿ ਤੁਰਿਆ ਹੈ। ਪ੍ਰੀਤਮ ਸਿੰਘ ਜੀ ਨੇ ਅਲਬੇਲੇ ਕਵੀ ਕਰਨਜੀਤ ਨਾਲ ਪਛਾਣ ਕਰਾਕੇ ਉਪਕਾਰ ਕੀਤਾ ਹੈ। ਕਰਨਜੀਤ ਨੂੰ ਏਡੀ ਛੇਤੀ ਆਪਣੇ ਅਨੰਤ ਵਿਚ ਜਾਣ ਦੀ ਕੀ ਕਾਹਲ ਪੈ ਗਈ? ਪ੍ਰੇਮ ਗੋਰਖੀ ਦੀ ਕਹਾਣੀ ਵਧੀਆ ਕ੍ਰਿਤ ਹੈ।

ਆਪਣੇ ਰੁਝੇਵੇਂ ਵਿਚ ਦੋ ਹੀ ਲੇਖ (ਅਗਸਤ ਅੰਕ) ਪੜ੍ਹ ਸਕਿਆ ਹਾਂ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਬਾਰੇ ਅਤੇ ਕਾਮਰੇਡ ਸੋਹਣ ਸਿੰਘ ਜੋਸ਼ ਦੇ ਨਿਧਣ ਬਾਰੇ ਦੋਹਾਂ ਵਾਸਤੇ ਆਪ ਨੇ ਜੋ ਸ਼ਬਦ ਵਰਤੇ ਅਤੇ ਜੋ ਪਹੁੰਚ ਅਪਣਾਈ ਹੈ, ਤਸਵੀਰ ਚੋਣ ਕਰਕੇ ਆਪ ਨੇ ਉਹੀ ਸਾਰੀਆਂ ਗਲਾਂ

Sri Satguru Jagjit Singh Ji Elibrary NamdhariElibrary@gmail.com

ਕਹਿ ਦਿਤੀਆਂ ਪਰ ਜੋ ਵਿਸ਼ਲੇਸ਼ਨ ਆਪਣੇ ਗਿਆਨੀ ਜੀ ਬਾਰੇ ਕਰਦਿਆਂ ਉਹਨਾਂ ਦੀ ਚੋਣ ਤੇ ਅਭਿਵਾਦਨ ਕੀਤਾ ਹੈ ਮੈਂ ਨਹੀਂ ਸਮਝਦਾ ਏਨਾ ਸਾਫ, ਸੁੰਦਰ ਸਪਸ਼ਟ ਤੇ ਤੱਥ ਭਰਪੂਰ ਕੋਈ ਹੋਰ ਲਿਖ ਸਕਿਆ ਹੋਵੇ। ਗਿਆਨੀ ਜੀ ਦੇ ਸਾਰੇ ਪਰਸੰਸਕਾਂ ਨੇ ਕਿਸੇ ਲੋਭ ਲਾਲਚ ਅਥਵਾ ਨਿਜੀ ਪਹੁੰਚ ਦੀ ਪੇਸ਼ਕਾਰੀ ਵਜੋਂ ਕੀਤਾ ਹੋਵੇਗਾ ਪਰ ਵਰਿਆਮ ਨੇ ਤਾਂ ਰਾਸ਼ਟਰਪਤੀ ਦੀ ਕੁਰਸੀ ਤਕ ਅਤੇ ਮੌਤ ਦੀ ਗੋਦ ਵਿਚ ਅਪੜਿਆਂ ਲਈ ਸਭ ਕੁਝ ਹੀ ਭਾਵਨਾ ਭਰਪੂਰ ਤੇ ਲੀਕੋਂ ਹੱਟ ਕੇ ਕੀਤਾ ਹੈ। ਮੇਰੀ ਮੁਬਾਰਕ ਪਰਵਾਨ ਕਰੋ।

ਸ਼ੈਲੀ ਸੁਖਮਤਾ ਪਹੁੰਚ ਤੇ ਭਾਵਨਾ ਇਹ ਵਰਿਆਮ ਦੀ ਅਪਣੀ ਹੈ।

ਪ੍ਰੀਤਮ ਸਿੰਘ ਕਵੀ
ਨਵੀਂ ਦਿਲੀ

ਇਤਹਾਸ ਛਾਪੋ

ਸਿਖ ਇਤਿਹਾਸ ਦੇ ਅਤੇ ਨਾਮਧਾਰੀ ਇਤਿਹਾਸ ਦੇ ਸੁਨਹਿਰੀ ਪੰਨੇ reproduce ਕਰ ਸਕੋ ਤਾਂ ਚੰਗਾ ਰਹੇਗਾ। ਕਿਤਾਬਾਂ ਅਜੇ ਵੀ ਲੋਕ ਏਨੀਆਂ ਖਰੀਦਦੇ ਨਹੀਂ। ਪਰ ਤੁਹਾਡਾ ਪੜ੍ਹਿਆ ਜਾਂਦਾ ਹੈ ਜਿਸ ਕਰਕੇ ਉਹਨਾਂ ਨੂੰ ਹੋਰਨਾਂ ਦਾ ਲਿਖਿਆ ਇਤਿਹਾਸ ਪੜ੍ਹਾਓ। ਜਦ ਮੌਕਾ ਲਗਾ ਮੈਂ ਵੀ ਹਿਸਾ ਪਾਵਾਂਗਾ।

ਹਰਨਾਮ ਸਿੰਘ ਨਾਜ਼
ਬੰਬਈ

ਰਸਮੀ ਪਰਚਾ

ਪਰਚਾ ਤੁਹਾਡਾ ਇਕ ਰਸਮੀ ਹੈ। ਇਸ ਵਿਚ ਇਕ ਅੱਧ ਲੇਖ ਕੋਈ ਨਵੇਂ ਪ੍ਰਕਾਰ ਦੀ ਸਾਹਿਤਕ ਸਾਮਗਰੀ ਦੇਣ ਦੀ ਕੋਸ਼ਿਸ਼ ਕਰੋ। ਤੁਹਾਡੇ ਨਾਲ ਕਾਫੀ ਹਿਤਕਾਰੀ ਦੋਸਤ ਹਨ ਜੋ ਇਸ ਵਿਚ ਆਪਣਾ ਰੋਲ ਅਦਾ ਕਰ ਸਕਦੇ ਹਨ।

ਚਮਨ ਲਾਲ ਅਰੋੜਾ
੧੭/IF ਡੌਵਰ ਟੇਰੇਸ
ਕੱਲਕਤਾ-੭੦੦੦੧੯

ਅਸੀਸਾਂ

ਮੈਨੂੰ ਬੇ ਹੱਦ ਖੁਸ਼ੀ ਹੈ ਕਿ ਵਰਿਆਮ ਅਠਵੇਂ ਵਰ੍ਹੇ ਵਿਚ ਪਰਵੇਸ਼ ਕਰ ਚੁੱਕਾ ਹੈ। ਦਿਨੋਂ ਦਿਨ ਇਹ ਤਰੱਕੀ ਦੇ ਰਾਹਾਂ ਤੇ ਜਾ ਰਿਹਾ ਹੈ। ਇਹ ਤੁਹਾਡੀ ਸਖਤ ਮਿਹਨਤ, ਸੁਯੋਗ ਸਟਾਫ, ਚੰਗੇ ਲੇਖਕਾਂ ਦੇ ਸਹਿਯੋਗ ਦਾ ਸਿੱਟਾ ਹੈ। ਜਦੋਂ ਕਦੀ ਵੱਖ ਵੱਖ ਥਾਵਾਂ ਦੀ ਯਾਤਰਾ ਦਾ ਹਾਲ ਲਿਖਦੇ ਹੋ ਕਈ ਮੇਰੇ ਵਰਗੇ ਘਰ ਬੈਠੇ ਹੀ ਉਸ ਥਾਂ ਤੇ ਹੋਏ ਸਮਾਗਮ ਦਾ ਅਨੰਦ ਮਾਣ ਲੈਂਦੇ ਹਨ। ਜਿਵੇਂ ਕਿ ਹੰਸਪਾਲ ਜੀ ਦੀ ਬਦੇਸ਼ ਯਾਤਰਾ, ਤੁਹਾਡੀ ਮਨਾਲੀ ਦੀ ਸੈਰ, ਵਾਰਧਾ ਸੰਮੇਲਨ, ਵੱਖ ਵੱਖ ਥਾਵਾਂ ਤੇ ਪੰਜਾਬੀ ਕਾਨਫਰੰਸਾਂ, ਸੰਗੀਤ ਸੰਮੇਲਨਾਂ ਬਾਰੇ ਜਾਣਕਾਰੀ ਆਦਿਕ। ਵਰਿਆਮ ਦੇ ਵਸ਼ੇਸ਼ ਅੰਕ ਜਿਹੜੇ ਹੁਣ ਤੀਕ ਛੱਪੇ ਹਨ, ਹਰ ਪਖੋਂ ਜਾਣਕਾਰੀ ਭਰਪੂਰ ਹਨ। ਬੀਤੇ ਦੀਆਂ ਪੈੜਾਂ ਨਾਲ ਜੀਵਨ ਜਾਚ ਮਿਲਦੀ ਹੈ। ਸ੍ਰੀ ਸਤਿਗੁਰੂ ਜੀ ਦਾ ਹਰ ਹੁਕਮ ਸੁਖਦਾਈ ਹੁੰਦਾ ਹੈ। ਸ: ਜਸਵੰਤ ਸਿੰਘ ਵਿਰਦੀ ਵੱਖ ਵੱਖ ਨਦੀਆਂ ਬਾਰੇ ਲਿਖਕੇ ਆਮ ਜਾਣਕਾਰੀ ਵਿਚ ਵਾਧਾ ਕਰਦੇ ਹਨ। ਕਈ ਜ਼ਰੂਰੀ ਤੱਥ ਅਧਿਆਤਮਕ ਪਖੋਂ ਲਿਖੇ ਲੇਖਾਂ ਵਿਚੋਂ ਵੀ ਮਿਲਦੇ ਹਨ। ਕੋਈ ਵੀ ਅੰਕ ਪੂਰਾ ਪੜ੍ਹੇ ਬਿਨਾਂ ਛੱਡਣ ਨੂੰ ਦਿਲ ਨਹੀਂ ਕਰਦਾ। ਤੁਸੀਂ ਮੁਸ਼ਕਲਾਂ ਨਾਲ ਜੂਝਣ ਵਾਲੇ ਇਨਸਾਨ ਹੋ। ਤੁਹਾਡੀ ਸਖਤ ਮਿਹਨਤ, ਲਗਨ 'ਵਰਿਆਮ' ਨੂੰ ਚੜਦੀ ਕਲਾ ਵਿਚ ਹੀ ਰਖੇਗੀ। ਮੇਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ 'ਵਰਿਆਮ' ਦਿਨ ਦੂਣੀ ਅਤੇ ਰਾਤ ਚੌਗਣੀ ਤਰਕੀ ਕਰੇ।

ਜਥੇਦਾਰ ਨਿਰੰਜਨ ਸਿੰਘ
ਪਿੰਡ ਟਮਕੌਦੀ, ਡਾ ਦੋਰਾਹਾ
(ਜ਼ਿਲਾ ਲੁਧਿਆਣਾ)

ਧਿਆਨ ਦਿਓ

ਪਰੂਫ ਰੀਡਿੰਗ ਤੁਹਾਡੀ ਬਹੁਤ ਵਧੀਆ ਹੈ। ਪਰ ਲੇ-ਆਊਟ ਵਲ ਖਾਸ ਧਿਆਨ ਦਿਓ।

ਧਰਮ ਤੇ ਸਰਬ-ਸ਼ਾਂਤੀ ਏਸ ਵਿਸ਼ੇ ਵਿਚ ਨਾਮਧਾਰੀ ਪਰੰਪਰਾ ਦੀ ਦੇਣ ਬਾਰੇ ਲੇਖ ਲਿਖੋ।

ਪ੍ਰੀਤਮ ਬੇਲੀ
ਬੰਬਈ

Sri Satguru Jagjit Singh Ji Elibrary NamdhariElibrary@gmail.com

ਪਾਲਿਟਿਕਸ ਬਾਰੇ ਲਿਖੋ

ਤੁਹਾਡਾ ਵਰਿਆਮ ਵਿਚ ਗਊ ਬਾਰੇ ਮੁਖ ਲੇਖ ਪੜ੍ਹ ਕੇ ਖੁਸ਼ੀ ਹੋਈ ਸੀ ਮੈਂ ਸੋਚੀਂ ਬੈਠਾ ਸੀ ਕਿ ਆਪਣੀ ਪਰਸੰਸਾ ਤੁਹਾਡੇ ਨਾਲ ਸਾਂਝੀ ਕਰਾਂ। ਲੇਖ ਪੜ੍ਹ ਕੇ ਖੁਸ਼ੀ ਦੇ ਕਾਰਨ ਇਹ ਸਨ। (੧) ਲੇਖ ਬੜਾ ਵੇਲੇ ਸਿਰ ਤੇ ਸੁਚੱਜਾ ਤੇ ਹੈ ਹੀ ਸੀ (੨) ਕਰੀਬ ਏਹੀ ਗਲਾਂ ਮੈਂ ਰਾਜ ਸਭਾ ਵਿਚ ਇਹਨਾਂ ਹੀ ਤੁਕਾਂ ਦਾ ਹਵਾਲਾ ਦੇ ਕੇ ਅਮ੍ਰਿਤਸਰ ਕਾਂਡ ਦੀ ਬਹਿਸ ਵਿਚ ਹਿਸਾ ਲੈਂਦਿਆਂ ਆਪਣੀ ਪਾਰਟੀ ਵਲੋਂ ਆਖੀਆਂ ਸਨ (੩) ਵਰਿਆਮ ਵਿਚ ਨੈਸ਼ਨਲ, ਇੰਟਰਨੈਸ਼ਨਲ ਅਤੇ ਸਿਖ ਪੰਜਾਬ ਪਾਲਟਿਕਸ ਬਾਰੇ ਐਸੇ ਲੇਖ ਲਿਖੋ, ਬੜੇ ਚਿਰ ਤੋਂ ਮੇਰੀ ਇਹ ਇੱਛਾ ਸੀ। ਆਸ ਹੈ ਅਗੋਂ ਵੀ ਇਸ ਯਤਨ ਨੂੰ ਜਾਰੀ ਰਖੋਗੇ। ਇਸ ਲੇਖ ਦੀ ਸ਼ਲਾਘਾ ਮੈਂ ਹੋਰ ਭੀ ਬਹੁਤ ਸਾਰੇ ਸਜਨਾਂ ਪਾਸੋਂ ਸੁਣੀ ਹੈ। ਆਪ ਵਧਾਈ ਦੇ ਪਾਤਰ ਹੋ।

ਹਰਵਿੰਦਰ ਮਿੰਘ ਹੰਸਪਾਲ
ਮੈਂਬਰ ਪਾਰਲੀਮੈਂਟ (ਰਾਜ ਸਭਾ)
ਨਵੀਂ ਦਿਲੀ

——

ਇਤਿਹਾਸਕ ਲੇਖਾਂ ਦੀ ਘਾਟ

ਦਿੱਲੀ ਦੇ ਕੁਝ ਸਜਨਾਂ ਨੇ 'ਵਰਿਆਮ' ਵਿਚ ਲੜੀਵਾਰ ਇਤਿਹਾਸਕ ਲੇਖਾਂ ਦੀ ਘਾਟ ਬਾਰੇ ਵਿਚਾਰ ਜ਼ਾਹਿਰ ਕੀਤਾ ਸੀ ਅਤੇ ਇਸ ਬਾਰੇ ਵਿਚਾਰ ਆਪ ਤੀਕ ਪਹੁੰਚਾਣ ਲਈ ਅਰਜ਼ ਕੀਤੀ ਸੀ। ਸੋ ਇਹ ਪਤਰ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ। 'ਵਰਿਆਮ' ਵਿਚ ਇਤਿਹਾਸਕ ਲੇਖਾਂ ਦੀ ਘਾਟ ਵਾਲੀ ਗਲ ਕਾਫੀ ਠੀਕ ਹੈ। ਉਮੀਦ ਹੈ ਆਪ ਗੌਰ ਕਰੋਗੇ।

ਜਸਵਿੰਦਰ ਸਿੰਘ
ਸ਼ਕੂਰ ਬਸਤੀ, ਦਿਲੀ।

——

ਸਾਹਿਤਕ ਲੇਖ ਕਹਾਣੀਆਂ

'ਬੀਤੇ ਦੀਆਂ ਪੈੜਾਂ' ਚੰਗੀਆਂ ਹਨ ਪਰ ਕਦੇ ਕਦੇ (ਸਤੰਬਰ ਅੰਕ, ਇਹਨਾਂ ਤੋਂ ਸਿਵਾ ਕੁਝ ਵੀ ਨਹੀਂ ਹੁੰਦਾ। ਤੁਸੀਂ ਵਰਿਆਮ ਦੀ ਬਹੁ ਪੱਖੀ ਪ੍ਰਤਿਭਾ ਕਾਇਮ ਰਖਣ ਲਈ ਸਾਹਿਤਕ ਲੇਖ ਕਹਾਣੀਆਂ ਜ਼ਰੂਰ ਦਿਆ ਕਰੋ।

ਗੁਰਪ੍ਰੀਤ ਸਿੰਘ ਪ੍ਰੀਤ
ਬਾਘਾ ਪੁਰਾਣਾ

——

With best compliments from :-

NAMDHARI BROTHERS

Prop. S. AJIT SINGH
Main Bazar, DALTONGANJ (Bihar)
Dealers : KIRLOSKAR DIESEL ENGINE. F. S. G. ELECTRIC MOTORS. ELECTRICAL APPLIANCES. STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

New Namdhari Cloth House

WHOLE SALE CLOTH DEALERS

Main Bazar DALTONGANJ (Bihar)

Sri Satguru Jagjit Singh Ji Elibrary NamdhariElibrary@gmail.com

ਵਰਿਆਮ ਨੂੰ ਸਹਿਯੋਗ

—**ਸੰਤ ਜੋਗ ਸਿੰਘ ਕਾਲਕਾ** :- ੭ ਨਵੰਬਰ ਨੂੰ ਕਾਲਕਾ ਵਿਖੇ ਸੰਤ ਜੋਗ ਸਿੰਘ ਵਲੋਂ ਆਪਣੇ ਪਿਤਾ ਜੀ ਦੇ ਵਰ੍ਹੀਣੇ ਸਮੇਂ ਪਾਠ ਦਾ ਭੋਗ ਪੁਆਇਆ ਗਿਆ। ਸ੍ਰੀਮਾਨ ਪੰਡਿਤ ਗਪਾਲ ਸਿੰਘ ਜੀ ਨੇ ਪ੍ਰਭਾਵਸ਼ਾਲੀ ਦੀਵਾਨ ਸਜਾਇਆ ਜਿਸ ਵਿਚ ੧੭ ਵਿਅਕਤੀਆਂ ਭਜਨ ਪੁਛਿਆ। ਇਸ ਅਵਸਰ ਤੇ ਵਰਿਆਮ ਵਾਸਤੇ ਦਸ ਰੁਪੈ ਸਹਾਇਤਾ ਕੱਢੀ ਗਈ।

—**ਠੇਕੇਦਾਰ ਗੁਰਬਚਨ ਸਿੰਘ ਛਾਂਗੀ** :- ਸੁਭਾਸ਼ ਨਗਰ ਨਵੀਂ ਦਿਲੀ ਦੀ ਸਪੁਤਰੀ ਬੀਬੀ ਸਵਰਨ ਕੌਰ ਦਾ ਅਨਦ ਕਾਰਜ ਸ: ਰਣਜੀਤ ਸਿੰਘ ਜੀ ਦੇ ਸਪਤਰ ਸ੍ਰੀ ਗੁਰਦੇਵ ਸਿੰਘ ਨਾਲ ਦਿਲੀ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ੨੧ ਨਵੰਬਰ ਨੂੰ ਹੋਇਆ। ਠੇਕੇਦਾਰ ਜੀ ਵਲੋਂ ੧੧/- ਰੁਪੈ ਵਰਿਆਮ ਵਾਸਤੇ ਸਹਾਇਤਾ ਕੱਢੀ ਗਈ। ਆਪ ਜੀ ਨੇ ਵਰਿਆਮ ਦੇ ਸਾਲਾਨਾ ਗਾਹਕ ਵੀ ਬਣਾਏ।

—**ਸੰਤ ਤੇਜਾ ਸਿੰਘ ਕੰਵਲ** :- ਨਾਮਧਾਰੀ ਕਾਲੋਨੀ ਦਿਲੀ ਨਿਵਾਸੀ ਵਿਦਵਾਨ ਸੰਤ ਤੇਜਾ ਸਿੰਘ ਕੰਵਲ ਦੇ ਭ੍ਰਾਤਾ ਸੰਤ ਸੰਤ ਸਿੰਘ ਜੀ ਸ੍ਰੀ ਜੀਵਨ ਨਗਰ ਚੜਾਈ ਕਰ ਗਏ। ਆਪ ਬਹੁਤ ਕਾਰੀਗਰ ਅਤੇ ਕਲਾਕਾਰ ਸਨ। ਕੰਵਲ ਜੀ ਵਲੋਂ ੧੦/- ਰੁਪੈ ਵਰਿਆਮ ਸਹਾਇਤਾ ਉਹਨਾਂ ਦੇ ਭੋਗ ਸਮੇਂ ਕਢੀ ਗਈ।

—**ਸ: ਕਿਰਪਾਲ ਸਿੰਘ ਦਿਲੀ** :- I C /146 ਨਾਮਧਾਰੀ ਕਾਲੋਨੀ ਨਵੀਂ ਦਿਲੀ ਵਿਖੇ ਸ: ਕਿਰਪਾਲ ਸਿੰਘ ਜੀ ਨੇ ਆਪਣੇ ਮਕਾਨ ਦੀ ਉਪਰਲੀ ਮੰਜ਼ਲ ਪਾ ਕੇ ਵਰਨੀ ਕਰਾਈ ਅਤੇ ਵਰਿਆਮ ਵਾਸਤੇ ਗਿਆਰਾਂ ਰੁਪਏ ਸ: ਸਵਰਨਜੀਤ ਸਿੰਘ ਰਾਹੀਂ ਭੇਜੇ।

—**ਸ: ਨਿਰਮਲ ਸਿੰਘ ਇੰਗਲੈਂਡ** :- ਆਪ ਜੀ ਨੇ ਇਕ ਸੌ ਰੁਪਿਆ ਵਰਿਆਮ ਸਹਾਇਤਾ ਵਾਸਤੇ ਸ: ਖੜਕ ਸਿੰਘ ਭਮਰਾ ਅਤੇ ਸ੍ਰੀ ਪ੍ਰੀਤਮ ਸਿੰਘ ਕਥੋ ਰਾਹੀਂ ਭੇਜਿਆ ਹੈ। ਬੜੇ ਚਿਰ ਬਾਅਦ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ, ਸੰਤ ਪਿਆਰਾ ਸਿੰਘ ਹਕੀਮ ਗੋਗਇਆ ਦੇ ਇਲਾਜ ਰਾਹੀਂ ਆਪਦੇ ਘਰ ਔਲਾਦ ਦੀ ਸੰਭਾਵਨਾ ਹੋਈ ਹੈ। ਇਸੇ ਕਾਰਨ ਸਤਿਗੁਰੂ ਚਰਨਾਂ ਵਿਚ ਵੀ ਉਹਨਾਂ ਭੇਟਾ ਭੇਜੀ ਹੈ। ਅਰਦਾਸ ਹੈ ਕਿ ਆਪ ਜੀ ਨੂੰ ਮਨੋ ਕਾਮਨਾ ਪੂਰੀਆਂ ਹੋਣ ਦੀਆਂ ਖੁਸ਼ੀਆਂ ਮਿਲਣ।

—**ਸ: ਕਿਰਪਾਲ ਸਿੰਘ ਖੋਖਰ** : ਵਰਿਆਮ ਦੇ ਪੁਰਾਣੇ ਸਨੇਹੀ ਜੰਤਾ ਇੰਜੀਨਅਰਿੰਗ ਵਰਕਸ ਗਾਜ਼ੀਆਬਾਦ ਵਾਲੇ ਸ: ਕਿਰਪਾਲ ਸਿੰਘ ਖੋਖਰ ਨੇ ਬਾਲੀ ਨਗਰ ਨਵੀਂ ਦਿਲੀ ਵਿਚ ਆਪਣੇ ਨਵੇਂ ਮਕਾਨ ਦੀ ਚੱਠ ੨੦ ਨਵੰਬਰ ਨੂੰ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਵਿਚ ਦਰਸ਼ਨ ਦਿਤੇ ਸਾਧ ਸੰਗਤ ਦਾ ਲੰਗਰ ਕੀਤਾ ਗਿਆ। ਵਰਿਆਮ ਨੂੰ ਇਕਵੰਜਾ ਰੁਪਏ ਸਹਾਇਤਾ ਭੇਜੀ। ਧਨਵਾਦ

ਵਰਿਆਮ ਦੇ ਨਵੇਂ ਜੀਵਨ ਸਾਥੀ

ਦਿਲੀ ਵਿਖੇ ੨੧ ਨਵੰਬਰ ਨੂੰ ਹੇਠ ਲਿਖੇ ਸਜਨ ਵਰਿਆਮ ਦੇ ਜੀਵਨ ਭਰ ਲਈ ਮੈਂਬਰ ਬਣੇ।

—**ਸੰਤ ਸੇਵਾ ਸਿੰਘ ਮਲ੍ਹੇ ਵਾਲੇ**
੪/੯੯ ਰਮੇਸ਼ ਨਗਰ
ਨਵੀਂ ਦਿਲੀ-੧੧੦੦੧੫

—**ਸੰਤ ਮਹਿੰਦਰ ਸਿੰਘ ਜੀ**
ਐਫ-੪੩,ਬਾਲੀ ਨਗਰ, ਨਵੀਂ ਦਿਲੀ

—**ਸ: ਬਲਬੀਰ ਸਿੰਘ ਗਾਜ਼ੀਵਾਲ**
I C /੧੫੧, ਨਾਮਧਾਰੀ ਕਾਲੋਨੀ
ਰਮੇਸ਼ ਨਗਰ, ਨਵੀਂ ਦਿਲੀ—੧੫

—**ਸੰਤ ਅਵਤਾਰ ਸਿੰਘ ਜੀ**
ਏ-੩੭ ਨਰਾਇਣਾ
ਇੰਡਸਟਰੀਅਲ ਏਰੀਆ ਫੇਜ਼ ੧, ਨਵੀਂ ਦਿਲੀ-੨੮

—**ਸੰਤ ਗੁਰਚਰਨ ਸਿੰਘ ਜੀ**
ਗੁਰੂ ਨਾਨਕ ਸਾ ਮਿਲਜ਼
ਏ-੪੧ ਕਿਰਤੀ ਨਗਰ ਵੇਅਰ ਹਾਊਸਿੰਗ ਸਕੀਮ
ਨਵੀਂ ਦਿਲੀ-੧੧੦੦੧੫

Sri Satguru Jagjit Singh Ji Elibrary NamdhariElibrary@gmail.com

ਸਿਲਸਲੇਵਾਰ—

ਬੀਤੇ ਦੀਆਂ ਪੈੜਾਂ

(ਲੜੀ ਜੋੜਨ ਲਈ ਨਵੰਬਰ ੧੯੯੨ ਅੰਕ ਵੇਖੋ)

—ਪ੍ਰੀਤਮ ਸਿੰਘ ਕਵੀ

ੜ੧ ਮਾਰਚ ੧੯੭੮ ਸ਼ੁਕਰਵਾਰ
ਨਵੀਂ ਦਿੱਲੀ

ਹਰਿ ਪ੍ਰੀਤਮ ਦੀ ਬਾਤ —

ਕੱਲ੍ਹ ਤੋਂ ਹੀ ਦਿੱਲੀ ਦੇ ਨਾਮਧਾਰੀ ਹਲਕਿਆਂ ਵਿਚ ਚਾਉ ਤੇ ਉਮਾਹ ਲਹਿਰਾਂ ਲੈ ਰਿਹਾ ਸੀ। ਕਾਰਨ ਸੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਅੱਜ ੯ ਵਜੇ ਤਕ ਦਿੱਲੀ ਪਹੁੰਚ ਜਾਣਾ। ਮੈਨੂੰ ਰਾਤੀਂ ਗੁਰਦੇਵ ਸਿੰਘ ਸਰੋਦ ਦੇ ਘਰ ਗਿਆਂ ਪਤਾ ਲਗਾ, ਗੁਰਦੀਪ ਸਿੰਘ ਸਕੱਤਰ ਨਾਮਧਾਰੀ ਧਰਮਸਾਲਾ ਏਥੇ ਖਬਰ ਦੇ ਗਿਆ ਸੀ। ਰਾਤੀਂ ੧੦ ਵਜੇ ਦੇ ਕਰੀਬ ਹਰਭਜਨ ਸਿੰਘ ਸਿਤਾਰ ਵੀ ਭੈਣੀ ਸਾਹਿਬੋਂ ਏਥੇ ਹੀ ਆ ਗਿਆ। ਉਸ ਨੂੰ ਬੁਖਾਰ ਸੀ।

ਜਦੋਂ ਮੈਂ ਗੁਰਦੇਵ ਸਿੰਘ ਘਰੋਂ ਉਠ ਸੰਤ ਗੁਰਦੀਪ ਸਿੰਘ ਸਕੱਤਰ ਦੇ ਘਰ ਪੁਜਾ, ਉਥੇ ਸੰਤ ਹਜ਼ਾਰਾ ਸਿੰਘ ਮਾਫੀ, ਸ: ਰਜਿੰਦਰ ਸਿੰਘ ਗਦੋਂਡੋਬ (ਸਾਬਕਾ ਸੰਪਾਦਕ ਸਤਿਜੁਗ ਅਤੇ ਸਤਿਗੁਰੂ ਜੀ ਦੇ ਮਾਮੇ ਦਾ ਪੁਤ ਭਰਾ) ਵੀ ਮਿਲੇ। ਇਹ ਵੀ ਹੁਣੇ ਹੁਣੇ ਆਪਣੇ ਮੁਕਾਮ ਤੋਂ ਏਥੇ ਪਹੁੰਚੇ ਸਨ। ਇਹਨਾਂ ਬੰਬਈ ਵਿਚ ਹੋ ਰਹੇ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸ਼ਾਸਤਰੀ ਸੰਗੀਤ ਸੰਮੇਲਨ ਵਿਚ ਪਹੁੰਚਣਾ ਹੈ।

ਪਰਸੋਂ ਜਦੋਂ ਮੈਂ ਸ: ਸੁਰਿੰਦਰ ਸਿੰਘ ਮਨਚੰਦਾ ਨੂੰ ਮਿਲਿਆ ਤਾਂ ਉਹ ਗੁਰਭਜਨ ਸਿੰਘ ਕੁਇਕ ਟ੍ਰੈਵਲ ਨੂੰ ਕਹਿ ਕੇ ਬੰਬਈ ਵਿਚ ਤਾਜ ਹੋਟਲ ਵਿਚ ਇਕ ਸੂਟ (ਕਮਰਿਆਂ ਦਾ ਸੈੱਟ) ੭ ਦਿਨਾਂ ਵਾਸਤੇ ਰੀਜ਼ਰਵ ਕਰਵਾ ਰਿਹਾ ਸੀ। ਇਹ ਵੀ ਸ਼ਾਸਤਰੀ ਸੰਗੀਤ ਦੇ ਸ੍ਰੋਤਿਆਂ ਵਿਚ ਹੈ। ਮਹਾਰਾਜ ਬੀਰ ਸਿੰਘ ਜੀ ਵੀ ਰਾਤ ਦੇ ਦਿੱਲੀ ਆਏ ਹੋਏ ਹਨ ਜਿਨ੍ਹਾਂ ਕੱਲ ਬੰਬਈ ਲਈ ਜਹਾਜ਼ ਫੜਨਾ ਹੈ। ਕਲ੍ਹ ਇਹ ਵੀ ਪਤਾ ਲਗਾ ਕਿ ਸ: ਸੇਵਾ ਸਿੰਘ, ਨਾਮਧਾਰੀ ਏਜੰਸੀਜ਼, ਵੀ ਪਰਵਾਰ ਸਮੇਤ ਬੰਬਈ ਜਾ ਰਿਹਾ ਹੈ।



ਸਤਿਗੁਰੂ ਜਗਜੀਤ ਸਿੰਘ ਜੀ

ਉਪਰੋਕਤ ਤੋਂ ਇਲਾਵਾ, ਸਤਿਗੁਰੂ ਜੀ ਦੇ ਆਦੇਸ਼ ਤੇ ੫੫ ਸੀਟਾਂ ਰੇਲ ਦੀਆਂ ਰੀਜ਼ਰਵ ਕੀਤੀਆਂ ਗਈਆਂ ਹਨ। ਰੀਜ਼ਰਵੇਸ਼ਨ ਪ੍ਰਬੰਧਕ ਸ: ਹਰਮੀਤ ਸਿੰਘ ਢੱਡਾ ਨੇ ਦਸਿਆ ਕਿ ੨੧ ਸੀਟਾਂ ਡੀਲੱਕਸ (੧.੪.੭੮) ਉਤੇ ਹਨ ਤੇ ੩੪

Sri Satguru Jagjit Singh Ji Elibrary NamdhariElibrary@gmail.com

ਰਾਜਧਾਨੀ ਐਕਸਪ੍ਰੈਸ ਉਤੇ । ਪਹਿਲੀ ਨੇ ਪਹਿਲੀ ਨੂੰ ੪ ਵਜੇ ਸ਼ਾਮੀ ਚਲਣਾ ਹੈ, ਦੂਜੀ ਨੇ ੨ ਨੂੰ ਅਮ੍ਰਿਤ ਵੇਲੇ ੩ ਵਜੇ । ਹੋਰ ਵੀ ਨਾਮਧਾਰੀ ਸੰਗੀਤ ਪ੍ਰੇਮੀ ਬੰਬਈ ਵਲ ਧਾਈ ਕਰਨਗੇ ।

ਸਤਿਗੁਰੂ ਜੀ ਦੇ, ਅੱਜ ਕਲ੍ਹ ਬੜੇ ਪਿਆਰੇ ਅਤੇ ਸ਼ਰਧਾਲੂ ਸੇਵਕ ਸੁਰਿੰਦਰ ਸਿੰਘ ਮਨਚੰਦਾ ਬਾਰੇ ਕੁਛ ਦਸਣਾ ਜ਼ਰੂਰੀ ਬਣਦਾ ਹੈ ।

ਸੁਰਿੰਦਰ ਸਿੰਘ ਮਨਚੰਦਾ—

ਸੰਤ ਹਰਬੰਸ ਸਿੰਘ ਮਨਚੰਦਾ ਪਟਪੜ ਗੰਜ, ਦਿੱਲੀ ਵਾਲਿਆਂ ਦਾ ਇਹ ਸਪੁੱਤਰ ਅਸ਼ੋਕਾ ਬਿਸਕੁਟ ਫੈਕਟਰੀ ਹੈਦਰਾਬਾਦ ਦੇ ਮਾਲਿਕ ਸ: ਕਰਤਾਰ ਸਿੰਘ ਵਲ ਵਿਆਹਿਆ ਹੋਇਆ ਹੈ । ਨਾਮਧਾਰੀਆਂ ਦੀ ਸੋਧ ਮਰਿਆਦਾ ਦਾ ਧਾਰਨੀ ਹੈ । ਭਾਵ, ਆਪਣੇ ਹੱਥ ਦਾ, ਜਾਂ ਸੁੱਚਾ ਜਲ-ਪ੍ਰਸ਼ਾਦਾ ਛਕਦਾ ਹੈ । ਬਾਜ਼ਾਰ ਤੋਂ ਕੇਵਲ ਫਲ ਹੀ ਇਸ ਦੀ ਲੋੜ ਦੇ ਹਨ । ਇਸ ਦੀ ਪਤਨੀ ਹਰਮੀਤ ਕੌਰ ਕੋਲ ਇਸ ਵੇਲੇ ਦੋ ਬੱਚੇ ਹਨ, ਇਕ ਲੜਕੀ ਅਤੇ ਇਕ ਲੜਕਾ । ਉਹ ਨਾਮਧਾਰੀ ਸ਼ਬਦਾਵਲੀ ਅਨੁਸਾਰ ਖੁਲ੍ਹੀ ਹੈ, ਭਾਵ ਸੋਧ ਮਰਿਆਦਾ ਨਹੀਂ ਰਖਦੀ । ਸੋ ਅੱਜ ਕਲ੍ਹ ਉਹ ਆਦਮੀ ਜੁ ਅਸ਼ੋਕਾ ਬਿਸਕੁਟਾਂ ਦਾ ਨਾਰਥ ਜ਼ੋਨ ਦਾ ਸੋਲ ਏਜੰਟ ਹੋਣ ਕਰਕੇ ਹਜ਼ਾਰਾਂ ਰੁਪਏ ਮਹੀਨਾ ਕਮਾ ਰਿਹਾ ਹੈ । ਉਹ ਪੈਸੇ ਨਾਲ ਮਗਰੂਰਿਆ ਨਾ ਜਾ ਕੇ, ਧਾਰਮਿਕ ਰਹੁ ਰੀਤਾਂ ਨੂੰ ਠੀਕ ਤਰ੍ਹਾਂ ਨਿਭਾਅ ਰਿਹਾ ਹੈ ਅਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰ ਰਿਹਾ ਹੈ ।

ਅੱਜ ਕਲ੍ਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਜਪੁ ਜਾਪ, ਸ਼ਬਦ ਹਜ਼ਾਰੇ, ਸੁਖਮਨੀ ਅਤੇ ਆਸਾ ਦੀ ਵਾਰ ਦਾ ਪਾਠ ਕਰਦਾ, ਸਿਮਰਨ ਮਗਨ ਹੁੰਦਾ ਅਤੇ ਫਿਰ ਆਪਣੇ ਹਥੀਂ ਆਟਾ ਗੁੰਨ੍ਹ, ਦਾਲ ਸਬਜ਼ੀ ਧਰ, ਪ੍ਰਸ਼ਾਦਾ ਪਕਾ ਕੇ ਛਕਦਿਆਂ ਆਲਸ ਨਹੀਂ ਕਰਦਾ । ਇਸ ਦੇ ਪਾਸ ਸੁੱਚੇ ਜਲ ਦਾ ਗੜ੍ਹਵਾ ਕਿਸੇ ਸੁੱਚੇ ਕਪੜੇ ਦੇ ਥੈਲੇ ਵਿਚ ਵਲ੍ਹੇਟਿਆ ਰਹਿੰਦਾ ਹੈ— ਜਲ ਛਕਣ, ਹੱਥ ਸੁੱਚੇ ਕਰਨ ਲਈ ਜਾਂ ਹੋਰ ਲੋੜਾਂ ਲਈ ।

ਫਿਲਹਾਲ ਇਸ ਪਾਸ ਦੋ ਮੈਟਾਡੋਰ ਗਡੀਆਂ ਹਨ, ਜਿਨ੍ਹਾਂ ਤੇ ਇਸ ਦੇ ਆਦਮੀ ਮਾਲ ਸਪਲਾਈ ਕਰਦੇ ਹਨ । ਮਾਟਾਡੋਰਾਂ ਦਾ ਮਾਲਕ ਹੋਣ ਕਰਕੇ ਪਛਾਣ ਲਈ ਇਸ ਨੂੰ ਸੁਰਿੰਦਰ ਸਿੰਘ 'ਮਾਟਾਡੋਰ' ਵੀ ਕਹਿੰਦੇ ਹਨ । ਇਸ ਦੀ ਫਰਮ ਅਤੇ ਦਫਤਰ ਕਰੋਲ ਬਾਗ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਮਾਰਕਿਟ ਵਿਚ ਹਨ । ਸਤਿਗੁਰੂ ਜੀ ਨਾਲ ਇਸ ਦਾ ਇਸ ਵੇਲੇ ਸੰਘਣਾ ਪ੍ਰੇਮ ਹੈ । ਸਮਝੋ ਉਨ੍ਹਾਂ ਦੇ ਇਸ਼ਕ ਵਿਚ ਜਿਉਂਦਾ ਹੈ । ਸਤਿਗੁਰੂ ਜੀ ਜੋ ਵੀ ਆਗਿਆ ਕਰਨ, ਉਸ ਲਈ ਖਰਚ ਵਰਚ ਕਰਦਿਆਂ ਇਸ ਨੂੰ ਕੋਈ ਸੰਕੋਚ ਨਹੀਂ । ਸਤਿਗੁਰੂ ਜੀ ਇਸ ਦੀ ਭਾਵਨਾ ਤੇ ਸੰਤੁਸ਼ਟ ਹਨ ।

ਪਰਸੋਂ ਜਦੋਂ ਮੈਂ ਅਤੇ ਸ੍ਰੀ ਗੁਰਭਜਨ ਸਿੰਘ ਇਸ ਦੇ ਬਖਸ਼ੀਸ਼ ਭੰਡਾਰ ਦੇ ਪਾਸ ਵਾਲੇ ਦਫਤਰ 'ਗੁਰਮੁਖ ਦੀ ਹੱਟੀ' ਤੇ ਬੈਠੇ ਸਾਂ ਤਾਂ ਇਕ ਵਿਦੇਸ਼ੀ ਸੰਗਤ ਦੇ ਪ੍ਰਧਾਨ ਜੀ ਨੇ ਕਹਿਆ ਕਿ ਉਹ ਪ੍ਰਧਾਨ ਹੋਣ ਦੇ ਨਾਤੇ ਜਿਧਰ ਵੀ ਜਾਵੇ ਜੇ ਉਧਰ ਘੰਟੇ ਨਾ ਖੜਕਦੇ ਜਾਣ ਤਾਂ ਕਾਹਦੀ ਪ੍ਰਧਾਨਗੀ । ਸੁਰਿੰਦਰ ਸਿੰਘ ਦਾ ਉੱਤਰ ਸੀ : ਭੈਣੀ ਸਾਹਿਬ ਇਕ ਵਿਦੇਸ਼ ਦੇ ਸੂਬਾ ਸਾਹਿਬ ਕਿਸੇ ਅਰਜ਼ ਵਾਸਤੇ ਉਤਾਵਲੇ ਸਨ— ਖਵਨੀ ਅਰਜ਼ ਉਸ ਵਿਦੇਸ਼ ਵਿਚ ਹਜ਼ੂਰ ਦੇ ਟੂਰ ਦੇ ਪ੍ਰੋਗਰਾਮ ਬਾਰੇ ਹੀ ਸੀ--ਸਤਿਗੁਰੂ ਜੀ ਨੇ ਦਰ ਬੰਦ ਕਰ ਲਏ ਤੇ ਫਰਮਾਇਆ : ਜਾਓ, ਜਾਓ, ਫੇਰ ਕਰਾਂਗੇ ਗੱਲਾਂ । ਏਥੇ ਤਾਂ ਘੰਟੇ ਇਸ ਤਰ੍ਹਾਂ ਖੜਕਣਗੇ । ਪ੍ਰਧਾਨ ਸਾਹਿਬ ਨੇ ਸੁਣ ਕੇ ਕਿਹਾ : ਫਿਰ ਤਾਂ ਬੜੀ ਬੇਇਜ਼ਤੀ ਹੋਈ ! ਕੀ ਲਾਭ ਸੂਬਾ ਬਣਨ ਦਾ ! ਸੁਰਿੰਦਰ ਸਿੰਘ ਦਾ ਉੱਤਰ ਸੀ :

ਆਸ਼ਕ ਆਸ਼ਕ ਸਭ ਕੋਈ ਆਖੇ ਸਿਰ ਟੇਢੀ ਪਗੜੀ ਧਰਕੇ ।
ਸਿਰੋਂ ਪਰੇ ਇਸ਼ਕ ਦਾ ਡੇਰਾ ਸਭ ਮੁੜ ਆਏ ਡਰ ਕੇ ।
ਇੱਜ਼ਤ, ਹੁਰਮਤ, ਲੋਕ ਲਜਿਆ, ਸਭ ਉਸ ਰਹਿਆ ਜਰਕੇ ।
ਮਹਿਬੂਬਾਂ ਦੇ ਮਹਿਲ ਬਿਹਾਰੀ ਕੋਟੀ ਵਿਰਲਾ ਪਹੁੰਚੇ ਮਰਕੇ ।

ਪ੍ਰੇਮ ਅਤੇ ਇੱਜ਼ਤ ਇਕੱਠੇ ਨਹੀਂ ਰਹਿੰਦੇ । ਸਤਿਗੁਰੂ ਨਾਲ ਜੇ ਪ੍ਰੇਮ ਦੀ ਗੱਲ ਹੋਵੇ ਤਾਂ ਇੱਜ਼ਤ ਬੰਦਾ ਘਰ ਹੀ ਛਡ ਕੇ ਆਵੇ । ਸਤਿਗੁਰੂ ਪ੍ਰਤਾਪ ਸਿੰਘ ਜੀ ਕਿਸੇ ਸੂਫੀ ਕਵੀ ਦੀਆਂ ਤੁਕਾਂ ਪੜ੍ਹਿਆ ਕਰਦੇ ਸਨ :

ਮਾਣ ਅਤੇ ਇੱਜ਼ਤ ਇਹ ਦੋਵੇਂ ਸਭੋ ਪ੍ਰੇਮੀ ਤਜਦੇ ।
ਉਹਨਾਂ ਪ੍ਰੇਮੀ ਕੀ ਅਖਵਾਨਾ ਜੋ ਇੱਜ਼ਤ ਵਲ ਭਜਦੇ ।

ਇਸ ਗੱਲ ਬਾਤ ਤੋਂ ਸਪੱਸ਼ਟ ਹੋਇਆ ਕਿ ਕਾਰੋਬਾਰੀ ਸੁਰਿੰਦਰ ਸਿੰਘ ਮਨਚੰਦਾ, ਜੁ ਲੁੜੀਂਦਾ ਪੜ੍ਹਿਆ ਲਿਖਿਆ ਵੀ ਹੈ, ਸਤਿਗੁਰੂ ਜੀ ਦੀ ਨੇੜਤਾ ਦੇ ਅਰਥ ਸਮਝਦਾ ਹੈ ।

ਮੈਂ ੧੦ ਵਜੇ ਕੋਠੀ ਪੂਸਾ ਰੋਡ ਪਹੁੰਚਿਆ । ਸਤਿਗੁਰੂ ਜੀ ਅਜੇ ਤਕ ਨਹੀਂ ਪਧਾਰੇ । ਲੰਗਰ ਵਲ ਝਾਤੀ ਮਾਰੀ ਤਾਂ

Sri Satguru Jagjit Singh Ji Elibrary NamdhariElibrary@gmail.com

ਬੀਬੀ ਸੁਰਜੀਤ ਕੌਰ ਸੁਪਤਨੀ ਸੰਤ ਸੁਖਦਰਸ਼ਨ ਸਿੰਘ, ਉਸ ਦੀ ਸੱਸ ਬੀਬੀ ਇੰਦਰ ਕੌਰ ਸੁਪਤਨੀ ਸਵ: ਮਾਸਟਰ ਚੰਦਾ ਸਿੰਘ, ਬੀਬੀ ਪ੍ਰੀਤਮ ਕੌਰ ਸੁਪਤਨੀ ਸੰਤ ਬਲਵੰਤ ਸਿੰਘ, ਬੀਬੀ ਕਿਰਪਾਲ ਕੌਰ ਸੁਪਤਨੀ ਸੰਤ ਕ੍ਰਿਪਾਲ ਸਿੰਘ ਅਤੇ ਬੀਬੀ ਹਰਬੰਸ ਕੌਰ ਸੁਪਤਨੀ ਸੰਤ ਚਰਨ ਸਿੰਘ ਲੰਗਰ ਪਾਣੀ ਵਾਸਤੇ ਜੁਟੀਆਂ ਹੋਈਆਂ ਸਨ। ਕੋਲ ਬੈਠੀ ੧੧/੧੦ ਪੂਸਾ ਰੋਡ ਕੋਠੀ ਦੀ ਮਾਲਕ ਬੀਬੀ ਮਹਿੰਦਰ ਕੌਰ ਸਤਿਗੁਰੂ ਪ੍ਰੇਮ ਵਿਚ ਰੰਗੀ ਹੋਈ ਸਬਜ਼ੀਆਂ ਚੀਰ-ਚਿਰਵਾ ਰਹੀ ਹੈ ਤੇ ਨਾਲ ਦੀਆਂ ਨੂੰ ਨਿਰਦੇਸ਼ਨ ਕਰ ਰਹੀ ਹੈ : ਤੁਸੀਂ ਚੌਲ ਧਰੋ, ਸੱਚੇ ਪਾਤਸ਼ਾਹ ਹੁਣੇ ਆਏ ਕਿ ਆਏ। ਮੈਨੂੰ ਵੇਖਦਿਆਂ ਹੀ ਉਸ ਟੋਕ ਲਈ : ਮੈਂ ਰਸਤੇ ਕਰਦੀ ਸਾਂ ਕਦੋਂ ਘਰ ਆਵਣਗੇ ਮੇਰੇ। ੫-੭ ਜਣੇ ਹੋਰ ਵੀ ਉਡੀਕ ਵਿਚ ਬੈਠੇ ਨਜ਼ਰ ਪਏ।

ਮੈਂ ਮਨ ਚਾਉ ਘਣੇਰਾ—

ਮੈਂ ਸਿੱਧਾ ਹੀ ਸਤਿਗੁਰੂ ਜੀ ਦੇ ਬੈਠਣ ਕਮਰੇ ਵਿਚ ਆ ਪਹੁੰਚਾ ਹਾਂ। ਸਾਫ਼ ਸਫ਼ਾਫ਼, ਬਾਦਾਮੀ ਰੰਗ ਦਾ ਫੁਲਦਾਰ ਕਾਲੀਨ, ਸਤਿਗੁਰੂ ਜੀ ਲਈ ਵਿਛਿਆ ਸੁੰਦਰ ਸਾਦਾ ਮੰਜਾ, ਉਪਰ ਸ਼ੇਰ ਮੂਰਤੀ ਛਪਿਆ ਚਮਕਦਾਰ ਬਸਤਰ, ਕੋਲ ਛੋਟੀ ਤਿਪਾਈ, ਸੁਨਹਿਰੀ ਵਿਛਾਈ ਉਤੇ ਸਟੀਲ ਦੀ ਗੜਵੀ ਅਤੇ ਨਾਲ ਹੀ ਇਕ ਫੁਲਦਾਨ ਵਿਚ ਤਾਜ਼ੇ ਤਾਜ਼ੇ ਗੁਲਾਬ ਦੇ ਫੁਲ: ਲਾਲ, ਪੀਲੇ, ਗੁਲਾਬੀ। ਮੰਜੇ ਦੀ ਸਾਹਮਣੀ ਬਾਹੀ ਹੇਠ, ਵਿਚਾਲੇ ਜਿਹੇ ਲੰਬੇ ਆਕਾਰ ਦੀ ਇਕ ਸੁਨਹਿਰੀ ਪੱਟੀ ਕਪੜੇ ਦੀ, ਉਪਰ ਦੋ ਜੋੜੇ ਸਲੀਪਰ—ਇਕ ਪੀਲੇ ਰੰਗ ਦਾ ਫ਼ਰਦਾਰ, ਦੂਜਾ ਕੋਕਾ ਕੋਲਾ ਕਲਰ ਦਾ ਫ਼ਰਦਾਰ। ਇਹਨਾਂ ਦੇ ਸਾਹਮਣੇ ਵੀ ਤਿੰਨ ਗੁਲਾਬ ਦੇ ਫੁਲ। ਸੁਸਜਿਤ ਮੰਜੇ ਦੇ ਲਾਗੇ ਫਰਸ਼ ਦਾ ਗਲੀਚਾ ਛਡ ਕੇ ਦੀਵਾਰ ਨਾਲ ਸੋਫਾ, ਕੁਰਸੀਆਂ, ਤਿਪਾਈਆਂ, ਸਭ ਸੁਨਹਿਰੀ ਬਸਤਰਾਂ ਨਾਲ ਸਜਦੇ। ਬਤੀਆਂ ਜਲਦੀਆਂ, ਪੱਖੇ ਧੀਮੇ ਧੀਮੇ ਚਲਦੇ ਤੇ ਇਕ ਪਿਆਰੀ ਜਿਹੀ ਸੁਗੰਧੀ।

ਇੰਜ, ਸਤਿਗੁਰੂ ਜੀ ਨਾਲ ਸੰਬੰਧਤ ਸਾਰੇ ਕਮਰਿਆਂ ਵਿਚ ਠਣੀ ਮਹਿੰਦਰ ਕੌਰ ਨੇ ਆਪਣੀਆਂ ਰੀਝਾਂ ਉਡੇਲ ਛਡੀਆਂ ਨ। ਪਰ ਸਤਿਗੁਰੂ ਜੀ ਤਾਂ ਗਿਆਰਾਂ ਵਜੇ ਤਕ ਵੀ ਨਹੀਂ ਾਏ!

ਤਨਾਂ ਖੁਸ਼ੀਓਂ—

ਅਤੇ ਬਾਰਾਂ ਵਜੇ ਤਕ ਉਡੀਕ ਮੈਂ ਸਤਿਗੁਰੂ ਪ੍ਰਤਾਪ ਸਿੰਘ ਸ਼ਾਪਿੰਗ ਸੈਂਟਰ ਚਲਾ ਗਿਆ। ਏਥੇ ਸੇਠ ਕਿਰਪਾਲ ਸਿੰਘ ਨਾਲ ਮਿਲਣ ਦਾ ਇਤਿਫ਼ਾਕ ਹੋਇਆ। ਇਨ੍ਹਾਂ ਨੇ ਹਸਦੇ ਹੋਏ ਦਸਿਆ : ਸ਼ਾਇਦ ਤੁਸਾਂ ਸਮਝ ਹੀ ਲਿਆ ਹੋਵੇ ਇਸ ਵਾਰ ਦਾ ਹੋਲਾ ਮੇਰੇ ਤੇ ਹੀ ਵਰ੍ਹਿਆ ਏ। ਸਤਿਗੁਰੂ ਜੀ ਨੇ ਫਰਮਾਇਆ ਸੀ ਕਿ ਭਾਵੇਂ ਕੋਈ ਕਿੰਨੇ ਮੇਲੇ ਕਰਵਾ ਲਵੇ, ਹੋਲੇ ਕਰਵਾ ਲਏ ਜੇ ਉਹ ਸਤਿਗੁਰੂ ਨੂੰ ਨਾ ਪਰਵਾਨ ਹੋਣ ਤਾਂ ਕਿਸ ਅਰਥ? ਕਿਰਪਾਲ ਸਿੰਘ ਹੁਰਾਂ ਦਸਿਆ ਕਿ ਉਹ ਪਿੰਡਾਲੋਂ ਬਾਹਰ ਬੈਠੇ ਸੁਣਦੇ ਰਹੇ ਤੇ ਕਿਸਮਤ ਤੇ ਹੱਸਦੇ ਰਹੇ। ਅਤੇ ਫਿਰ ਉਹਨਾਂ ਸਾਰੀ ਦੁਬਿਧਾ ਦੀ ਕਹਾਣੀ ਸੁਣਾਈ।

ਸੇਠ ਕਿਰਪਾਲ ਸਿੰਘ ਜੀ ਨੇ ਕਿਸੇ ਪਾਰਟੀ ਨੂੰ ਫੋਨ ਕੀਤਾ ਤਾਂ ਮੈਂ ਕੋਠੀ ਵੀ ਫ਼ੋਨ ਕਰਨ ਨੂੰ ਕਿਹਾ। ਕੋਠੀਓਂ ਪਤਾ ਲਗਾ ਕਿ ਸਤਿਗੁਰੂ ਜੀ ਪਹੁੰਚ ਚੁਕੇ ਹਨ ਅਤੇ ਅਸੀਂ ਦੋਵੇਂ ਹੀ ਸਕੂਟਰ ਫੜਕੇ ਕੋਠੀ ਪਹੁੰਚ ਗਏ।

ਖੁਲ੍ਹਾ, ਭੀੜਾ—

ਸਤਿਗੁਰੂ ਜੀ ਪ੍ਰਸ਼ਾਦ ਛਕ ਕੇ ਜਾਂ ਅੰਦਰੋਂ ਬਾਹਰ ਆਏ, ਆਪ ਜੀ ਨੇ ਸੁਚੇ ਕਪੜੇ ਪਹਿਨੇ ਹੋਏ ਸਨ। ਚਰਨੀਂ ਹੱਥ ਲਾਂਦਿਆਂ ਮੈਂ ਆਖਿਆ : ਆਪ ਖੁਲ੍ਹੇ ਤਾਂ ਨਾ ਹੋ ਜਾਓਗੇ? "ਖੁਲ੍ਹਾ ਹੀ ਹੋਵਾਂਗਾ ਨਾ, ਭੀੜਾ ਤਾਂ ਨਹੀਂ ਨ।" ਉਤਰ ਮਿਲਿਆ। ਏਨੇ ਨੂੰ ਡਾ: ਅਮਰ ਭਾਰਤੀ, ਸ: ਰਾਜਿੰਦਰ ਸਿੰਘ ਗਦੋਂ ਡੱਬ, ਸੰਤ ਹਜ਼ਾਰਾ ਸਿੰਘ ਮਾਫੀ, ਸ: ਸੁਰਜੀਤ ਸਿੰਘ ਯੂ. ਕੇ. ਗਿਆਨੀ ਜਸਵੰਤ ਸਿੰਘ ਆਦਿ ਹੋਰ ਵੀ ਕੁਝ ਸਰੀਰ ਬੈਠਣ ਕਮਰੇ ਵਿਚ ਪਹੁੰਚ ਚੁਕੇ ਸਨ। ਸਤਿਗੁਰੂ ਜੀ ਨੇ ਬੁੱਧੀਜੀਵੀਆਂ ਨਾਲ ਨੇਤਰ ਮਿਲਾਕੇ ਨਿਕੇ ਨਿਕੇ ਵਿਨੋਦ ਕਰਦਿਆਂ ਇਸ਼ਨਾਨ ਕਮਰੇ ਦਾ ਬੂਹਾ ਖੋਲ੍ਹਿਆ।

ਪ੍ਰਸ਼ਾਦ ਛਕਣ ਵਾਲੇ ਕਮਰੇ ਵਿਚ ਝਾਤ ਮਾਰੀ। ਮਾਤਾ ਜੀ ਵਿਛੇ ਹੋਏ ਮੰਜੇ ਉਤੇ ਬੈਠੇ ਹੋਏ ਸਨ। ਹੇਠਾਂ, ਗਲੀਚੇ ਉਤੇ ਬੀਬਾ ਜੀ ਤੇ ਬੀਬੀ ਨਰਿੰਦਰ ਬੈਠੇ ਹੋਏ ਸਨ। ਇਹਨਾਂ ਦੇ ਸਾਹਮਣੇ ਸ: ਸੁਰਿੰਦਰ ਸਿੰਘ ਮਨਚੰਦਾ, ਸੇਠ ਕਿਰਪਾਲ ਸਿੰਘ ਤੇ ਸ: ਸੁਰਜੀਤ ਸਿੰਘ ਗਲਬਾਤ ਕਰ ਰਹੇ ਸਨ।

ਸ: ਸੁਰਜੀਤ ਸਿੰਘ ਨੂੰ ਪੁੱਛਣ ਤੋਂ ਪਤਾ ਲਗਾ ਕਿ ਉਸ ਦੀ ਪਤਨੀ ਅਚਾਨਕ ਸਖਤ ਬਿਮਾਰ ਹੋ ਗਈ ਸੀ। ਇਸ ਕਾਰਨ ਹੋਲੇ ਤੇ ਪਹੁੰਚਕੇ ਦਰਸ਼ਨ ਨਹੀਂ ਕਰ ਸਕਿਆ। ਕਲ ਉਹ ਭੈਣੀ ਸਾਹਿਬ ਆ ਗਿਆ ਸੀ, ਅਜ ਸਤਿਗੁਰੂ ਜੀ ਦੀ ਪੀਜੋਂ ਡਰਾਈਵ ਕਰਕੇ ਏਥੇ ਲੈ ਆਇਆ ਹੈ।

੩ ਵਜ ਗਏ ਸਨ। ਸਤਿਗੁਰੂ ਜੀ ਆਪਣੇ ਆਰਾਮ

Sri Satguru Jagjit Singh Ji Elibrary NamdhariElibrary@gmail.com

ਕਮਰੇ ਵਿਚ ਜਾ ਕੇ ਬਿਰਾਜ ਗਏ। ਮੈਂ ਅਤੇ ਭਾਰਤੀ ਕੁਛ ਖਾਣ ਪੀਣ ਦੇ ਚੱਕਰ ਵਿਚ ਕਨਾਟ ਪਲੇਸ ਪਹੁੰਚ ਗਏ।

ਕਦੋਂ ਆਏ?

ਵਾਪਸੀ ਤੇ ੪:੧੫ ਵਜੇ ਆ ਕੇ ਡਿੱਠਾ। ਇਸ਼ਨਾਨ ਕਮਰੇ ਵਿਚ ਬਰਤਨ ਖੜਕ ਰਹੇ ਸਨ। ਮਾਤਾ ਜੀ ਦੇ ਕਮਰੇ ਵਿਚ ਗਿਆ। ਉਹਨਾਂ ਦੇ ਹੱਥ ਵਿਚ ਗੇਰੂਏ ਰੰਗ ਦੀ ਦਵਾਈ ਦੀ ਇਕ ਪੁੜੀ ਸੀ ਅਤੇ ਆਪ ਮਨਚੰਦਾ ਨੂੰ ਕਹਿ ਰਹੇ ਸਨ: ਕਿਸੇ ਟਰੱਕ ਦਾ ਪਤਾ ਕਰ, ਲੰਗਰ ਵਾਸਤੇ ਭੈਣੀ ਸਾਹਿਬ ੨੫ ਕੁਇੰਟਲ ਦਾਲ ਭੇਜਣੀ ਹੈ। ਮੈਂ ਪੁਛਿਆ: ਭੈਣੀ ਸਾਹਿਬੋਂ ਕਦੋਂ ਚਲੇ?

'ਸਵੇਰੇ, ਮਨੋਹਰ ਸਿੰਘ ਦੇ ਭਰਾ ਦਾ ਅਨੰਦ ਕਾਰਜ ਸੀ, ਉਹ ਕਰਵਾ ਕੇ ੭.੪੫ ਤੇ ਦਿੱਲੀ ਵਲ ਨੂੰ ਮੂੰਹ ਕਰ ਲਿਆ।'

'ਨਾਲ ਕੌਣ ਕੌਣ ਸੀ?'

'ਗੁੱਡੀ (ਬੀਬਾ ਜੀ), ਬੀ ਜੀ, ਬੀਬੀ ਨਰਿੰਦਰ, ਮਹਿੰਦਰ ਸਿੰਘ ਪੂਰਬਾ ਅਤੇ ਸਤਿਗੁਰੂ ਜੀ। ਡਰਾਈਵਰ ਸੁਰਜੀਤ ਸੀ। ਕੁਛ ਚਿਰ ਰੁਕ ਕੇ ਬੋਲੇ, 'ਹਾਂ ਸੱਚ ਨਾਲ ਅੰਬਾ (ਅਮਰਜੀਤ ਸਿੰਘ—ਭਤੀਜਾ) ਵੀ ਸੀ।

ਮੈਂ ਜਾਣਨਾ ਚਾਹਿਆ ਕਿ 'ਬੀ ਜੀ' ਸ਼ਬਦ ਕਿਦ੍ਹੇ ਲਈ ਵਰਤਿਆ ਗਿਆ ਹੈ। ਮਾਤਾ ਜੀ ਨੇ ਦਸਿਆ: ਬੇਬੇ (ਦਲੀਪ ਕੌਰ) ਜੀ ਨੂੰ ਬੀ ਜੀ ਕਿਹਾ ਜਾਂਦਾ ਹੈ। ਬੱਚੇ ਉਨ੍ਹਾਂ ਨੂੰ 'ਬੀ ਜੀ' ਕਹਿੰਦੇ ਹਨ ਅਸੀਂ ਵੀ ਇਹੋ ਕਹਿਣ ਦੇ ਆਦੀ ਹੋ ਗਏ।

ਸਚਮੁੱਚ ਮੈਨੂੰ ਅਜੇ ਤਕ ਪਤਾ ਨਹੀਂ ਸੀ।

ਇਸ਼ਨਾਨ ਆਪੇ ਹੀ—

੫ ਵਜ ਚੁਕੇ ਹਨ। ਦਰਸ਼ਨ ਕਮਰੇ ਵਿਚ ਸਤਿਗੁਰੂ ਜੀ ਦੀ ਇੰਤਜ਼ਾਰ ਵਿਚ ਬੈਠੇ ਹਨ: ਸੰਤ ਤੇਜਾ ਸਿੰਘ ਡੁਬਈ ਸੰਤ ਕਿਰਪਾਲ ਸਿੰਘ ਵਿਸ਼ਨੂ ਗਾਰਡਨ, ਸੰਤ ਸੁਰਜੀਤ ਸਿੰਘ ਸ਼ਾਮ ਨਗਰ, ਸ: ਦਲਜੀਤ ਸਿੰਘ ਨਾਗੀ, ਸ: ਰਘੁਬੀਰ ਸਿੰਘ। ਮਗਰਲੇ ਦੋਵੇਂ ਆਪਣੇ ਪਿਤਾ ਮਹੰਤ ਗੁਰਬਖਸ਼ ਸਿੰਘ ਜੀ ਨੂੰ ਗਾਂਧੀ ਨਗਰ ਵਿਚ ਦਰਸ਼ਨ ਦੇਣ ਹਿਤ ਸਤਿਗੁਰਾਂ ਨੂੰ ਬੇਨਤੀ ਕਰਨਾ ਚਾਹੁੰਦੇ ਹਨ। ਸੰਤ ਬਲਵੰਤ ਸਿੰਘ ਡਾਲਟਨ ਗੰਜ, ਸੰਤ ਪਿਆਰਾ ਸਿੰਘ ਅਤੇ ਸੰਤ ਗੁਰਚਰਨ ਸਿੰਘ ਮਲੂਵਾਲ ਵੀ ਦਰਸ਼ਨਾਂ ਦੇ ਚਾਹਵਾਨ ਹਨ।

ਮੇਰੇ ਪਾਸ ਸਤਿਗੁਰੂ ਜੀ ਦਾ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਆ ਬੈਠਾ। ਮੈਂ ਪੁਛਿਆ: ਅਜ ਕਲ੍ਹ ਸੰਤ ਕਿਰਪਾਲ ਸਿੰਘ ਝੱਬਰ ਨਜ਼ਰ ਨਹੀਂ ਪੈ ਰਿਹਾ। ਕਿਥੇ ਹੈ?

'ਉਹ ਯੂ. ਪੀ. ਵਿਚ ਉਸੇ ਦਿਨ ਦੇ ਚਲੇ ਗਏ ਹਨ ਜਦੋਂ ਦੀ ਉਨ੍ਹਾਂ ਦੀ ਨੂੰਹ ਗੁਜ਼ਰ ਗਈ ਹੈ।'

'ਫਿਰ ਅਜ ਕਲ ਸ੍ਰੀ ਹਜ਼ੂਰ ਦਾ ਇਸ਼ਨਾਨ ਕੌਣ ਕਰਵਾਂਦਾ ਹੈ?'

'ਮੈਂ ਹੀ।'

'ਪਰ ਤੁਸੀਂ ਤਾਂ ਏਥੇ ਹੋ, ਇਸ਼ਨਾਨ ਕਿਨ ਕਰਵਾਇਆ?'

'ਸਾਰੀ ਸਮੱਗਰੀ ਤਿਆਰ ਕਰਕੇ ਰੱਖ ਆਇਆਂ, ਜਲ ਭਰ ਆਇਆ ਹਾਂ। ਇਸ਼ਨਾਨ ਉਹਨਾਂ ਆਪ ਹੀ ਕਰ ਲਿਆ ਹੈ। ਅਤੇ ਕਈ ਵਾਰ ਇਸੇ ਤਰ੍ਹਾਂ ਹੋ ਜਾਂਦਾ ਹੈ।'

ਰਾਤ ਦੇ, ਬੰਬਈ ਨੂੰ ਜਾਣ ਲਈ, ਛੋਟੇ ਬੱਚਿਆਂ ਵਿਚੋਂ ਮੋਹਣ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ, ਸ਼ੇਰ ਸਿੰਘ ਦਿੱਲੀ ਵਿਚ ਪਹੁੰਚ ਚੁਕੇ ਹਨ। ਸ੍ਰੀ ਹਰਭਜਨ ਸਿੰਘ ਸਿਤਾਰ ਅਤੇ ਹਰਬੰਸ ਸਿੰਘ ਘੁੱਲਾ ਵੀ ਨਾਲ ਹੈ। ਇਸ਼ਨਾਨ ਪਾਣੀ ਕਰਕੇ, ਆਪਣੇ ਆਰਾਮ ਕਮਰੇ ਵਿਚ, ਕੁਝ ਸਮਾਂ ਸੇਠ ਸੁਰਿੰਦਰ ਸਿੰਘ ਡਾਲਟਨ ਗੰਜ ਨਾਲ ਗਲਬਾਤ ਕੀਤੀ। ਉਪਰੰਤ ਸ: ਸੁਰਿੰਦਰ ਸਿੰਘ ਮਨਚੰਦਾ ਨਾਲ ਵੀ ੧੦ ਮਿੰਟ ਲਾਏ। ਏਥੋਂ ਅਜੇ ਵਿਹਲੇ ਹੋਏ ਹੀ ਸਨ ਕਿ ਬਾਹਰ ਕਮਰੇ ਵਿਚ ਭਰਪੂਰ ਮਾਈਆਂ ਬੀਬੀਆਂ ਅਤੇ ਪੁਰਸ਼ਾਂ ਨੇ ਸ਼ਰਧਾ ਸਤਿਕਾਰ ਸੰਜੁਗਤ ਚਰਨੀਂ ਹੱਥ ਲਾ ਆਪ ਜੀ ਦਾ ਸੁਆਗਤ ਕੀਤਾ।

ਇਸ ਦੌਰਾਨ ਸਤਿਗੁਰੂ ਜੀ ਨੇ ਬੜੀ ਚੁਸਤੀ ਨਾਲ ਮੁਖ-ਆਕ੍ਰਿਤੀ ਨੂੰ ਦੋ ਵੱਖ ਵੱਖ ਸ਼ਕਲਾਂ ਵਿਚ ਬਦਲਕੇ ਮੈਨੂੰ ਕਿਹਾ: ਮੇਰਾ ਵਾਸਤਾ ਦੋਹਾਂ ਤਰ੍ਹਾਂ ਦੇ ਲੋਕਾਂ ਨਾਲ ਰਹਿੰਦਾ ਹੈ ਤੇ ਫੌਰਨ ਹੀ ਅਜਿਹਾਂ ਨੂੰ ਪਛਾਣਨਾ ਪੈਂਦਾ ਹੈ, ਜਿਨ੍ਹਾਂ ਦੇ ਸੁਭਾਅ ਸਾਧ ਸੰਗਤ ਨਾਲ ਨਹੀਂ ਮਿਲਦੇ।

ਰਘਬੀਰ ਸਿੰਘ ਨਾਲ ਪ੍ਰੇਮ—

ਖਲੇ ਖਲੋਤਿਆਂ ਹੀ ਸ: ਦਲਜੀਤ ਸਿੰਘ ਨਾਗੀ ਦਾ

Sri Satguru Jagjit Singh Ji Elibrary NamdhariElibrary@gmail.com

ਨਾਂ ਲੈ ਕੇ ਉਹਦਾ ਹਾਲ ਚਾਲ ਪੁਛਿਆ ਅਤੇ ਸਭਨਾਂ ਵਿਚੋਂ ਰਾਹ ਬਣਾਂਦੇ, ਬਾਹਰ, ਪੱਛਮੀ ਵਿਹੜੇ ਵਿਚ ਆ ਖਲੋਤੇ। ਏਥੇ ਵੀ ਸੰਗਤ ਇੰਤਜ਼ਾਰ ਵਿਚ ਸੀ। ਸ: ਰਘੁਬੀਰ ਸਿੰਘ ਸਪੁਤਰ ਸੰਤ ਪ੍ਰੇਮ ਸਿੰਘ ਨੇ ਅਰਜ਼ ਕੀਤੀ : ਦੀਨ ਦਿਆਲ, ਸਾਡੇ ਘਰ ਚਰਨ ਪਾਉਣ ਦੀ ਕ੍ਰਿਪਾ ਕਰੋ। ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਤੋਂ ਪਿਛੋਂ ਦਾ ਸਮਾਂ ਦਿਤਾ ਤੇ ਫਿਰ ਬੜੇ ਪ੍ਰੇਮ ਨਾਲ ਪੁਛਿਆ :

'ਤੇਰੇ ਪਿਤਾ ਦਾ ਕੀ ਨਾਂ ਹੈ ?'

'ਜੀ, ਪ੍ਰੇਮ ਸਿੰਘ।'

ਮੁਸਕਰਾ ਕੇ ਬਚਨ ਕੀਤਾ, 'ਮੈਂ ਕਹਾਂ ਇਹਦੀ ਸ਼ਕਲ ਸੂਰਤ ਤਾਂ ਮੇਰੇ ਕਿਸੇ ਜਾਣੇ ਪਛਾਣੇ ਨਾਲ ਮਿਲਦੀ ਹੈ, ਕੌਣ ਹੋਵੇ ? ਹੁਣ ਪਤਾ ਲਗਾ।'

ਫਿਰ ਪ੍ਰੇਮ ਸਿੰਘ ਹੁਰਾਂ ਦੀ ਸੁਖ ਅਨੰਦ ਪੁੱਛ ਕੇ ਫੁਰਮਾਇਆ : ਹੱਛਾ ਬਈ ਰਘੁਬੀਰ, ਤੂੰ ਇਹ ਦੱਸ ਕਿ ਇਹ ਪੱਗ ਤੂੰ ਕਦੋਂ ਤੋਂ ਸਿੱਧੀ ਕਰਨੀ ਹੈ।

'ਸੱਚੇ ਪਾਤਸ਼ਾਹ ਜਦੋਂ ਆਪ ਦੀ ਕਿਰਪਾ ਹੋ ਗਈ।'

'ਇਸਦਾ ਮਤਲਬ ਤਾਂ ਮੁਕੰਮਲ ਜਵਾਬ ਹੈ।' ਸਤਿਗੁਰੂ ਜੀ ਸਮਝਾਇਆ : ਮੈਂ ਵੀ ਕਹਿ ਸਕਦਾ ਹਾਂ ਕਿ ਜਦੋਂ ਤੇਰੀ ਕਿਰਪਾ ਹੋਈ ਤੇਰੇ ਘਰ ਚਲਾ ਜਾਵਾਂਗਾ।...ਵੇਖ, ਪਤਾ ਨਹੀਂ ਤੈਨੂੰ ਇਹ ਆਖਣ ਨੂੰ ਕਿਉਂ ਜੀ ਕੀਤਾ ਹੈ, ਇਹ ਕੋਲ ਹੀ ਖਲਾ ਹੈ ਦਲਜੀਤ ਸਿੰਘ। ਇਸ ਨੂੰ ਕਹਿਣ ਨੂੰ ਅਜੇ ਮਨ ਨਹੀਂ ਮੰਨਿਆ।' ਚਲਦੀ ਗੱਲੇ ਸਤਿਗੁਰਾਂ ਬਚਨ ਕੀਤਾ : ਚੰਗਾ, ਜੇ ਤੂੰ ਅਜੇ ਨਿਸਚਿਤ ਨਹੀਂ ਕਰ ਸਕਦਾ ਤਾਂ ਸਵੇਰੇ ਸਹੀ। ਆਸਾ ਦੀ ਵਾਰ ਰਮੇਸ਼ ਨਗਰ ਲਗਣੀ ਹੈ। ਕੇਸੀ ਇਸ਼ਨਾਨ ਕਰਕੇ ਆ ਜਾਵੀਂ। ਫੇਰ, ਤੂੰ ਮੈਨੂੰ ਦਸੀਂ, ਮੈਂ ਤੈਨੂੰ ਦਸਾਂਗਾ। ਮੇਰਾ ਦਾਅ ਵੀ ਉਦੋਂ ਭਰਦਾ ਹੈ ਜਦੋਂ ਕੋਈ ਮੇਰੇ ਕੋਲ ਅਜਿਹੀ ਮੰਗ ਲੈ ਕੇ ਆਵੇ। ਹੱਸੇ ਸਤਿਗੁਰੂ ਜੀ, 'ਤੂੰ ਵੀ ਕਹਿੰਦਾ ਹੋਵੇਂਗਾ ਕਿਥੇ ਲਿਆ ਫਸਾਇਆ ਦਲਜੀਤ ਨੇ।'

ਸਿਖ ਨੇ ਸਿਰ ਝੁਕਾ ਕੇ ਕਿਹਾ : ਦੀਨਾ ਬੰਧੂ, ਆਪ ਜੀ ਦੇ ਦਰਸ਼ਨ ਹੀ ਤਾਂ ਸਾਡੀ ਜ਼ਿੰਦਗੀ ਨੇ, ਫਸਣ ਫਸਾਣ ਵਾਲੀ ਕਿਹੜੀ ਗੱਲ। ਮੈਂ ਤਿੰਨ ਸਾਲ ਤੋਂ ਆਪ ਜੀ ਨੂੰ ਅਰਜ਼ ਕਰਨ ਲਈ ਫਿਰ ਰਿਹਾ ਹਾਂ, ਅੱਜ ਹੀ ਕਿਤੇ ਜਾ ਕੇ ਆਪ ਨੂੰ ਕਹਿ ਸਕਿਆ।

ਖਾਸ ਵਿਅਕਤੀਆਂ, ਖਾਸ ਗਲਾਂ—

ਏਨੇ ਚਿਰ ਨੂੰ ਸੰਤ ਬਲਵੰਤ ਸਿੰਘ ਡਾਲਟਨ ਗੰਜ ਆ ਗਏ। ਉਹਨਾਂ ਕੋਈ ਅਰਜ਼ ਕਰਨੀ ਚਾਹੀ ਕਿ ਸੁਰਿੰਦਰ ਸਿੰਘ ਮਨਚੰਦਾ ਨੇ ਆਣ ਆਖਿਆ : ਸੱਚੇ ਪਾਤਸ਼ਾਹ ਖਾਂ ਸਾਹਿਬ ਦਾ ਨੰਬਰ ਨਹੀਂ ਮਿਲ ਰਿਹਾ—ਭਾਵ, ਡਾਇਲ ਨਹੀਂ ਹੋ ਰਿਹਾ। ਸਤਿਗੁਰੂ ਜੀ ਨੇ ਫ਼ਰਮਾਇਆ, ਮੇਰੇ ਵਲ ਤਕ ਕੇ, 'ਨਹੀਂ ਮਿਲ ਰਿਹਾ ਤਾਂ ਮੇਰੀ ਡਾਇਰੀ 'ਚੋਂ ਵੇਖ ਲੈ (ਵਿਨੋਦ ਨਾਲ 'ਮਿਲ ਰਿਹਾ' ਦੀ ਦੋ ਅਰਥਾਂ ਵਿਚ ਵਰਤੋਂ ਕੀਤੀ)। ਸਤਿਗੁਰੂ ਜੀ ਉਸਤਾਦ ਅਮਜਦ ਅਲੀ ਖਾਂ ਨਾਲ ਫੋਨ ਸੰਪਰਕ ਚਾਹੁੰਦੇ ਹਨ। ਪਰ ਸਵਾ ਚਾਰ ਵਜੇ ਉਹਨਾਂ ਦਾ ਸ਼ਾਗਿਰਦ ਹਵਾਈ ਟਿਕਟ ਏਥੋਂ ਲੈ ਕੇ ਉਹਨਾਂ ਨੂੰ ਹਵਾਈ ਅੱਡੇ ਉਤੇ ਦੇਣ ਜਾ ਚੁਕਾ ਸੀ। ਸਤਿਗੁਰੂ ਜੀ ਉਸ ਨੂੰ ਵੀ ਮਿਲਣਾ ਚਾਹੁੰਦੇ ਸਨ।

ਤਦ ਨੂੰ ਸ: ਸੁਰਿੰਦਰ ਸਿੰਘ ਆਗਿਆ ਲੈ ਕੇ ਚਲਾ ਗਿਆ। ਸਤਿਗੁਰੂ ਜੀ ਨੇ ਸੰਤ ਬਲਵੰਤ ਸਿੰਘ ਨੂੰ ਇਸ਼ਾਰਾ ਕੀਤਾ ਕਿ ਉਹ ਜੋੜਾ ਪਹਿਨਕੇ ਉਹਨਾਂ ਦੇ ਪਿਛੇ ਪਿਛੇ ਆਵੇ ਫਿਰ ਸੰਤ ਬਲਵੰਤ ਸਿੰਘ ਤੇ ਸ: ਸੁਰਿੰਦਰ ਸਿੰਘ ਡਾਲਟਨ ਗੰਜ ਹਜ਼ੂਰ ਦੇ ਮਗਰ ਮਗਰ ਉਪਰਲੀ ਛਤੇ ਜਾਣ ਲਈ ਪੌੜੀਆਂ ਚੜ੍ਹ ਗਏ।

੬.੧੦ ਸ਼ਾਮੀਂ ਹੇਠਾਂ ਉਤਰੇ। ਜਲ ਪਾਨ ਤੇ ਫਲੋਹਾਰ ਕੀਤਾ ਅਤੇ ਫਿਰ ਤੇਜ਼ੀ ਨਾਲ ਕੋਠੀ ਦੇ ਲੌਂਜ ਵਿਚ ਸਤਿਗੁਰੂ ਜੀ ਪਹੁੰਚੇ। ਏਥੇ ਸ: ਹੰਸਪਾਲ ਤੇ ਹਿੰਦੂ ਜੈਂਟਲਮੈਨਾਂ ਨਾਲ ਇੰਤਜ਼ਾਰ ਵਿਚ ਸੀ। ਸ: ਸੁਲੱਖਣ ਸਿੰਘ ਵਾਈਸ ਪ੍ਰੈਜ਼ੀਡੈਂਟ ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ: ਕਰਤਾਰ ਸਿੰਘ ਸੋਖੀ ਆਦਿ ਹੋਰ ਸੱਜਣ ਵੀ ਏਥੇ ਮੌਜੂਦ ਸਨ। ਸਤਿਗੁਰੂ ਜੀ ਇਹਨਾਂ ਨਾਲ ਬਚਨ ਬਿਲਾਸ ਕਰਦੇ ਰਹੇ।

ਜਗਾਧਰੀ ਦਾ ਭਾਪਾ—

ਤਦ ਨੂੰ ਇਕ ਨੀਲੀ ਪੱਗ ਵਾਲੇ 'ਭਾਪੇ' ਨੇ, ਜੋ ਜਗਾਧਰੀ ਤੋਂ ਆਇਆ ਦਸਦਾ ਸੀ, ਆ ਨਮਸਕਾਰ ਕੀਤੀ। ਸਤਿਗੁਰੂ ਜੀ ਨੂੰ ਕੋਈ ਬੇਨਤੀ ਕਰਨੀ ਚਾਹੀ। ਵਖਰਿਆਂ 'ਚੋਂ ਹਜ਼ੂਰ ਨੇ ਮੈਨੂੰ ਅਤੇ ਗੁਰਭਜਨ ਸਿੰਘ ਨੂੰ ਸੱਦ ਕੇ 'ਭਾਪੇ' ਦੀ ਗੱਲ ਸੁਣਨ-ਸਮਝਣ ਲਈ ਆਗਿਆ ਕੀਤੀ।

ਸਿੰਘ ਨਾਲ ਗੱਲ ਕਰਨ ਤੋਂ ਪਤਾ ਲਗਾ ਕਿ ਉਸ ਦਾ ਨਾਮ ਕਿਸ਼ਨ ਸਿੰਘ ਹੈ। ਉਸ ਨੇ ਲੜਕੀ ਦੀ ਸ਼ਾਦੀ ਕਰਨੀ

Sri Satguru Jagjit Singh Ji Elibrary NamdhariElibrary@gmail.com

ਹੈ। ਸਹਾਇਤਾ ਦੀ ਲੋੜ ਹੈ। ਉਹ ਆਪ ਸ਼ਬਦ ਕੀਰਤਨ ਕਰਦਾ ਹੈ। ਅਸਾਂ ਉਸ ਨੂੰ ਸਮਝਾਇਆ ਕਿ ਨਾ ਤਾਂ ਉਸ ਨੂੰ ਸਾਡੇ ਵਿਚੋਂ ਕੋਈ ਨਿਜੀ ਤੋਰ ਤੇ ਜਾਣਦਾ ਹੈ ਅਤੇ ਨਾ ਹੀ ਨਾਮਧਾਰੀ ਵਿਆਹ ਸ਼ਾਦੀਆਂ ਲਈ ਜਾਂ ਦਹੇਜ ਲਈ ਖਰਚ ਦਿੰਦੇ ਲੈਂਦੇ ਹਨ। ਪਰ ਜੇ ਇਹ ਪਰਵਾਨ ਕਰੇ ਤਾਂ ਭੈਣੀ ਸਾਹਿਬ ਜਾ ਕੇ ਵਿਆਹ ਕਰਨ ਦਾ ਦੋਹਾਂ ਧਿਰਾਂ ਲਈ ਖਰਚਾ ਗੁਰੂ ਘਰ ਆਪਣੇ ਜ਼ਿਮੇਂ ਲੈ ਸਕਦਾ ਹੈ। ਕਿਸ਼ਨ ਸਿੰਘ ਦਾ ਕਹਿਣ ਸੀ : ਮੈਨੂੰ ਸੌ ਦੋ ਸੌ ਰੁਪਏ ਦੀ ਹੀ ਲੋੜ ਹੈ ਜੋ ਦੇ ਦਿਤਾ ਜਾਵੇ।

ਜਾਂ ਸਤਿਗੁਰੂ ਜੀ ਨੂੰ ਜਾ ਕੇ ਮਾਜਰਾ ਦਸਿਆ ਤਾਂ ਉਹਨਾਂ ਸੰਤ ਮਹਿੰਦਰ ਸਿੰਘ ਪੂਰਬਾ ਨੂੰ ਬੁਲਾਕੇ ੧੦੦/- ਸਾਨੂੰ ਦਿਵਾ ਦਿਤਾ ਤਾਕਿ ਸਿੰਘ ਨੂੰ ਦੇ ਆਈਏ। ਸਿੰਘ ਨੂੰ ਦਸਿਆ ਕਿ ਮਰਿਆਦਾ ਉਲੰਘ ਕੇ ਸੌ ਰੁਪਿਆ ਦਿਤਾ ਜਾ ਰਿਹਾ ਹੈ ਤਾਂ ਉਹ ਰੁਪੈ ਲੈ ਕੇ ਹੱਥ ਜੋੜਦਾ, ਕ੍ਰਿਤਗਯਤਾ ਪਰਗਟ ਕਰਦਾ ਚਲਾ ਗਿਆ।

ਬੱਚਿਆਂ ਨਾਲ—

ਸੁਰਿੰਦਰ ਸਿੰਘ ਸੁਮਨ ਨੇ ਆਪਣੇ ਉਸਤਾਦ ਸ੍ਰੀ ਦਲੀਪ ਚੰਦ ਬੇਦੀ ਨੂੰ ੬ ਵਜੇ ਤਕ ਲਿਆਉਣਾ ਸੀ, ਉਹਨਾਂ ਤੋਂ ਸੰਗੀਤ ਜਾਂ ਇਸ ਕਲਾ ਬਾਰੇ ਸੁਣਨ ਲਈ ਪਰ ਉਹ ਸਮੇਂ ਸਿਰ ਨਾ ਆਏ ਤਾਂ ਉਡੀਕ ਕੇ ਬੱਚਿਆਂ ਤੋਂ ਸੰਗੀਤ ਸੁਣਨਾ ਸ਼ੁਰੂ ਕਰ ਦਿਤਾ। ਸਭ ਤੋਂ ਪਹਿਲਾਂ ਸੁਖਵਿੰਦਰ ਸਿੰਘ ਪਿੰਕੀ ਤੋਂ ਕੱਲਾ ਤਬਲਾਵਾਦਨ ਸੁਣਿਆ। ਭਾਈ ਨਿਹਾਲ ਸਿੰਘ ਪਖਾਵਜੀ ਆਪਣੇ ਬਾਲ ਸ਼ਾਗਿਰਦ ਦੀ ਕੀਤੀ ਮਿਹਨਤ ਤੇ ਖੁਸ਼ ਹੋ ਰਿਹਾ ਸੀ। ਸੁਖਦੇਵ ਸਿੰਘ ਪਿੰਕੀ ਦਾ ਵਡਾ ਭਰਾ ਨਗਮਾ ਵਜਾ ਰਿਹਾ ਸੀ। ਸਤਿਗੁਰੂ ਜੀ ਇਸ ਦੌਰਾਨ ਧਿਆਨ ਭਰਪੂਰ ਸੁਣਦਿਆਂ, ਦੂਜੇ, ਕੁਝ ਜ਼ਰੂਰੀ ਸਿਖਾਂ ਨਾਲ ਵਾਰਤਾਲਾਪ ਵੀ ਕਰਦੇ ਰਹੇ।

੮ ਵਜੇ ਆਪ ਸੰਗੀਤਕਾਰ ਬਚਿਆਂ ਨੂੰ ਧਮਾਰ ਵਿਚ ਮੰਗਲਾਚਰਨ ਕਰਨ ਦੀ ਜਾਚ ਸਿਖਾ ਰਹੇ ਸਨ ਕਿ ਸੁਰਿੰਦਰ ਸਿੰਘ ਸੁਮਨ ਨੂੰ ਬੁਲਾ ਲਿਆ ਗਿਆ। ਉਸ ਨੇ ਦਸਿਆ ਕਿ ਆਦੇਸ਼ ਸਮਝ ਨਾ ਸਕਣ ਕਰਕੇ ਉਹ ਬੇਦੀ ਜੀ ਨੂੰ ਨਾਲ ਨਹੀਂ ਲਿਆ ਸਕਿਆ। ੨-੪-੭੮ ਨੂੰ ੩-੩੦ ਵਜੇ ਤਕ ਪੂਸਾ ਰੋਡ ਕੋਠੀ ਵਿਖੇ ਬੇਦੀ ਜੀ ਦਾ ਫਿਰ ਲਿਆਉਣਾ ਨਿਸ਼ਚਿਤ ਹੋਇਆ।

ਸ੍ਰੀ ਸੁਰਿੰਦਰ ਸਿੰਘ ਸੁਮਨ ਨੇ ਮੁਰਕੀਦਾਰ ਸੁਰੀਲੀ ਆਵਾਜ਼ ਵਿਚ ਇਕ ਸ਼ਬਦ ਵੀ ਸੁਣਾਇਆ। ਸੰਗੀਤ ਦੇ ਜਾਣਕਾਰ ਉਸ ਦੀ ਸੁਰ ਵੰਡ ਤੇ ਮੁਗਧ ਹੁੰਦੇ ਹਨ।

ਵੀਕਲੀ ਦੀ ਸ਼ਲਾਘਾ —

ਇਸ ਹਫਤੇ ਦੇ ਅੰਗਰੇਜ਼ੀ ਪੱਤਰ ਇਲੱਸਟਰੇਟਿਡ ਵੀਕਲੀ ਵਿਚ ਇਕ ਲੇਖ ਛਪਿਆ ਜਿਸ ਵਿਚ ਸਾਇੰਸ ਦੇ ਅਕਾਰਥ ਤਜਰਬਿਆਂ ਦਾ ਵਿਰੋਧ ਸੀ। ਇਸਤਰੀ ਲੇਖਕ 'ਉਸ਼ਾ' ਨੇ ਫੋਟੋਗਰਾਫ ਦੇ ਕੇ ਵਿਖਾਇਆ ਸੀ ਕਿ ਜਿਉਂਦੇ ਚੂਹਿਆਂ ਦੇ ਢਿਡ ਪਾੜ ਕੇ, ਕਿਵੇਂ ਨਿਰਮਮ ਤਰੀਕੇ ਨਾਲ ਮੇਖਾਂ ਲਾ ਕੇ ਉਨ੍ਹਾਂ ਨੂੰ ਖੋਰੜਾਂ ਨਾਲ ਚਮੋੜਿਆ ਜਾਂਦਾ ਹੈ, ਕਿਵੇਂ ਉਹਨਾਂ ਨੂੰ ਰੋਗੀ ਬਣਾਕੇ ਮੁੜ ਜੀਵਨ-ਮਰਨ ਦੇ ਗੇੜ ਵਿਚ ਪਾਇਆ ਜਾਂਦਾ ਹੈ। ਕੁਲ ਮਿਲਾਕੇ ਇਹ ਲੇਖ ਅਹਿੰਸਕ ਵ੍ਰਿਤੀਆਂ ਨੂੰ ਪ੍ਰੋਤਸਾਹਨ ਦਿੰਦਾ ਅਤੇ ਹਿੰਸਕ ਕਾਰੋਬਾਰਾਂ ਨੂੰ ਨਿੰਦਦਾ ਸੀ। ਸ੍ਰੀ ਸਤਿਗੁਰੂ ਜੀ ਨੇ ਇਸ ਲੇਖ ਨੂੰ ਪੜ੍ਹਕੇ ਆਗਿਆ ਕੀਤੀ ਕਿ ਇਸ ਦੇ ਲੇਖਕ ਅਤੇ ਪ੍ਰਕਾਸ਼ਕ ਨੂੰ ਉਹਨਾਂ ਦੇ ਇਸ ਉਦਮ ਲਈ ਸ਼ਲਾਘਾ ਪੱਤਰ, ਨਾਮਧਾਰੀ ਦਰਬਾਰ ਵਲੋਂ ਲਿਖਿਆ ਜਾਏ।

ਨਾਮਧਾਰੀ ਦਰਬਾਰ ਦੇ ਸਕੱਤਰ ਸ: ਹਰਵਿੰਦਰ ਸਿੰਘ ਹੰਸਪਾਲ ਨੂੰ ਉਹ ਪਰਚਾ ਦੇ ਕੇ ਆਗਿਆ ਪਾਲਣ ਹਿਤ ਕਹਿ ਦਿਤਾ ਗਿਆ।

ਖਾਂ ਸਾਹਿਬ ਦੀ ਵਿਨਮਰਤਾ —

ਸਤਿਗੁਰੂ ਜੀ ਨੇ ਮੇਰੇ ਨਾਲ ਇਕ ਬਚਨ ਸਾਂਝਾ ਕੀਤਾ : ਉਸਤਾਦ ਵਲਾਇਤ ਖਾਂ ਸਾਹਿਬ ਨੂੰ ਭੈਣੀ ਸਾਹਿਬ ਬੁਲਾਣ ਵਾਸਤੇ ਪੰਜ ਹਜ਼ਾਰ ਰੁਪਿਆ ਛੋਟੇ ਕਾਕੇ (ਉਦੈ ਸਿੰਘ) ਨੂੰ ਦੇ ਕੇ ਡੇਹਰਾਦੂਨ ਭੇਜਿਆ ਸੀ। ਖਾਂ ਸਾਹਿਬ ਦੀ ਸੰਗੀਤ ਭੇਟਾ ੧੦,੦੦੦/- ਹੈ। ਉਹਨਾਂ ਨੇ ੫੦੦੦/- ਲੈਣ ਤੋਂ ਇਨਕਾਰ ਕਰ ਦਿਤਾ। ਕਹਿਣ ਲੱਗੇ : ਮੈਂ ਉਸ਼ ਤੀਰਥ ਸਥਾਨ ਤੇ ਫੀਸ ਲੈ ਕੇ ਜਾਂ ਫ਼ੀਸ ਲੈਣ ਜਾਵਾਂ, ਇਹ ਨਹੀਂ ਹੋ ਸਕਦਾ! ਜਦੋਂ ਕਾਕੇ ਨੇ ਮੇਰੀ ਆਗਿਆ ਅਤੇ ਇੱਛਾ ਦਾ ਜ਼ਿਕਰ ਕੀਤਾ ਤਾਂ ਉਹਨਾਂ ਬਾਖੁਸ਼ੀ ਪ੍ਰਵਾਨ ਕਰ ਲਿਆ।

੮.੫੦ ਰਾਤ ਤਕ ਬੰਬਈ ਜਾਣ ਵਾਲੇ ਹੋਰ ਬਹੁਤ ਸਾਰੇ ਆ ਗਏ। ਜਿਹਨਾਂ 'ਚੋਂ ਮੈਂ ਬੀਬੀ ਪ੍ਰੀਤਮ ਕੌਰ ਢੱਟੀਆਂ, ਬਲਦੇਵ ਸਿੰਘ ਸਪੁਤਰ ਸੰਤ ਬਲੀ ਸਿੰਘ, ਸ੍ਰੀ ਜਗਜੀਤ ਨਗਰ, ਸੰਤ ਬਲੀ ਸਿੰਘ ਖੁਦ, ਸੰਤ ਮਹਿੰਦਰ ਸਿੰਘ ਲਾਂਗਰੀ ਨੂੰ ਹੀ ਜਾਣਦਾ ਹਾਂ।

Sri Satguru Jagjit Singh Ji Elibrary NamdhariElibrary@gmail.com

ਕੱਲ ਦਾ ਪ੍ਰੋਗਰਾਮ—

ਸੁਰਿੰਦਰ ਸਿੰਘ ਸੁਮਨ ਨਾਲ ਪ੍ਰੋਗਰਾਮ ਤੈ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਦਸਿਆ : ਆਸਾ ਦੀ ਵਾਰ ਸਵੇਰੇ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿਚ ਲਗੇਗੀ, ਉਸ ਦੀ ਸਮਾਪਤੀ ੬.੩੦ ਵਜੇ ਤਕ ਹੋ ਜਾਵੇ। ਏਥੋਂ ਦਰਯਾ ਗੰਜ ਸੰਤ ਪ੍ਰੇਮ ਸਿੰਘ ਦੇ ਘਰ ਜਾਇਆ ਜਾਵੇਗਾ (ਜਿਸ ਬਾਰੇ ਅਰਜ਼ ਕੁਝ ਹੀ ਸਮਾਂ ਪਹਿਲਾਂ ਸ: ਰਘੁਬੀਰ ਸਿੰਘ ਨੇ ਕੀਤੀ ਸੀ)। ਇਸ ਤੋਂ ਪਿਛੋਂ ਗਾਂਧੀ ਨਗਰ ਪਹੁੰਚਣਾ ਹੈ ਮਹੰਤ ਗੁਰਬਖਸ਼ ਸਿੰਘ ਦੀ ਖਬਰਗੀਰੀ ਨੂੰ ਅਤੇ ੧੧ ਵਜੇ ਤਕ ਏਥੇ ਵਾਪਸੀ ਹੋ ਜਾਵੇਗੀ। ਫਿਰ ਇਸ਼ਨਾਨ, ਪ੍ਰਸ਼ਾਦ ਪਾਣੀ ਅਤੇ ਆਰਾਮ। ੨ ਵਜੇ ਤਕ ਸੇਠ ਤਿਰਲੋਕ ਸਿੰਘ ਜੀ ਨਾਲ ਜਾ ਕੇ ਕਿਸੇ ਹੋਰ ਵਿਅਕਤੀ ਨੂੰ ਮਿਲਣਾ ਹੈ। ਫਿਰ ੩ ਤੋਂ ਦਲੀਪ ਚੰਦ ਬੇਦੀ ਜੀ ਨੂੰ ਸੁਣਿਆਂ ਜਾ ਸਕੇਗਾ। ਇਹਨਾਂ ਨੂੰ ਬੱਚੇ ਵੀ ਸੁਣਾਣੇ ਹਨ। ਉਪ੍ਰੰਤ ੫ ਤੋਂ ੭ ਤਕ ਰਮੇਸ਼ ਨਗਰ ਵਿਖੇ ਨਾਮ ਸਿਮਰਨ ਅਤੇ ਕੀਰਤਨ।

੧੧ ਅਪ੍ਰੈਲ ੧੯੭੮ ਸ਼ਨੀਵਾਰ
ਨਵੀਂ ਦਿੱਲੀ

ਖਿਆਲ ਸੀ ਪਰਵਾਰ ਨਾਲ ਮਿਲ ਕੇ ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਾਂਗਾ ਪਰ ਰਾਤੀਂ ਸੌਂਦਿਆਂ ਬਹਿੰਦਿਆਂ ਨੂੰ ਹੀ ੧੨ ਵਜ ਗਏ। ਸਵੇਰੇ ੬ ਵਜੇ ਹੀ ਅੱਖਾਂ ਖੁਲ੍ਹੀਆਂ। ਦਰਸ਼ਨ ਅਤੇ ਕੀਰਤਨ ਤੋਂ ਮਹਿਰੂਮ ਰਹਿ ਗਏ।

ਕੋਠੀ ਪੂਸਾ ਰੋਡ ਵਿਖੇ—

ਜਦੋਂ ੧੦ ਵਜੇ ਮੈਂ ਅਤੇ ਜਗਦੀਸ਼ ਸਿੰਘ ਆਫ 'ਵਰਿਆਮ' ੧੧/੧੦ ਪੂਸਾ ਰੋਡ ਪਹੁੰਚੇ (ਸ੍ਰੀ ਜਗਦੀਸ਼ ਸਿੰਘ ਬੰਬਈ ਜਾਣ ਵਾਸਤੇ ਅੱਜ ਸਵੇਰੇ ਹੀ ਦਿਲੀ ਪੁੱਜਾ ਹੈ) ਤਾਂ ਸਤਿਗੁਰੂ ਜੀ ਕੋਠੀ ਵਿਖੇ ਹੀ ਸਨ। ਸੰਤ ਮਹਿੰਦਰ ਸਿੰਘ ਪੂਰਬਾ ਤੋਂ ਪਤਾ ਲਗਾ ਕਿ ਕਲ੍ਹ ਦੇ ਤੈ ਕੀਤੇ ਪ੍ਰੋਗਰਾਮ ਮੁਤਾਬਕ ਸਤਿਗੁਰੂ ਜੀ ਆਸਾ ਦੀ ਵਾਰ ਪਿਛੋਂ ਦਰਯਾ ਗੰਜ ਜਾਂ ਗਾਂਧੀ ਨਗਰ ਨਹੀਂ ਪਧਾਰੇ ਕਿਉਂਕਿ ਇਹਨਾਂ ਸਿਖਾਂ ਵਲੋਂ ਸ: ਹਰਵਿੰਦਰ ਸਿੰਘ ਹਥੀਂ ਸੁਨੇਹਾ ਮਿਲ ਗਿਆ ਸੀ ਕਿ ਜਦੋਂ ਸਤਿਗੁਰੂ ਜੀ ਬੰਬਈ ਤੋਂ ਵਾਪਸ ਪਰਤਣਗੇ ਤਦੋਂ ਦਰਸ਼ਨਾਂ ਲਈ ਬੇਨਤੀ ਕਰਾਂਗੇ।

ਸਤਿਗੁਰੂ ਜੀ ਨੇ ਇਕ ਵਿਸ਼ਿਸ਼ਟ ਵਿਅਕਤੀ ਦਾ ਜ਼ਿਕਰ ਕਰਦਿਆਂ ਮੈਨੂੰ ਦਸਿਆ : ਜੋ ਬਚਨ ਦੇ ਕੇ ਮੇਰੇ ਨਾਲ ਤੁਰਿਆ ਸੀ, ਉਸ ਤੋਂ ਬਹੁਤ ਦੂਰ ਚਲਾ ਗਿਆ ਹੈ। ਬਾਹਰੋਂ ਅਸੀਂ ਇਕ ਦੂਜੇ ਨੂੰ ਜੋ ਮਰਜ਼ੀ ਕਹਿ ਲਈਏ ਪਰ ਅੰਦਰਲੀਆਂ ਦੂਰਾਈਆਂ ਵਧ ਗਈਆਂ ਹਨ।

ਕੋਈ ਖਾਸ ਗੱਲ—

ਬਾਹਰ ਸੇਠ ਕਿਰਪਾਲ ਸਿੰਘ ਹੁਰੀਂ, ਥੱਲੇ ਵਿਛੇ ਸਤਿਗੁਰੂ ਜੀ ਦੇ ਆਸਣ ਪਾਸ ਖਲੋਤੇ ਸਨ। ਸਤਿਗੁਰੂ ਜੀ ਨੇ ਆ ਕੇ ਸ: ਸੇਵਾ ਸਿੰਘ ਨਾਮਧਾਰੀ ਏਜੰਸੀ ਨੂੰ ਬੁਲਾ ਲਿਆ ਪੌਣੇ ਗਿਆਰਾਂ ਵਜੇ ਸਾਨੂੰ ਬੈਠਣ ਕਮਰੇ ਨੂੰ ਤਿਆਗ ਜਾਣ ਦੀ ਆਗਿਆ ਹੋਈ। ਸਤਿਗੁਰੂ ਜੀ ਨੇ ਸੇਠ ਕਿਰਪਾਲ ਸਿੰਘ ਸੇਵਾ ਸਿੰਘ ਹੁਰਾਂ ਨਾਲ ਖਾਸ ਗੱਲਬਾਤ ਕਰਨੀ ਸੀ। ਸੰਤ ਮਹਿੰਦਰ ਸਿੰਘ ਪੂਰਬਾ, ਸ: ਜਗਦੀਸ਼ ਸਿੰਘ 'ਵਰਿਆਮ' ਮੈਂ ਅਤੇ ਦੋ ਚਾਰ ਹੋਰ ਜਣੇ ਬਾਹਰ ਆ ਗਏ। ਸਤਿਗੁਰੂ ਜੀ ਨੇ ਜਿਨ੍ਹਾਂ ਦੇ ਹੁੰਦਿਆਂ ਗੱਲਬਾਤ ਕਰਨੀ ਸੀ : ਮਾਸਟਰ ਨਿਹਾਲ ਸਿੰਘ ਅਤੇ ਠਾਕੁਰ ਉਦੈ ਸਿੰਘ, ਜੇ ਕੋਈ ਹੋਰ ਕੋਲ ਹੋਵੇ ਤਾਂ ਪਤਾ ਨਹੀਂ। ਗੱਲਬਾਤ ਕਰਦਿਆਂ ਅੱਧਾ ਘੰਟਾ ਹੋ ਗਿਆ। ਹੁਣ ਸਤਿਗੁਰਾਂ ਭੋਜਨ ਵਾਸਤੇ ਇਸ਼ਨਾਨ ਕਰਨਾ ਹੈ।

ਬੰਬਈ ਨੂੰ ਕੌਣ ?

ਜਦੋਂ ਅਸੀਂ ਲੰਗਰ ਵਲ ਹੋਏ ਤਾਂ ਸੰਤ ਸੁਖਦਰਸ਼ਨ ਸਿੰਘ ਅਤੇ ਸ: ਹਰਮੀਤ ਸਿੰਘ ਢੱਡਾ ਡੀਲੱਕਸ ਅਤੇ ਬੰਬਈ ਅੰਕਸ ਪ੍ਰੈਸ ਵਾਸਤੇ ਰੀਜ਼ਰਵ ਹੋਏ ਸਰੀਰਾਂ ਦੇ ਨਾਂ ਨੋਟ ਕਰ ਰਹੇ ਸਨ :

੧. ਬੀਬੀ ਗੁਰਮੀਤ ਕੌਰ ਸੁਪਤਨੀ ਸ੍ਰੀ ਗੁਰਦੇਵ ਸਿੰਘ ਸਰੋਦ।
੨. ਸ੍ਰੀ ਸਚਿੰਦਰ ਸਿੰਘ ਸਪੁੱਤਰ ਸੰਤ ਸੁਖਦਰਸ਼ਨ ਸਿੰਘ।
੩. ਸ੍ਰੀ ਜਤਿੰਦਰ ਪਾਲ ਸਿੰਘ (ਇਹ ਨਹੀਂ ਗਿਆ, ਸਰੋਦ ਦਾ ਲਾਡੀ ਗਿਆ)।
੪. ਸ: ਰਾਜਿੰਦਰ ਸਿੰਘ ਗੋਂਦੋਂ ਢੋਬ
੫. ਸ੍ਰੀ ਹਜ਼ੂਰ ਸਿੰਘ ਚੰਦਰਹਾਂਸ (ਸੇਠ)
੬. ਸ੍ਰੀ ਸੁਰਜੀਤ ਸਿੰਘ ਸਾਰੰਗੀ ਵਿਦਿਆਰਥੀ ਦਿੱਲੀ

Sri Satguru Jagjit Singh Ji Elibrary NamdhariElibrary@gmail.com

੭. ਭਾਈ ਨਿਹਾਲ ਸਿੰਘ ਜੋੜੀਵਾਲਾਂ

੮. ਸੰਤ ਹਜ਼ਾਰਾ ਸਿੰਘ ਮਾਛੀ

੯. ਸ੍ਰੀ ਸ਼ੇਰ ਸਿੰਘ ਜੋੜੀਵਾਲਾ

੧੦. ਮਹੰਤ ਪਾਲਾ ਸਿੰਘ

੧੧. ਸ੍ਰੀ ਬਲਦੇਵ ਸਿੰਘ ਕਾਕੂ ਭੈ: ਸਾ:

੧੨. ਬੀਬੀ ਪ੍ਰੀਤਮ ਕੌਰ ਦਿੱਲੀ

੧੩. ਸ੍ਰੀ ਮੋਹਣ ਸਿੰਘ ਭੈ: ਸਾ:

੧੪. ਸੰਤ ਖਜ਼ਾਨ ਸਿੰਘ ਰਾਗੀ. ਨਾਭਾ

੧੫. ਸੰਤ ਮਹਿੰਦਰ ਸਿੰਘ ਦਮਦਮਾ (ਲਾਂਗਰੀ)

੧੬. ਪ੍ਰੋ: ਸੁਖਬੀਰ ਸਿੰਘ ਗੁਲਾਟੀ, ਦਿਲੀ

੧੭. ਸ: ਜਗਦੀਸ਼ ਸਿੰਘ 'ਵਰਿਆਮ' ਜਲੰਧਰ

੧੮. ਬੀਬੀ ਸੁਰਿੰਦਰ ਕੌਰ ਸੁਪਤਨੀ ਸੰਤ ਪਿਆਰਾ ਸਿੰਘ ਦਿੱਲੀ

੧੯. ਬੀਬੀ ਇੰਦਰ ਕੌਰ ਸੁਪੱਤਨ ਸਵ: ਮਾ: ਚੰਦਾ ਸਿੰਘ ਦਿੱਲੀ

੨੦. ਪ੍ਰੀਤਮ ਸਿੰਘ ਕਵੀ

ਦੋ ਤਿੰਨ ਮਿੰਟ ਘਟ ੧੨ ਵਜੇ ਜਾਂ ਮੈਂ ਸਤਿਗੁਰਾਂ ਦੇ ਬੈਠਣ ਕਮਰੇ ਵਿਚ ਗਿਆ ਤਾਂ ਸਤਿਗੁਰੂ ਜੀ ਨੂੰ ਕਿੰਨੀ ਸਾਰੀ ਸੰਗਤ ਵਿਚ ਘਿਰੇ ਅਭਿਵਾਦਨ ਪ੍ਰਾਪਤ ਕਰਦਿਆਂ ਵੇਖਿਆ। ਏਨੇ ਚਿਰ ਨੂੰ ਬੀਬੀਆਂ ਦਾ ਇਕ ਤਕੜਾ ਜਥਾ ਨਮਸਕਾਰ ਕਰਨ ਹਿਤ ਅੰਦਰ ਆ ਵੜਿਆ। ਸਤਿਗੁਰੂ ਜੀ ਤੇਜ਼ੀ ਨਾਲ ਗੁਰਭਜਨ ਸਿੰਘ ਨਾਮਧਾਰੀ ਟਰੈਵਲਰਜ਼ ਨੂੰ ਨਾਲ ਲੈ ਕੇ ਬਾਹਰਲੇ ਬੂਹੇ ਪਾਸ ਜਾ ਖਲੋਤੇ। ਵਿਚਾਰ-ਵਟਾਂਦਰਾ ੫-੭ ਮਿੰਟ ਕਰਕੇ ਜ਼ਰਾ ਕੁ ਬਾਹਰ ਹੋਏ ਤਾਂ ਸੰਗਤ ਦਾ ਇਕ ਸਮੂਹ ਨਮਸਕਾਰ ਕਰਨ ਹਿਤ ਫੇਰ ਉਲਰਿਆ।

ਬਸ ਤੋਂ ਜਹਾਜ਼

ਸਵਾ ਬਾਰਾਂ ਵਜੇ ਮੈਂ ਅਗਲੀ ਤਿਆਰੀ ਕਰਨ ਹਿਤ ਬੱਸ ਤੇ ਚੜ੍ਹਕੇ ਚਲਿਆ ਹੀ ਸਾਂ, ਕਿ ਚਲਦੀ ਬਸ ਦੇ ਪਾਸ ਸਕੂਟਰ ਸਵਾਰ ਹੋਵੇ ਗੁਰਭਜਨ ਸਿੰਘ ਅਤੇ ਜਵਾਹਰ ਸਿੰਘ ਆ ਮਿਲੇ ਅਤੇ ਮੈਨੂੰ ਉਤਰਨ ਵਾਸਤੇ ਕਿਹਾ। 'ਸੁਖ ਹੋਵੇ ਸਹੀ' ਮੈਂ ਸੋਚਿਆ। ਬਸ ਰੁਕਵਾ ਕੇ ਉਤਰਿਆ। ਏਸ ਭਜ ਦੌੜ ਦਾ ਕਾਰਨ ਪੁਛਿਆ।

'ਤੁਸੀਂ ਏਸ ਗੱਡੀ ਨਹੀਂ ਜਾਣਾ।' ਗੁਰਭਜਨ ਸਿੰਘ ਬੋਲਿਆ।

'ਕਿਉਂ ? ਮੇਰੇ ਨਾਲ ਤਾਂ ਗੁਰਦੇਵ-ਪਤਨੀ ਤੇ ਬੱਚੇ ਜਾ ਰਹੇ ਨੇ, ਉਹਨਾਂ ਦਾ ਕੀ ਬਣੇਗਾ ?'

'ਹੋਰ ਵੀਹ ਸਵਾਰੀਆਂ ਜਾ ਰਹੀਆਂ ਹਨ, ਕਿਸੇ ਨਾਲ ਐਡਜਸਟ ਕਰ ਦਿਓ।'

ਮੈਂ ਜ਼ੋਰ ਦੇ ਕੇ ਪੁਛਿਆ : ਏਡੀ ਕਿਹੜੀ ਵਜਹ ਹੋ ਗਈ ?

'ਤੁਸਾਂ ਰਲ੍ਹ ੯ ਵਜੇ ਹਵਾਈ ਜਹਾਜ਼ ਤੇ ਜਾਣਾ ਹੈ।

ਹੱਦ ਹੋ ਗਈ। ਸਤਿਗੁਰੂ ਜੀ ਆਪ ਸੁਪਰਫਾਸਟ ਰੇਲ ਤੇ ਸਫਰ ਕਰ ਰਹੇ ਹਨ, ਸਾਡੇ ਲਈ ਹਵਾਈ ਉਡਾਣ ਦਾ ਪ੍ਰਬੰਧ ਹੋ ਗਿਆ ਹੈ। ਅਸਲ ਵਿਚ ਸਤਿਗੁਰਾਂ ਦਾ ਮਨ ਮੇਰੇ ਲਈ ਹਵਾਈ ਜਹਾਜ਼ ਦੇ ਸਫਰ ਦਾ ਓਦੋਂ ਤੋਂ ਹੀ ਬਣ ਗਿਆ ਸੀ ਜਦੋਂ ਲਈ ਸੰਗੀਤਕਾਰਾਂ ਲਈ ਹਵਾਈ ਟਿਕਟਾਂ ਦਾ ਫਰੀ ਪ੍ਰਬੰਧ ਕੀਤਾ ਗਿਆ ਸੀ। ਹਰਭਜਨ ਸਿੰਘ (ਸਿਤਾਰ) ਅਜ ਸਵੇਰੇ ੬ ਵਜੇ ਦੀ ਫਲਾਈਟ ਤੇ ਬੰਬਈ ਪਹੁੰਚਿਆ ਹੈ। ਸਤਿਗੁਰੂ ਜੀ ਨੇ ਆਪਣੇ ਸਹਿਯੋਗੀ ਨੂੰ ਕਿਹਾ ਸੀ : ਗਾਉਣਾ ਤਾਂ ਕਵੀ ਹੁਰਾਂ ਨੂੰ ਵੀ ਆਉਂਦਾ ਹੈ, ਇਹ ਵੀ ਕਿਉਂ ਨਾ ਹਵਾਈ ਜਹਾਜ਼ ਤੇ ਜਾਣ ? ਓਦੋਂ ਤਾਂ ਆਪ ਜੀ ਨੇ ਵਿਨੋਦ ਨਾਲ ਹੀ ਕਿਹਾ ਸੀ ਪਰ ਅਜ ਵਿਨੋਦ ਨੂੰ ਵਿਆਹ ਦਿਤਾ, ਅਰਥਾਤ ਅਮਲਾ ਦਿਤਾ ਹੈ।

ਮੈਂ ਏਨਾ ਕੁ ਸੁਣ ਕੇ ਫਿਰ ਰਮੇਸ਼ ਨਗਰ ਆ ਗਿਆ ਅਤੇ ਗੁਰਦੇਵ ਸਿੰਘ ਦੀ ਪਤਨੀ ਅਤੇ ਬੱਚਿਆਂ ਨੂੰ ਉਹਦੇ ਸਾਂਢੂ ਸੁਰਜੀਤ ਸਿੰਘ ਅਤੇ ਸਚਿੰਦਰ ਸਿੰਘ ਦੇ ਜ਼ਿੰਮੇ ਲਾ ਕੇ ੨.੧੫ ਵਜਦੇ ਨੂੰ ਫਿਰ ਕੋਠੀ ਪਰਤ ਆਇਆ।

੨.੩੦ ਵਜੇ ਤਕ ਮੈਨੂੰ ਪਤਾ ਲਗ ਗਿਆ ਕਿ ਸ੍ਰੀ ਸਤਿਗੁਰੂ ਜੀ ਵੀ ਸੁਪਰਫਾਸਟ ਰੇਲਵੇ ਤੇ ਨਹੀਂ ਜਾ ਰਹੇ, ਬੰਬਈ ਲਈ ਹਵਾਈ ਜਹਾਜ਼ ਦੀਆਂ ਟਿਕਟਾਂ ਦਾ ਪ੍ਰਬੰਧ ਕਰਵਾ ਰਹੇ ਹਨ।

(ਚਲਦਾ)

Sri Satguru Jagjit Singh Ji Elibrary NamdhariElibrary@gmail.com

WITH BEST COMPLIMENTS FROM :

Harbhajan Sarbjeet & Associates

CIVIL ENGINEERING CONTRACTORS

Head office :
562/6 Ramgarh Colony
Kanpur Road, LUCKNOW-5 (U.P.)
Phone : 51510.

Administrative office :
2, S B H officers colony
Jalna Road,
AURANGABAD-431001
(Maharashtra)
Phone : 3587.

Works in Hand :

Construction of Paithan Right bank Canal
Jayakwadi Project
AURANGABAD (M S.)
Costing Rs. 3 20 Crores

Construction of Central Railways Project
In between Karjat & Lonavala (Bombay)
Costing Rs. 1.13 Crores

Construction of Waranga Tunnel
2.5 km long & Canal Works on Upper
Penganga Project
NANDED (M.S.)
Costing Rs. 4.50 Crores

Sri Satguru Jagjit Singh Ji Elibrary NamdhariElibrary@gmail.com

Registered NW/JL—97
MONTHLY WARIAM Dec., Jan , 1983
Registered with the registerar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸ੍ਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

ਅਸ਼ੋਕਾ ਬਿਸਕੁਟ

PHONES 565693
212667

ਵਪਾਰਕ ਜਾਣਕਾਰੀ ਲਈ ਸੰਪਰਕ:

Sri Hari Partap Trading Centre
6-7 A SAROJANI PARK, SHASTRI NAGAR, DELHI-31

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ, ਹੈਦਰਾਬਾਦ (ਏ.ਪੀ.)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com